ਗ਼ਦਰ ਪਾਰਟੀ ਦੇ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ


ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼

ਤਰਕਸ਼ੀਲ

TARKSHEEL

ਨਵੰਬਰ-ਦਸੰਬਰ 2013
Nov.-Dec. 2013


ਲਾਲਾ ਹਰਦਿਆਲ


ਬਾਬਾ
ਸੋਹਣ ਸਿੰਘ ਭਕਨਾ


ਸ਼ਹੀਦ
ਕਰਤਾਰ ਸਿੰਘ ਸਰਾਭਾ


ਗ਼ਦਰੀ ਗੁਲਾਬ ਕੌਰ


ਰਹਿਮਤ ਅਲੀ
ਵਜ਼ੀਦ ਕੇ

20/-

ਅੰਤਰ ਝਾਤ :

ਮਾਨਵਤਾ ਦੀਆਂ ਅੱਧੀਆਂ ਬੁਰਾਈਆਂ ਦੀ ਜੜ੍ਹ ਅਗਿਆਨਤਾ ਹੈ : ਲਾਲਾ ਹਰਦਿਆਲ

.ਗਦਰ ਦੀ ਲੋੜ

ਗਏ ਸੀ ਵਿਦੇਸ਼ਾਂ 'ਚ ਕਿਰਤ ਕਰਕੇ, ਛਿੱਲੜ ਕਮਾਉਣ ਨੂੰ।
ਝੱਲੀ ਨਾ ਨਮੋਸ਼ੀ ਵਤਨਾਂ ਨੂੰ ਮੁੜ ਪਏ, .ਗਦਰ ਮਚਾਉਣ ਨੂੰ ॥
ਲੋਕਾਂ ਉੱਤੇ ਟੈਕਸਾਂ ਦਾ ਬੋਝ ਲੱਦਿਆ, ਨਹੀਂ ਤਰਸ ਖਾਂਵਦੇ ।
ਦੜ ਵੱਟ ਜਿਉਣ ਮਜਬੂਰ ਭਾਰਤੀ, ਗੋਰੇ ਇਹੋ ਚਾਂਹਵਦੇ ॥
'ਅੱਗ ਲੈਣ ਆਈ ਘਰ ਵਾਲੀ ਬਣ ਗਈ', ਗਿੱਦੜਾਂ ਦੀ ਡਾਰ ਬਈ ।
ਜਾਗੀ ਨਾ ਅਣਖ ਬਹਿ ਗਏ, ਸਿਰ ਸੁੱਟ ਕੇ, ਕਾਹਦੇ ਸਿਰਦਾਰ ਬਈ ॥
ਬੜਾ ਸੀ ਸਿਆਣਾ ਸੋਹਣ ਸਿੰਘ ਭਕਨਾ, ਜੋ ਪਹਿਲਾ ਪ੍ਰਧਾਨ ਸੀ ।
ਉਮਰ ਨਿਆਣੀ ਦਾ ਸਰਾਭਾ ਗੱਭਰੂ ਵੀ, ਪਾਰਟੀ ਦੀ ਸ਼ਾਨ ਸੀ ॥
ਘੱਲੇ ਸੀ ਪੈਗਾਮ ਦੇਸ਼ ਤੇ ਵਿਦੇਸ਼ 'ਚ, ਕਰਕੇ ਵਿਚਾਰ ਨੇ ।
ਲੁੱਟੀਏ ਖਜ਼ਾਨਾ ਜੋ ਵਿਲਾਇਤ ਭੇਜਦੇ, ਲੈਣੇ ਹਥਿਆਰ ਨੇ ॥
ਸਿਰਾਂ ਉੱਤੇ ਬੰਨ੍ਹ ਕੇ ਕੱਫਣ ਤੁਰ ਪਓ, ਪਊ .ਗਦਰ ਕਰਨਾ ।
ਫਾਂਸੀ ਵਾਲੇ ਰੱਸੇ ਗਲ ਪਾਉਣੇ ਪੈਣਗੇ, ਜੇਲ੍ਹੀ ਪਊ ਸੜਨਾ ॥
ਫੌਜਾਂ ਨੂੰ ਫਿਰੰਗੀ ਨੇ ਹੁਕਮ ਚਾੜ ਤੇ, ਜੇਲ੍ਹਾਂ ਵਿੱਚ ਤੁੰਨ ਦਿਓ ।
ਵਾਸੀ ਜੋ ਵੀ ਹਿੰਦ ਦਾ ਬਗਾਵਤ ਕਰੇ, ਗੋਲੀਆਂ ਨਾਲ ਭੁੰਨ ਦਿਓ ॥
ਜਲਾਵਤਨੀ ਤੇ ਕੋਈ ਜੇਲ੍ਹੀ ਸੜ੍ਹਿਆ, ਸਿਦਕੋਂ ਨਾ ਹਾਰਿਆ ।
ਕਈ ਯੋਧੇ ਕਾਲੇ ਪਾਣੀਆਂ 'ਚ ਘੱਲ ਤੇ, ਕੋਈ ਫਾਹੇ ਚਾੜ੍ਹਿਆ ॥
ਜੇਲ੍ਹਾਂ ਵਿੱਚ ਅੰਨ੍ਹਾ ਸੀ ਜ਼ੁਲਮ ਝੱਲਿਆ, ਰਹੇ ਖ਼ੂਨ ਖ਼ੌਲਦੇ ।
ਫਾਂਸੀ ਵਾਲੇ ਰੱਸੇ ਪਾਏ ਗਲਾਂ 'ਚ ਜਦੋਂ, ਜਿੰਦਾਬਾਦ ਬੋਲਦੇ ॥
ਅੱਜ ਵੀ ਮਨੁੱਖਤਾ ਦੀ ਰੁੱਤ ਡੁੱਲ੍ਹਦੀ, ਅੱਖਾਂ ਨਾਲ ਤੱਕ ਲਓ ।
ਸੂਰਵੀਰ .ਗਦਰੀ ਜੋ ਜਿੰਦ ਵਾਰ ਗਏ, ਚੇਤਿਆਂ 'ਚ ਰੱਖ ਲਓ ॥
ਜਲ, ਜੰਗਲ, ਜ਼ਮੀਨ ਵੇਚਦੇ, ਹਾਕਮ ਜੋ ਦੇਸ਼ ਦੇ ।
ਕਾਲਾ ਧਨ ਆਪਣਾ ਉਹ ਜਮ੍ਹਾਂ ਕਰਦੇ, ਬੈਂਕਾਂ 'ਚ ਵਿਦੇਸ਼ ਦੇ ॥
ਧਰਮ ਤੇ ਫਿਰਕੇ ਲੜਾਈ ਜਾਂਵਦੇ, ਆਪੋ ਵਿੱਚ ਲੋਕਾਂ ਨੂੰ ।
ਵੋਟਾ ਪਾ ਕੇ ਭੋਲੇ ਲੋਕ ਨੇ ਬਿਠਾਂਵਦੇ, ਗੱਦੀਆਂ 'ਤੇ ਜੋਕਾਂ ਨੂੰ ॥
ਤੁਰ ਪਓ ਮਸ਼ਾਲ ਚੇਤਨਾ ਦੀ ਫੜਕੇ, ਸਾਡਾ ਦੇਸ਼ ਗਹਿਣੇ ਆ ।
ਲੈਣੀ ਜੇ ਆਜ਼ਾਦੀ ਭਗਤ ਸਰਾਭੇ ਦੀ, ਸਿਰ ਦੇਣੇ ਪੈਣੇ ਆ ॥
ਐਵੇਂ ਨਹੀਂ ਸ਼ਹੀਦ ਲੋਕੀ ਕਹਿੰਦੇ ਕਿਸੇ ਨੂੰ, ਪੈਂਦਾ ਸੂਲੀ ਚੜ੍ਹਨਾ ।
ਲੁੱਟ ਤੋਂ ਜੇ ਰਹਿਤ ਸਮਾਜ ਲੋੜਦੇ, ਪਊ .ਗਦਰ ਕਰਨਾ ॥

ਵਿੰਦਰ ਠੀਕਰੀਵਾਲਾ

ਮਾਨਵਤਾ ਦੇ ਪੈਰੀਂ ਛਣਕਦੀ
ਜ਼ੰਜ਼ੀਰ ਹਾਲੇ ਵੀ,
ਉੱਠ, ਬਦਲੀ ਨਹੀਂ ਵਤਨ ਦੀ
ਤਕਦੀਰ ਹਾਲੇ ਵੀ

ਮੁੱਖ ਸੰਪਾਦਕ
ਬਲਬੀਰ ਲੌਂਗੋਵਾਲ
98153-17028
balbirchand1966@gmail.com

ਸੰਪਾਦਕੀ ਮੰਡਲ
ਰਾਮ ਸਵਰਨ ਲੱਖੇਵਾਲੀ
94173-62085
ramswarn@gmail.com

ਜਸਵੰਤ ਮੋਹਾਲੀ
98555-30721
jaswant_mohali@rediffmail.com

ਪਾਲ ਬਾਗਪੁਰ
94173-13738

ਜਸਵੰਤ ਜੀਰਖ
98151-69825

-: ਮੁੱਖ ਪ੍ਰਬੰਧਕ :-
ਸੁਖਵਿੰਦਰ ਬਾਗਪੁਰ, 94174-27538

ਵਿਦੇਸ਼ੀ ਪ੍ਰਤੀਨਿਧ :
ਅਵਤਾਰ ਗਿੱਲ, ਕੈਨੇਡਾ
ਨਵਦੀਪ, ਲੈਸਟਰ (ਯੂ.ਕੇ.)
ਮਾ. ਭਜਨ ਸਿੰਘ ਕੈਨੇਡਾ
ਬਲਦੇਵ ਰਹਿਪਾ, ਟਰਾਂਟੋ

ਚੰਦਾ
ਸਲਾਨਾ : 100/- ਰੁਪਏ
ਵਿਦੇਸ਼ : 25 ਯੂ.ਐਸ. ਡਾਲਰ

ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ: 0044000100282234

ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :
ਮੁੱਖ ਦਫਤਰ ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ,
ਤਰਕਸ਼ੀਲ ਚੌਂਕ, ਬਰਨਾਲਾ-148101 (ਪੰਜਾਬ)
ਫੋਨ: 01679-241466

ਰਾਜਿੰਦਰ ਭਦੌੜ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ (ਤਰਫੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਅੱਪੂ ਆਰਟ ਪ੍ਰੈਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ (ਬਰਨਾਲਾ) ਪੰਜਾਬ ਤੋਂ ਜਾਰੀ ਕੀਤਾ।

ਤਤਕਰਾ

ਕੰਪੋਜ਼ਿੰਗ:
ਨੀਰਜ ਕੁਮਾਰ 84277-55241

ਇਹ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ, (ਚੰਡੀਗੜ੍ਹ) ਮਿਤੀ 17-1-94 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।

ਸੰਪਾਦਕੀ

ਮੁਜੱਫਰ ਨਗਰ ਤੋਂ ਆਰੰਭ ਹੋ ਕੇ ਉੱਤਰ ਪ੍ਰਦੇਸ਼ ਦੇ ਕਈ ਜ਼ਿਲ੍ਹਿਆਂ ਵਿੱਚ ਫਿਰਕੂ ਸ਼ਕਤੀਆਂ ਵੱਲੋਂ ਲਗਾਤਾਰ ਫੈਲਾਈਆਂ ਅਫਵਾਹਾਂ, ਜਹਿਰੀਲੇ ਪ੍ਰਚਾਰ ਅਤੇ ਫਰਜ਼ੀ ਵੀਡਿਓ ਦੀਆਂ ਜਨਤਕ ਪੇਸ਼ਕਾਰੀਆਂ, ਜਿਸ ਵਿੱਚ ਇੱਕ ਬਹੁਗਿਣਤੀ ਮੁਸਲਿਮ ਭੀੜ ਵੱਲੋਂ ਇੱਕ ਹਿੰਦੂ ਨੌਜਵਾਨ ਨੂੰ ਮਾਰਦੇ ਵਿਖਾਇਆ ਗਿਆ, ਦੇ ਸਿੱਟੇ ਵਜੋਂ ਪਨਪੇ ਤਣਾਅ ਅਤੇ ਨਫ਼ਰਤ ਭਰੇ ਮਾਹੌਲ ਵਿੱਚੋਂ ਉਪਜੇ ਫਿਰਕੂ ਦੰਗਿਆਂ ਵਿੱਚ 50 ਤੋਂ ਵੱਧ ਬੇਗੁਨਾਹ ਲੋਕਾਂ ਦਾ ਕਤਲ ਹੋਇਆ ਹੈ। ਪੁਲਿਸ ਮੁਤਾਬਕ ਕਿਸੇ ਹੋਰ ਦੋ ਸਾਲ ਪੁਰਾਣੀ ਘਟਨਾ ਦੀ ਝੂਠੀ ਵੀਡਿਓ ਸੋਸ਼ਲ ਨੈੱਟਵਰਕਿੰਗ ਸਾਇਟਾਂ ਅਤੇ ਮੋਬਾਇਲ ਫੋਨਾਂ ਰਾਹੀਂ ਵੱਡੇ ਪੱਧਰ ਤੇ ਪ੍ਰਸਾਰੀ ਗਈ। ਇਸ ਵੀਡਿਓ ਨੂੰ ਅਪਲੋਡ ਕਰਨ ਵਾਲਾ ਭਾਜਪਾ ਦਾ ਇੱਕ ਵਿਧਾਇਕ ਸੀ। ਰਿਪੋਰਟਾਂ ਸਪੱਸ਼ਟ ਕਰਦੀਆਂ ਹਨ ਕਿ ਇੰਨ੍ਹਾਂ ਘਟਨਾਵਾਂ ਨੂੰ ਦੰਗਿਆਂ ਦੀ ਥਾਂ, ਯੋਜਨਾਬੱਧ ਢੰਗ ਨਾਲ ਕੀਤਾ ਗਿਆ ਘੱਟ ਗਿਣਤੀਆਂ ਦਾ ਕਤਲੇਆਮ ਕਹਿਣਾ ਵਧੇਰੇ ਤਰਕਸੰਗਤ ਹੈ। ਇਹ ਸਭ ਕੁੱਝ ਗੁਜਰਾਤ ਦੀ ਤਰਜ ਤੇ ਵਾਪਰਿਆ। ਔਰਤਾਂ ਨੂੰ ਦਰਿੰਦਗੀ ਨਾਲ ਕਤਲ ਕੀਤਾ ਗਿਆ ਅਤੇ ਬਲਾਤਕਾਰ ਦਾ ਸ਼ਿਕਾਰ ਬਣਾਇਆ ਗਿਆ। 'ਟਾਈਮਜ ਆਫ ਇੰਡੀਆ' ਨੇ ਦੰਗਿਆਂ ਵਿੱਚ ਮਾਰੇ ਗਏ 53 ਲੋਕਾਂ ਦੀਆਂ ਲਾਸ਼ਾਂ ਦਾ ਪੋਸਟ ਮਾਰਟਮ ਕਰਨ ਵਾਲੇ ਡਾਕਟਰਾਂ ਦੇ ਹਵਾਲੇ ਨਾਲ ਲਿਖਿਆ ਹੈ ਕਿ ਜਿਸ ਵਹਿਸ਼ੀ ਢੰਗ ਨਾਲ ਹੱਤਿਆਵਾਂ ਕੀਤੀਆਂ ਗਈਆਂ ਉਨ੍ਹਾਂ ਨੂੰ ਵੇਖ ਕੇ ਡਾਕਟਰ ਵੀ ਕੰਬ ਉੱਠੇ। ਕਈ ਔਰਤਾਂ ਦੇ ਤਾਂ ਗੁਪਤ ਅੰਗ ਵੀ ਕੱਟੇ-ਵੱਢੇ ਪਾਏ ਗਏ। ਪੁਲਿਸ, ਪ੍ਰਸ਼ਾਸਨ ਮੂਕਦਰਸ਼ਕ ਬਣਿਆ ਰਿਹਾ। ਸੈਂਟਰ ਫਾਰ ਪਾਲਿਸੀ ਅਨਾਲਿਸਿਸ ਵੱਲੋਂ ਗਠਿਤ ਮੁਜੱਫਰਨਗਰ ਫੈਕਟ ਫਾਇਡਿੰਗ ਕਮੇਟੀ ਦੇ ਮੈਂਬਰ ਹਰਸ਼ ਮੰਦਰ ਕਹਿੰਦੇ ਹਨ, 'ਦੰਗੇ ਹੁੰਦੇ ਨਹੀਂ, ਕਰਾਏ ਜਾਂਦੇ ਹਨ। ਇਹ ਮੇਰਾ ਆਪਣਾ 1984 ਦੇ ਦਿੱਲੀ ਦੰਗਿਆਂ, 1992 ਵਿੱਚ ਬਾਬਰੀ ਮਸਜਿਦ ਢਾਹੇ ਜਾਣ ਉਪਰੰਤ ਹੋਏ ਦੰਗਿਆਂ ਅਤੇ 2002 ਦੇ ਗੁਜਰਾਤ ਦੰਗਿਆਂ ਦਾ ਅਨੁਭਵ ਹੈ।' ਫਾਸੀਵਾਦੀ ਟੋਲੇ, ਚੋਣਾਂ ਦੇ ਨੇੜੇ ਹੋਣ ਕਾਰਣ, ਫਿਰਕੂ ਤੌਰ ਤੇ ਸੰਵੇਦਨਸ਼ੀਲ ਮੁੱਦਿਆਂ ਨੂੰ ਉਛਾਲ ਕੇ, ਫਿਰਕੂ ਧਰੁਵੀਕਰਨ ਵਿੱਚ ਲੱਗੇ ਹੋਏ ਹਨ। ਵਿਸ਼ਵ ਹਿੰਦੂ ਪ੍ਰੀਸ਼ਦ ਵੱਲੋਂ ਕੀਤੀ ਗਈ ਚੋਰਾਸੀ ਕੋਸੀ ਪਰਿਕਰਮਾ ਵੀ ਇਸੇ ਮੁਹਿੰਮ ਪ੍ਰਚਾਰ ਦੀ ਇੱਕ ਕੜੀ ਸੀ। ਉੱਤਰ ਪ੍ਰਦੇਸ਼ ਦੀਆਂ ਪ੍ਰਮੁੱਖ ਸਿਆਸੀ ਧਿਰਾਂ, ਆਪੋ ਆਪਣੇ ਏਜੰਡਿਆਂ ਅਤੇ ਢੰਗ ਤਰੀਕਿਆਂ ਦੇ ਅਨੁਸਾਰ ਵੱਖ-ਵੱਖ ਢੰਗ ਨਾਲ ਹਿੰਦੂਆਂ ਤੇ ਮੁਸਲਮਾਨਾਂ ਨੂੰ ਡਰਾ ਕੇ ਆਪਣਾ ਵੋਟ ਬੈਂਕ ਬਣਾਉਣ ਵਿੱਚ ਲੱਗੀਆਂ ਹੋਈਆਂ ਹਨ। ਖ਼ੂਨ ਅਤੇ ਲਾਸ਼ਾਂ ਦੇ ਢੇਰ ਤੇ ਕੀਤੀ ਜਾ ਰਹੀ ਇਸ ਸਿਆਸਤ ਨੂੰ ਸਮਝੇ ਜਾਣ ਦੀ ਲੋੜ ਹੈ। ਹਿੰਦੂਤਵਵਾਦੀ ਏਜੰਡੇ ਨੂੰ ਅਮਲੀ ਰੂਪ ਦੇਣ ਲਈ ਕੱਟੜਪੰਥੀ ਤਾਕਤਾਂ ਸਰਗਰਮ ਹਨ। ਧਰਮਾਂ, ਜਾਤਾਂ ਦੀ ਵੰਡ ਨੂੰ ਨਿਕਾਰਦਿਆਂ, ਅਵਾਮ ਵਿੱਚ ਜਮਾਤੀ ਚੇਤਨਾ ਦੀ ਉਸਾਰੀ ਹੀ, ਫਿਰਕਾਪ੍ਰਸਤ ਸਿਆਸਤ ਨੂੰ ਮਾਤ ਦੇ ਸਕਦੀ ਹੈ। ਅਗਾਂਹਵਧੂ ਤਾਕਤਾਂ ਨੂੰ ਇਸ ਚੇਤਨਾ ਦੇ ਉਭਾਰ ਲਈ ਹੋਰ ਵੱਧ ਜ਼ਿੰਮੇਵਾਰੀ ਨਾਲ ਲੋਕਾਂ ਵਿੱਚ ਹਨੇਰੇ ਦੇ ਖਿਲਾਫ਼ ਚਾਨਣ ਵੰਡਣਾ ਚਾਹੀਦਾ ਹੈ। ਮਿਹਨਤਕਸ਼ ਲੋਕਾਂ ਨੂੰ ਇਹਨਾਂ ਫਿਰਕੂ ਤਾਕਤਾਂ ਦੇ ਕੂੜ ਇਰਾਦਿਆਂ ਨੂੰ ਪਛਾਣ ਕੇ, ਨਾਕਾਮ ਕਰਨ ਲਈ ਏਕੇ ਦੀ ਉਸਾਰੀ ਕਰਨੀ ਚਾਹੀਦੀ ਹੈ। ਪ੍ਰਗਤੀਸ਼ੀਲ ਰਾਜਨੀਤੀ ਹੀ ਫਿਰਕਾਪ੍ਰਸਤ ਰਾਜਨੀਤੀ ਦਾ ਬਦਲ ਬਣ ਸਕਦੀ ਹੈ। ਕ੍ਰਾਂਤੀਕਾਰੀ ਕਵੀ ਗੋਰਖ ਪਾਂਡੇ ਨੇ ਫਿਰਕੂ ਰਾਜਨੀਤੀ ਦੇ ਕੋਝੇ ਮਨਸੂਬਿਆਂ ਦਾ ਵਰਨਣ ਕਰਦਿਆਂ ਲਿਖਿਆ ਹੈ : ਆਓ ਭਾਈ ਬੇਚੂ ਆਓ / ਆਓ ਭਾਈ ਅਸ਼ਰਫ ਆਓ / ਮਿਲ ਜੁਲਕੇ ਛੁਰਾ ਚਲਾਓ / ਛੁਰਾ ਖੋਭ ਕੇ ਚਿਲਲਾਓ / ਹਰ-ਹਰ ਸ਼ੰਕਰ / ਛੁਰਾ ਖੋਭ ਕੇ ਚਿਲਲਾਓ / ਅੱਲਾ ਹੂ ਅਕਬਰ / ਸ਼ੋਰ ਖਤਮ ਹੋਣ ਤੇ / ਜੋ ਕੁੱਝ ਬਚਿਆ / ਉਹ ਸੀ ਛੁਰਾ / ਵਹਿੰਦਾ ਲਹੂ / ਇਸ ਵਾਰ ਦੰਗਾ ਬਹੁਤ ਵਧੀਆ / ਰੱਜ ਕੇ ਹੋਈ ਖ਼ੂਨ ਦੀ ਵਰਖਾ / ਅਗਲੇ ਸਾਲ ਚੰਗੀ ਹੋਵੇਗੀ / ਫਸਲ ਵੋਟਾਂ ਦੀ।

ਹੋਕਾ ਮਜ਼ਹਬ ਪਾਖੰਡ ਦਾ ਪਏ ਦਿੰਦੇ, ਸੌਦਾ ਵੇਚਦੇ ਜਿਵੇਂ ਦੁਕਾਨ ਵਾਲੇ

ਧਰਮਾਂ ਅਤੇ ਫਿਰਕੂ ਵੰਡੀਆਂ ਬਾਰੇ ਅੱਜ ਵੀ ਸਹੀ ਸੇਧ ਅਤੇ ਪ੍ਰੇਰਨਾ ਦਿੰਦੀ ਹੈ ਗ਼ਦਰ ਲਹਿਰ

ਰਾਜਪਾਲ ਸਿੰਘ



ਕੋਈ ਇਤਿਹਾਸਕ ਲਹਿਰ ਆਪਣੇ ਮਿਥੇ ਨਿਸ਼ਾਨੇ ਨੂੰ ਹਾਸਲ ਕਰਨ ਵਿੱਚ ਕਿੰਨਾ ਕੁ ਸਫਲ ਹੁੰਦੀ ਹੈ, ਇਹ ਉਸ ਦੌਰ ਦੀਆਂ ਬਾਹਰਮੁਖੀ ਹਾਲਤਾਂ, ਲਹਿਰ ਦੇ ਨਿਸ਼ਾਨਿਆਂ ਦੀ ਸਾਰਥਿਕਤਾ, ਲਹਿਰ ਦੇ ਆਗੂਆਂ ਵੱਲੋਂ ਘੜੀ ਗਈ ਯੁੱਧ ਨੀਤੀ ਅਤੇ ਦਾਅਪੇਚ, ਲਹਿਰ ਦਾ ਲੋਕਾਂ ਵਿੱਚ ਆਧਾਰ ਅਤੇ ਹੋਰ ਛੋਟੇ ਵੱਡੇ ਕਾਰਕਾਂ ਦੇ ਜੋੜਮੇਲ ਤੇ ਨਿਰਭਰ ਕਰਦਾ ਹੈ। ਪਰ ਲਹਿਰ ਦੀ ਸਫਲਤਾ ਜਾਂ ਅਸਫਲਤਾ ਤੋਂ ਬਿਨਾਂ ਵੀ ਉਸ ਲਹਿਰ ਦਾ ਇਤਿਹਾਸ ਉੱਤੇ ਪੈਂਦਾ ਅਸਰ ਬਹੁਤ ਮਹੱਤਵਪੂਰਨ ਹੁੰਦਾ ਹੈ। ਅਸਲ ਵਿੱਚ ਸਾਰਾ ਇਤਿਹਾਸ ਲੋਕਾਂ ਵੱਲੋਂ ਉਠਦੀਆਂ ਲਹਿਰਾਂ ਅਤੇ ਲੜੇ ਜਾਂਦੇ ਸੰਘਰਸ਼ਾਂ ਦੇ ਕੁੱਲ ਜੋੜ ਵਿੱਚੋਂ ਹੀ ਬਣਦਾ ਹੈ। ਇਹ ਲਹਿਰਾਂ ਸਮਾਜੀ ਵਿਕਾਸ ਅੱਗੇ ਲੱਗੇ ਬੰਨ੍ਹ ਨਾਲ ਲਗਾਤਾਰ ਟਕਰਾਉਂਦੀਆਂ ਹਨ ਅਤੇ ਲਹਿਰਾਂ ਦੇ ਥਪੇੜਿਆਂ ਨਾਲ ਆਖਰ ਇਹ ਬੰਨ ਟੁੱਟ ਜਾਂਦਾ ਹੈ। ਹਰ ਨਵੀਂ ਲਹਿਰ ਪਹਿਲੀ ਤੋਂ ਪ੍ਰੇਰਣਾ ਲੈਂਦੀ ਹੈ, ਪਹਿਲੀ ਲਹਿਰ ਦੇ ਆਸ਼ਿਆਂ ਨੂੰ ਨਵੇਂ ਸਮੇਂ ਦੇ ਅਨੁਸਾਰ ਲੈ ਕੇ ਅੱਗੇ ਵਧਦੀ ਹੈ।

ਇਸ ਪ੍ਰਸੰਗ ਵਿੱਚ ਭਾਰਤ ਦੀ ਆਜਾਦੀ ਲਈ ਸੌ ਸਾਲ ਪਹਿਲਾਂ ਉੱਠੀ ਗ਼ਦਰ ਲਹਿਰ ਦਾ ਮਹੱਤਵ ਬਹੁਤ ਜ਼ਿਆਦਾ ਹੈ। ਪੰਜਾਬੀਆਂ ਵਿੱਚ ਆਜਾਦੀ, ਬਰਾਬਰੀ, ਭਾਈਚਾਰੇ ਦੇ ਵਿਚਾਰਾਂ ਦੀ ਜਾਗ ਲਾਉਣ ਵਿੱਚ ਗਦਰੀਆਂ ਦਾ ਮੁੱਖ ਰੋਲ ਸੀ। 1914 ਵਿੱਚ ਗਦਰੀਆਂ ਦੇ ਪੰਜਾਬ ਆ ਕੇ ਅੰਗਰੇਜਾਂ ਖਿਲਾਫ਼ ਯੁੱਧ ਛੇੜਣ ਦੀਆਂ ਕੋਸ਼ਿਸ਼ਾਂ ਤੋਂ ਪਹਿਲਾਂ ਤਾਂ ਕਿਸਾਨੀ ਦੀਆਂ ਸਮੱਸਿਆਵਾਂ ਨੂੰ ਲੈ ਕੇ ਉੱਠੀ ਪਗੜੀ ਸੰਭਾਲ ਜੱਟਾ ਹੀ ਅਜਿਹੀ ਮੁੱਖ ਲਹਿਰ ਸੀ ਜਿਸਦਾ ਲੋਕਾਈ ਉੱਤੇ ਤਕੜਾ ਪ੍ਰਭਾਵ ਪਿਆ ਚਾਹੇ ਇਸ ਲਹਿਰ ਦਾ ਪ੍ਰਭਾਵ ਵੀ ਜਿਆਦਾਤਰ ਲਾਇਲਪੁਰ ਦੇ ਇਲਾਕੇ ਵਿੱਚ ਹੀ ਸੀ। ਨਹੀਂ ਤਾਂ ਉਸਤੋਂ ਪਿਛਲੀ ਅੱਧੀ ਸਦੀ ਤੋਂ ਪੰਜਾਬ ਕਿਸੇ ਨਵੀਂ ਸਿਆਸੀ ਚੇਤਨਾ ਤੋਂ ਲਗਭਗ ਕੱਟਿਆ ਹੋਇਆ ਸੀ, ਪੰਜਾਬ ਦੇ ਸਰਦਾਰ ਅੰਗਰੇਜਾਂ ਦੇ ਵਫ਼ਾਦਾਰ ਸਨ ਅਤੇ ਨੌਜਵਾਨਾਂ ਨੂੰ ਸਰਕਾਰ ਨੇ ਵੱਡੀ ਗਿਣਤੀ ਵਿੱਚ ਫੌਜ ਵਿੱਚ ਭਰਤੀ ਕਰ ਕੇ ਆਪਣੇ ਕਬਜ਼ੇ ਵਿੱਚ ਕੀਤਾ ਹੋਇਆ ਸੀ। ਇਸਤੋਂ ਪਹਿਲਾਂ ਭਾਈ ਮਾਹਰਾਜ ਸਿੰਘ ਦੀ ਅੰਗਰੇਜ਼ਾਂ ਖਿਲਾਫ਼ ਲੜਾਈ ਜਾਂ ਬਾਬਾ ਰਾਮ ਸਿੰਘ ਦੀ ਕੂਕਾ ਲਹਿਰ ਸਿੱਖ ਰਾਜ ਦੀ ਮੁੜ ਬਹਾਲੀ ਅਤੇ ਧਾਰਮਿਕ ਸ਼ੁਧਤਾ ਕਾਇਮ ਰੱਖਣ ਦੀਆਂ ਹੀ ਕੋਸ਼ਿਸ਼ਾਂ ਸਨ। ਇਸਦੇ ਮੁਕਾਬਲੇ ਗ਼ਦਰ ਲਹਿਰ ਦੇ ਨਿਸ਼ਾਨੇ ਅਤੇ ਚੇਤਨਾ ਦਾ ਪੱਧਰ ਸਿਫਤੀ ਤੌਰ ਤੇ ਵੱਖਰਾ ਸੀ। ਇਹ ਲਹਿਰ ਸਪੱਸ਼ਟ ਤੌਰ ਤੇ ਸਾਮਰਾਜ ਵਿਰੋਧੀ ਧਰਮ-ਨਿਰਪੱਖ ਅਤੇ ਸਮਾਜਵਾਦੀ ਟੀਚਿਆਂ ਨੂੰ ਪ੍ਰਣਾਈ ਹੋਈ ਸੀ।

ਅੱਜ ਤੋਂ ਠੀਕ ਸੌ ਸਾਲ ਪਹਿਲਾਂ 1 ਨਵੰਬਰ 1913 ਨੂੰ ਗ਼ਦਰ ਅਖ਼ਬਾਰ ਦਾ ਪਹਿਲਾ ਅੰਕ ਪ੍ਰਕਾਸ਼ਿਤ ਹੋਇਆ ਜੋ ਜਲਦੀ ਹੀ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਸਾਰ ਦੇ ਵੱਖ-ਵੱਖ ਭਾਗਾਂ ਵਿੱਚ ਰਹਿੰਦੇ ਪੰਜਾਬੀਆਂ ਤੱਕ ਪਹੁੰਚਾਇਆ ਜਾਣ ਲੱਗਾ। ਇਸ ਵਿੱਚ ਛਪਦੇ ਮੈਟਰ ਤੋਂ ਗਦਰੀਆਂ ਦੀ ਵਿਚਾਰਧਾਰਕ ਸੂਝ ਅਤੇ ਇਨਕਲਾਬੀ ਭਾਵਨਾਵਾਂ ਨੂੰ ਭਲੀ ਭਾਂਤ ਦੇਖਿਆ ਜਾ ਸਕਦਾ ਹੈ। ਹੈਰਾਨੀ ਹੁੰਦੀ ਹੈ ਕਿ ਸੌ ਸਾਲ ਪਹਿਲਾਂ ਬਹੁਤ ਥੋੜ੍ਹਾ ਪੜ੍ਹੇ ਲਿਖੇ ਗ਼ਦਰੀਆਂ ਦੀ ਵਿਚਾਰਧਾਰਕ ਸੋਚ ਐਨੀ ਪਰਪੱਕ ਸੀ ਕਿ ਉਨ੍ਹਾਂ ਤੋਂ ਅੱਜ ਵੀ ਅਸੀਂ ਬਹੁਤ ਕੁੱਝ ਸਿੱਖ ਸਕਦੇ ਹਾਂ। ਉਨ੍ਹਾਂ ਦੀ ਸੋਚ ਦੀਆਂ ਕੁੱਝ ਝਲਕਾਂ ਅੱਗੇ ਪੇਸ਼ ਕੀਤੀਆਂ ਜਾ ਰਹੀਆਂ ਹਨ।

ਧਾਰਮਿਕ ਸੋਚ ਅਤੇ ਫਿਰਕੂ ਵੰਡੀਆਂ ਬਾਰੇ -

ਸਾਨੂੰ ਲੋੜ ਨਾ ਪੰਡਤਾਂ ਕਾਜ਼ੀਆਂ ਦੀ,
ਨਹੀਂ ਸ਼ੌਂਕ ਹੈ ਬੇੜਾ ਡੁਬਾਵਣੇ ਦਾ।
ਮੰਦਰ ਮਸਜਦਾਂ ਕਿਸੇ ਨਾ ਕੰਮ ਸਾਡੇ,
ਛੱਡੋ ਖਿਆਲ ਗੁਰਦਵਾਰੇ ਬਣਾਵਣੇ ਦਾ।
ਕਿਸੇ ਕੰਮ ਨਾ ਪੋਥੀਆਂ ਪਿਛਲੀਆਂ ਜੋ,
ਐਵੇਂ ਢੰਗ ਸੀ ਵਖਤ ਲੰਘਾਵਣੇ ਦਾ।

ਜਪਜਾਪ ਦਾ ਵਖਤ ਬਤੀਤ ਹੋਇਆ,
ਵੇਲਾ ਆ ਗਿਆ ਤੇਗ ਉਠਾਵਣੇ ਦਾ।
ਗੱਲਾਂ ਫੋਕੀਆਂ ਨਾਲ ਨਾ ਕੰਮ ਹੁੰਦੇ,
ਵੇਲਾ ਆ ਗਿਆ ਯੁੱਧ ਮਚਾਵਣੇ ਦਾ।
ਨਾਮ ਉਨ੍ਹਾਂ ਦਾ ਵਿੱਚ ਜਹਾਨ ਰੋਸ਼ਨ,
ਜਿੰਨ੍ਹਾਂ ਸ਼ੌਕ ਸ਼ਹੀਦੀਆਂ ਪਾਵਣੇ ਦਾ।

ਇਹ ਕਵਿਤਾ ਗ਼ਦਰ ਅਖ਼ਬਾਰ ਦੇ ਜਨਵਰੀ 1914 ਦੇ ਅੰਕ ਵਿੱਚ ਛਪੀ ਸੀ। ਇਹ ਕੋਈ ਕੱਲੀ ਕਹਿਰੀ ਕਵਿਤਾ ਨਹੀਂ ਸੀ ਜੋ ਧਰਮ ਕਰਮ ਦੀਆਂ ਗੱਲਾਂ ਨੂੰ ਰੱਦ ਕਰ ਕੇ ਆਜ਼ਾਦੀ ਦੀ ਲੜਾਈ ਵਿੱਚ ਕੁੱਦਣ ਦਾ ਹੋਕਾ ਦਿੰਦੀ ਸੀ ਸਗੋਂ ਵੱਖ-ਵੱਖ ਅੰਕਾਂ ਵਿੱਚ ਅਜਿਹੀਆਂ ਸੈਂਕੜੇ ਕਵਿਤਾਵਾਂ ਛਪੀਆਂ ਜੋ ਧਰਮ ਅਤੇ ਪੂਜਾ ਪਾਠ ਦੇ ਚੱਕਰਾਂ ਵਿੱਚੋਂ ਨਿਕਲ ਕੇ ਦੁੱਖਾਂ ਦੇ ਅਸਲ ਕਾਰਣਾਂ ਖਿਲਾਫ਼ ਲੜਨ ਲਈ ਪ੍ਰੇਰਦੀਆਂ ਸਨ।

ਖਾਤਰ ਦੇਸ਼ ਦੀ ਲੜਨ ਤੋਂ ਖ਼ੌਫ ਆਵੇ,
ਪਾਲਨ ਪੇਟ ਤਾਈਂ ਪੂਜਾ ਖਾਣ ਵਾਲੇ।
ਹੋਕਾ ਮਜ਼ਹਬ ਪਾਖੰਡ ਦਾ ਪਏ ਦਿੰਦੇ,
ਸੌਦਾ ਬੇਚਦੇ ਜਿਵੇਂ ਦੁਕਾਨ ਵਾਲੇ।
ਉਲਟਾ ਅਸਰ ਪੈਂਦਾ ਲੋਕਾਂ ਭੋਲਿਆਂ ਤੇ,
ਝਗੜੇ ਛੇੜਦੇ ਵੇਦ ਕੁਰਾਨ ਵਾਲੇ।
ਰੌਲਾ ਪਾਵੰਦੇ ਨਰਕ ਸੁਵਰਗ ਵਾਲਾ,
ਬਚਨ ਦਸਦੇ ਨਹੀਂ ਗਿਯਾਨ ਵਾਲੇ।
ਅਸੀਂ ਯੁੱਧ ਫਰੰਗੀਆਂ ਨਾਲ ਕਰਨਾ,
ਸਿੱਧੇ ਬੋਲ ਹਨ ਸੱਚ ਸੁਨਾਨ ਵਾਲੇ।
ਬਿਨਾਂ ਗਦਰ ਦੇ ਹੋਰ ਸਭ ਕੰਮ ਝੂਠੇ,
ਧੋਖਾ ਦੇਵੰਦੇ ਪੁੱਤ ਸ਼ੈਤਾਨ ਵਾਲੇ।

ਜੂਨ 1914

ਗ਼ਦਰੀਆਂ ਨੇ ਆਪਣੇ ਸਮੇਂ ਦੇ ਸਾਧਾਂ ਸੰਤਾਂ ਦੀ ਵੀ ਚੰਗੀ ਖ਼ਬਰ ਲਈ ਹੈ ਕਿ ਕਿਵੇਂ ਦੇਸ਼ ਦੀ ਹਾਲਤ ਤੋਂ ਅੱਖਾਂ ਮੀਟ ਕੇ ਇਹ ਤਰ੍ਹਾਂ ਤਰ੍ਹਾਂ ਦੇ ਪਾਖੰਡੀ ਆਮ ਲੋਕਾਂ ਨੂੰ ਸਵਰਗ ਨਰਕ ਦੀਆਂ ਗੱਲਾਂ ਵਿੱਚ ਉਲਝਾਈ ਰੱਖਦੇ ਹਨ।

ਕਿਤਨੇ ਭਗਵੇਂ ਪਹਿਨ ਕੱਪੜੇ ਕਹਿਨ ਬ੍ਰਹਮ ਗਿਆਨੀ ਹੈਂ,
ਝੁੰਭ ਮਾਰ ਕੇ ਕਾਲਾ ਕੰਬਲ ਆਖਨ ਬੜੇ ਧਿਆਨੀ ਹੈਂ।
ਧਨ ਦੌਲਤ ਅਰ ਦੁਨੀਆਂ ਸਾਰੀ ਰਾਗ ਰੰਗ ਸਭ ਫਾਨੀ ਹੈਂ,
ਰਾਜ ਕਾਜ ਕੇ ਕਰਨੇ ਵਾਲੇ ਬਹੁਤ ਬੜੇ ਅਭਿਮਾਨੀ ਹੈਂ।
ਕੌਮ ਗਰਕ ਗਈ ਸਾਰੀ ਭਾਵੇਂ ਸੰਤ ਸਵਰਗ ਨੂੰ ਜਾਵਨਗੇ,
ਆਪੇ ਰਲ ਮਿਲ ਬਾਗੀ ਸਾਰੇ ਜਲਦੀ ਗਦਰ ਮਚਾਵਣਗੇ।

ਭਾਈ ਭਗਵਾਨ ਸਿੰਘ, ਪ੍ਰਧਾਨ ਗ਼ਦਰ ਪਾਰਟੀ-
ਜੁਲਾਈ 1917

ਗ਼ਦਰੀਆਂ ਦੀ ਸੋਚ ਜਿੱਥੇ ਫਿਰਕਿਆਂ ਅਤੇ ਧਰਮਾਂ ਦੀਆਂ ਹੱਦਾਂ ਤੋਂ ਬਹੁਤ ਉੱਚੀ ਸੀ ਉਥੇ ਉਹ ਕਿਸੇ ਖਾਸ ਇਲਾਕੇ ਜਾਂ ਦੇਸ਼ਾਂ ਦੀਆਂ ਹੱਦਾਂ ਤੋਂ ਪਾਰ ਦੇਖਣ ਦੇ ਵੀ ਸਮਰੱਥ ਸੀ। ਉਹ ਕੁਰਬਾਨੀਆਂ ਲਈ ਆਪਣੀ ਪ੍ਰੇਰਣਾ ਜਿੱਥੇ ਪੰਜਾਬ ਦੇ ਵਿਰਸੇ ਵਿੱਚੋਂ ਲੈਂਦੇ ਸਨ, ਉਥੇ ਦੂਜੇ ਦੇਸ਼ਾਂ ਵਿੱਚ ਚੰਗੇਰੇ ਸਮਾਜ ਲਈ ਲੜ ਰਹੇ ਇਨਕਲਾਬੀ ਵੀ ਉਨ੍ਹਾਂ ਨੂੰ ਵਿਸ਼ੇਸ਼ ਤੌਰ ਤੇ ਟੁੰਬਦੇ ਸਨ। ਗ਼ਦਰ ਅਖ਼ਬਾਰ ਵਿੱਚ ਸਮਕਾਲੀ ਇਨਕਲਾਬੀਆਂ ਦੀਆਂ ਕਹਾਣੀਆਂ ਖਾਸ ਤੌਰ ਤੇ ਲਿਖੀਆਂ ਜਾਂਦੀਆਂ ਸਨ ਤਾਂ ਜੋ ਪਾਠਕ ਉਨ੍ਹਾਂ ਤੋਂ ਪ੍ਰੇਰਣਾ ਲੈ ਕੇ ਲੜਾਈ ਵਿੱਚ ਕੁੱਦਣ ਲਈ ਅੱਗੇ ਆਉਣ। ਗ਼ਦਰ ਅਖ਼ਬਾਰ ਦੇ ਪਹਿਲੇ ਚਾਰ ਸਾਲਾਂ ਦੇ ਅੰਕਾਂ ਵਿੱਚ ਸੌ ਦੇ ਲੱਗਭੱਗ ਲੇਖ ਵੱਖ-ਵੱਖ ਦੇਸ਼ਾਂ ਦੀਆਂ ਇਨਕਲਾਬੀ ਲਹਿਰਾਂ ਅਤੇ ਉਨ੍ਹਾਂ ਦੇ ਬਹਾਦਰੀ ਭਰੇ ਕਾਰਨਾਮਿਆਂ ਬਾਰੇ ਹਨ। ਇਨ੍ਹਾਂ ਵਿੱਚੋਂ ਇਨਕਲਾਬ ਲਈ ਲੜ ਰਹੀਆਂ ਰੂਸੀ ਔਰਤਾਂ ਦੀਆਂ ਕੁਰਬਾਨੀਆਂ ਦੇ ਵੇਰਵੇ ਤਾਂ ਬਹੁਤ ਹੀ ਦਿਲ ਹਿਲਾਊ ਹਨ। ਇਸਤੋਂ ਬਿਨਾਂ ਆਇਰਲੈਂਡ, ਅਮਰੀਕਾ, ਸਪੇਨ, ਚੀਨ ਆਦਿ ਵਿੱਚ ਚੱਲ ਰਹੀਆਂ ਇਨਕਲਾਬੀ ਲਹਿਰਾਂ ਬਾਰੇ ਉਤਸ਼ਾਹ ਭਰੇ ਲੇਖ ਹਨ।

ਗ਼ਦਰ ਅਖ਼ਬਾਰ ਵਿੱਚ ਪ੍ਰਕਾਸ਼ਿਤ ਲੇਖਾਂ ਵਿੱਚ ਭਾਰਤ ਦੀ ਲੁੱਟ ਦੇ ਬਕਾਇਦਾ ਅੰਕੜੇ ਦੇ ਕੇ ਆਰਥਿਕਤਾ ਦਾ ਕਿਵੇਂ ਅਧਿਐਨ ਪੇਸ਼ ਕੀਤਾ ਜਾਂਦਾ ਰਿਹਾ ਹੈ, ਕਾਂਗਰਸ ਦੀਆਂ ਨੀਤੀਆਂ ਦਾ ਕਿਵੇਂ ਸਹੀ ਅਤੇ ਸੰਤੁਲਿਤ ਭਾਵਨਾ ਨਾਲ ਵਿਸ਼ਲੇਸ਼ਣ ਪੇਸ਼ ਕੀਤਾ ਜਾਂਦਾ ਰਿਹਾ, ਵੱਖ-ਵੱਖ ਦੇਸ਼ਾਂ ਵਿੱਚ ਮਜਦੂਰਾਂ ਦੇ ਚੱਲ ਰਹੇ

ਸੰਘਰਸ਼ਾਂ ਤੋਂ ਵੀ ਪਾਠਕਾਂ ਨੂੰ ਕਿਵੇਂ ਜਾਣੂ ਕਰਵਾਇਆ ਜਾਂਦਾ ਰਿਹਾ, ਭਾਸ਼ਾ ਅਤੇ ਲੋਕ ਬੋਲੀ ਵਰਤਣ ਵਿੱਚ ਗ਼ਦਰ ਅਖ਼ਬਾਰ ਦੀ ਕੀ ਪ੍ਰਾਪਤੀ ਰਹੀ, ਇਹਨਾਂ ਸਾਰੀਆਂ ਗੱਲਾਂ ਬਾਰੇ ਬਹੁਤ ਕੁਝ ਲਿਖਿਆ ਜਾ ਸਕਦਾ ਹੈ। ਪਰ ਇਸ ਲੇਖ ਵਿੱਚ ਗ਼ਦਰੀਆਂ ਦੀ ਧਰਮ ਪ੍ਰਤੀ ਪਹੁੰਚ ਨੂੰ ਹੀ ਵਿਚਾਰਿਆ ਜਾ ਰਿਹਾ ਹੈ। ਇਹ ਵਿਚਾਰ ਕਰਨੀ ਇਸ ਲਈ ਮਹੱਤਵਪੂਰਨ ਹੈ ਕਿ ਅੱਜਕੱਲ੍ਹ ਇੱਕ ਦੋ ਵਿਅਕਤੀਆਂ ਵੱਲੋਂ ਇਹ ਗੱਲ ਬੜੇ ਜ਼ੋਰ ਸ਼ੋਰ ਨਾਲ ਪ੍ਰਚਾਰੀ ਜਾ ਰਹੀ ਹੈ ਕਿ ਗ਼ਦਰੀ ਇਸ ਕਰ ਕੇ ਦੇਸ਼ ਦੀ ਆਜਾਦੀ ਲਈ ਲੜਨ ਆਏ ਕਿਉਂਕਿ ਉਨ੍ਹਾਂ ਵਿੱਚੋਂ ਬਹੁਗਿਣਤੀ ਕੇਸ ਦਾੜ੍ਹੀ ਵਾਲੇ ਸਿੱਖਾਂ ਦੀ ਸੀ, ਉਹ ਲੜਨ ਲਈ ਗੁਰਦਵਾਰਿਆਂ ਵਿੱਚ ਇਕੱਠੇ ਹੁੰਦੇ ਰਹੇ ਸਨ ਅਤੇ ਉਨ੍ਹਾਂ ਦਾ ਪ੍ਰੇਰਨਾਸ੍ਰੋਤ ਵੀ ਸਿੱਖੀ ਸੀ।

ਗ਼ਦਰੀਆਂ ਨੇ ਧਰਮ ਪ੍ਰਤੀ ਜਿੰਨੀ ਦਰੁਸਤ ਪਹੁੰਚ ਅਪਣਾਈ ਅਤੇ ਫਿਰਕੂ ਵੰਡੀਆਂ ਦੇ ਖਿਲਾਫ਼ ਜਿੰਨੇ ਵਧੀਆ ਢੰਗ ਨਾਲ ਲਿਖਿਆ ਹੈ ਉਸਤੋਂ ਗ਼ਦਰੀਆਂ ਦੀ ਸੌ ਸਾਲ ਪਹਿਲਾਂ ਹਾਸਲ ਕੀਤੀ ਉੱਚੀ ਸੁੱਚੀ ਸੂਝ ਉੱਤੇ ਹੈਰਾਨੀ ਹੁੰਦੀ ਹੈ ਅਤੇ ਉਸਤੋਂ ਵੱਧ ਹੈਰਾਨੀ ਉਨ੍ਹਾਂ ਲੋਕਾਂ ਦੀ ਸੂਝ ਉੱਤੇ ਹੁੰਦੀ ਹੈ ਜੋ ਸੌ ਸਾਲ ਬਾਅਦ ਗ਼ਦਰੀਆਂ ਨੂੰ ਕਿਸੇ ਇੱਕ ਧਰਮ ਨਾਲ ਬੰਨ੍ਹਣ ਦੀ ਕੋਸ਼ਿਸ਼ ਕਰਦੇ ਹਨ। ਇਸ ਵਰਤਾਰੇ ਨੂੰ ਸਮਝਣ ਲਈ ਇੱਕ ਉਦਾਹਰਣ ਲਈ ਜਾ ਸਕਦੀ ਹੈ ਕਿ ਕਾਲੇ ਪੀਲੀਏ ਦੇ ਵਾਇਰਸ ਮਨੁੱਖੀ ਜਿਗਰ ਵਿੱਚ ਦੜ ਵੱਟ ਕੇ ਬੈਠੇ ਰਹਿੰਦੇ ਹਨ, ਜਦ ਕਿਸੇ ਕਾਰਨ ਸਰੀਰ ਕਮਜੋਰ ਹੁੰਦਾ ਹੈ ਤਾਂ ਇਹ ਜਿਗਰ ਤੇ ਹਮਲਾ ਕਰ ਦਿੰਦੇ ਹਨ ਅਤੇ ਉਸਨੂੰ ਢਹਿ ਢੇਰੀ ਕਰ ਦਿੰਦੇ ਹਨ। ਕੱਟੜ ਧਾਰਮਿਕ ਸੋਚ ਦੇ ਕਿਟਾਣੂ ਵੀ ਕਾਲੇ ਪੀਲੀਏ ਦੇ ਵਾਇਰਸ ਵਾਂਗ ਮਨ ਦੇ ਹਨੇਰੇ ਖੂੰਜਿਆਂ ਵਿੱਚ ਪਏ ਰਹਿੰਦੇ ਹਨ ਜਦ ਲੋਕ ਪੱਖੀ ਲਹਿਰਾਂ ਕਮਜੋਰ ਹੁੰਦੀਆਂ ਹਨ ਤਾਂ ਇਹ ਕਿਟਾਣੂ ਸਾਹਮਣੇ ਆ ਜਾਂਦੇ ਹਨ ਅਤੇ ਲਹਿਰ ਤੇ ਹਮਲਾ ਕਰਦੇ ਹਨ। ਜ਼ਿਕਰ ਅਧੀਨ ਆਏ ਉਪਰੋਕਤ ਵਿਅਕਤੀਆਂ ਵਿੱਚੋਂ ਕਿਸੇ ਸਮੇਂ ਇਨਕਲਾਬੀ ਰਹੇ ਆਗੂ ਨਾਲ ਵੀ ਅਜਿਹਾ ਵਾਪਰਿਆ ਹੈ ਜਦ ਉਸ ਨੇ ਗ਼ਦਰੀ ਬਾਬਿਆਂ ਨੂੰ ਇੱਕ ਖਾਸ ਧਰਮ ਨਾਲ ਬੰਨ੍ਹਦੇ ਹੋਏ ਦੂਜੇ ਧਰਮ ਦੇ ਕਾਰਕੁੰਨਾਂ ਨੂੰ ਛੁਟਿਆਉਣ ਦੀ ਕੋਸ਼ਿਸ਼ ਕੀਤੀ ਹੈ। ਇਹ ਗੱਲ ਕੇਵਲ ਕਿਤਾਬਾਂ ਲਿਖਣ ਤੱਕ ਹੀ ਸੀਮਤ ਨਹੀਂ ਕਿ ਇਸਨੂੰ ਅਕਾਦਮਿਕ ਮਾਮਲਾ ਸਮਝ ਕੇ ਨੋਟਿਸ ਨਾ ਲਿਆ ਜਾਵੇ। ਮਨਾਂ ਵਿੱਚ ਪਈ ਇਹ ਸੋਚ ਹੀ ਮੌਕਾ ਮਿਲਣ ਉੱਤੇ ਸਮਾਜਿਕ-ਰਾਜਨੀਤਕ ਵਰਤਾਰਿਆਂ ਵਿੱਚ ਤਬਦੀਲ ਹੁੰਦੀ ਹੈ ਅਤੇ ਫਿਰ ਅਨੁਕੂਲ ਹਾਲਤਾਂ ਮਿਲਣ ਤੇ ਇਹ ਹਿੰਸਕ ਰੂਪ ਧਾਰਨ ਕਰਕੇ ਹਮਲਾ ਕਰੂ ਕਾਰਵਾਈਆਂ ਕਰਦੀ ਹੈ। ਇਹ ਸੋਚ ਹੀ ਪਾਸ਼ ਵਰਗੇ ਲੋਕ ਪੱਖੀ ਕਵੀਆਂ ਦੇ ਕਤਲਾਂ ਨੂੰ ਜਾਇਜ਼ ਠਹਿਰਾਉਂਦੀ ਹੈ। ਬੱਸਾਂ ਵਿੱਚੋਂ ਲਾਹ ਕੇ ਹਿੰਦੂ ਮਾਰਨੇ, ਦਿੱਲੀ ਵਿੱਚ ਸਿੱਖਾਂ ਨੂੰ ਸਾੜਨਾ, 1947 ਵਿੱਚ ਲੱਖਾਂ ਹਿੰਦੂ, ਸਿੱਖਾਂ ਮੁਸਲਮਾਨਾਂ ਨੂੰ ਬੇਦਰਦੀ ਨਾਲ ਵੱਢੇ ਜਾਣਾ, ਸਭ ਮਨਾਂ ਵਿੱਚ ਪਈ ਅਜਿਹੀ ਸੋਚ ਦੇ ਅਮਲੀ ਸਿੱਟੇ ਹੁੰਦੇ ਹਨ ਜਿਹੜੀ ਸੋਚ ਇਤਿਹਾਸ ਦੀ ਫਿਰਕੂ ਵਿਆਖਿਆ ਕਰ ਕੇ ਲੋਕ ਮਨਾਂ ਵਿੱਚ ਤੁਅਸਬ ਭਰਦੀ ਹੈ। ਇਸ ਕਰਕੇ ਗ਼ਦਰੀਆਂ ਦੀ ਸੋਚ ਦੇ ਸੱਚ ਨੂੰ ਜਾਣਨਾ ਅਤੇ ਉਸਨੂੰ ਤਰੋੜ ਮਰੋੜ ਕੇ ਪੇਸ਼ ਕਰਨ ਖਿਲਾਫ਼ ਸੁਚੇਤ ਹੋਣਾ ਬਹੁਤ ਜ਼ਰੂਰੀ ਹੈ। ਇੰਨ੍ਹਾਂ ਕਥਿਤ ਸਿੱਖ ਬੁੱਧੀਜੀਵੀਆਂ ਲਈ ਸਿੱਖਣ ਵਾਲੀ ਗੱਲ ਤਾਂ ਇਹ ਹੈ ਕਿ ਧਾਰਮਿਕ ਪਿਛੋਕੜ ਵਾਲੇ ਵਾਤਾਵਰਣ ਵਿੱਚੋਂ ਗਏ ਇੰਨ੍ਹਾਂ ਸੂਰਮਿਆਂ ਨੇ ਧਰਮਾਂ ਦੀਆਂ ਹਦਬੰਦੀਆਂ ਨੂੰ ਰੱਦ ਕਰਕੇ ਆਪਣੀ ਸੋਚ ਦੇ ਦਾਇਰੇ ਨੂੰ ਕਿਵੇਂ ਵਿਸ਼ਾਲ ਕੀਤਾ। ਜਿਥੋਂ ਤੱਕ ਪ੍ਰੇਰਨਾ ਲੈਣ ਦਾ ਸਵਾਲ ਹੈ, ਜਿਵੇਂ ਪਹਿਲਾਂ ਲਿਖਿਆ ਜਾ ਚੁੱਕਾ ਹੈ, ਉਨ੍ਹਾਂ ਨੇ ਜਾਬਰ ਨਾਲ ਟੱਕਰ ਲੈਣ ਲਈ ਆਪਣੇ ਵਿਰਸੇ ਤੋਂ ਵੀ ਪ੍ਰੇਰਨਾ ਲਈ ਅਤੇ ਦੂਜੇ ਦੇਸ਼ਾਂ ਵਿੱਚ ਚੱਲ ਰਹੀਆਂ ਸਮਕਾਲੀ ਲਹਿਰਾਂ ਤੋਂ ਵੀ। ਗਿਆਨੀ ਕੇਸਰ ਸਿੰਘ ਵੱਲੋਂ ਸੰਕਲਿਤ ਕੀਤੀ ਅਤੇ ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਪੁਸਤਕ 'ਗ਼ਦਰ ਲਹਿਰ ਦੀ ਵਾਰਤਕ' ਦੇ ਪੰਨਾ 514 ਤੋਂ 614 ਤੱਕ ਦੇ ਲੇਖਾਂ ਵਿੱਚ ਸਪੱਸ਼ਟ ਹੁੰਦਾ ਹੈ ਕਿ ਉਹਨਾਂ ਕਿਵੇਂ ਸਾਰੀ ਦੁਨੀਆਂ ਦੇ ਲੋਕਪੱਖੀ ਘੋਲਾਂ ਨਾਲ ਸਾਂਝ ਪਾ ਲਈ ਸੀ ਅਤੇ ਪੰਜਾਬੀਆਂ ਨੂੰ ਉਨ੍ਹਾਂ ਤੋਂ ਪ੍ਰੇਰਨਾ ਲੈਣ ਲਈ ਕਹਿੰਦੇ ਸਨ। ਇਥੇ ਇਹ ਗੱਲ ਵੀ ਮਹੱਤਵਪੂਰਨ ਹੈ ਕਿ ਇਹ ਸਾਰੇ ਲੇਖ 1917 ਤੋਂ ਪਹਿਲਾਂ ਲਿਖੇ ਗਏ, ਬਾਅਦ ਵਿੱਚ ਲਿਖੇ ਲੇਖਾਂ ਬਾਰੇ ਤਾਂ ਕਿਹਾ ਜਾ

ਸਕਦਾ ਸੀ ਕਿ ਗ਼ਦਰੀ ਰੂਸੀ ਇਨਕਲਾਬ ਤੋਂ ਪ੍ਰਭਾਵਿਤ ਹੋ ਗਏ ਸਨ। ਪਰ ਗ਼ਦਰ ਲਹਿਰ ਤਾਂ ਆਪਣੇ ਸ਼ੁਰੂ ਤੋਂ ਹੀ ਧਰਮਾਂ ਅਤੇ ਦੇਸ਼ਾਂ ਦੀਆਂ ਹਦਬੰਦੀਆਂ ਤੋਂ ਉੱਪਰ ਉੱਠ ਚੁੱਕੀ ਸੀ। ਉਹ ਧਰਮ ਨੂੰ ਇੱਕ ਜਾਤੀ ਮਸਲਾ ਸਮਝਦੇ ਸਨ। ਉਨ੍ਹਾਂ ਅਨੁਸਾਰ-*ਝਗੜੇ ਮੁੱਕ ਜਾਸਨ ਦੀਨ ਮਜ਼ਹਬ ਵਾਲੇ, ਰਾਜਨੀਤੀ ਦੀ ਜਦੋਂ ਵਿਚਾਰ ਹੋ ਸੀ।*

ਗ਼ਦਰ ਦੇ 16 ਜੂਨ 1916 ਦੇ ਅੰਕ ਵਿੱਚ ਇੱਕ ਲੇਖ ਹੈ **'ਗ਼ਦਰ ਪਾਰਟੀ ਅਤੇ ਮਜ਼੍ਹਬੀ ਝਗੜੇ।'** ਇਸ ਵਿੱਚੋਂ ਕੁੱਝ ਅੰਸ਼ ਪੇਸ਼ ਹਨ - ਵਾਰ ਵਾਰ ਅਖ਼ਬਾਰ ਵਿੱਚ ਲਿਖਿਆ ਜਾ ਚੁੱਕਾ ਹੈ ਕਿ ਅਖ਼ਬਾਰ ਗ਼ਦਰ ਮਜ਼੍ਹਬੀ ਬਖੇੜਿਆਂ ਤੋਂ ਰਹਿਤ ਹੋ ਕੇ ਅੰਗਰੇਜ਼ੀ ਗਵਰਨਮੈਂਟ ਦੀਆਂ ਹਿੰਦੁਸਤਾਨ ਵਿੱਚੋਂ ਜੜ੍ਹਾਂ ਪੁੱਟਣ ਦਾ ਠੇਕੇਦਾਰ ਹੈ। ਇਸ ਅਖ਼ਬਾਰ ਨੂੰ ਹਿੰਦੂ, ਸਿੱਖ, ਮੁਸਲਮਾਨਾਂ ਦੀਆਂ ਮਜ਼੍ਹਬੀ ਗੱਲਾਂ ਨਾਲ ਕੋਈ ਲਗਾਉ ਨਹੀਂ ਹੈ। ਚਾਹੇ ਕਿਸੇ ਦਾ ਕੋਈ ਮਜ਼੍ਹਬ ਹੋਵੇ, ਗ਼ਦਰ ਨਾ ਕਿਸੇ ਨੂੰ ਬੁਰਾ ਕਹਿੰਦਾ ਹੈ ਤੇ ਨਾ ਕਿਸੇ ਨੂੰ ਭਲਾ ਕਹਿੰਦਾ ਹੈ ਤੇ ਨਾ ਹੀ ਕਹੇਗਾ...। ਹਿੰਦੁਸਤਾਨੀ ਹੁਣ ਭਲੇ ਬੁਰੇ ਨੂੰ ਪਰਖਣ ਲੱਗ ਪਏ ਹਨ। ਇਹ ਦੇਖਕੇ ਕਈ ਪੁਰਾਣੇ ਬਦਮਾਸ਼ ਲੋਕਾਂ ਨੂੰ ਖੌਫ ਹੋਇਆ ਹੈ ਕਿ ਸਾਡੀ ਰੋਜੀ ਨਾ ਮਾਰੀ ਜਾਵੇ। ਅੱਜਕੱਲ੍ਹ ਉਨ੍ਹਾਂ ਵਿੱਚੋਂ ਕਈ ਬਦਮਾਸ਼ ਗ਼ਦਰ ਪਾਰਟੀ ਦੇ ਵਿਰੁੱਧ ਮਜ਼੍ਹਬੀ ਅੱਗ ਭੜਕਾਉਂਦੇ ਫਿਰ ਰਹੇ ਹਨ। ਖ਼ਬਰ ਆਈ ਹੈ ਕਿ ਕੁੱਝ ਰੱਦੀ ਆਦਮੀ ਕੈਲੀਫੋਰਨੀਆਂ ਦੇ ਹਿੰਦੁਸਤਾਨੀ ਲੋਕਾਂ ਵਿੱਚ ਇਹ ਝੂਠੀ ਖ਼ਬਰ ਫੈਲਾ ਰਹੇ ਹਨ ਕਿ ਗ਼ਦਰ ਪਾਰਟੀ ਵਾਲੇ ਸਿੱਖ ਧਰਮ ਨੂੰ ਬੁਰਾ ਸਮਝਦੇ ਹਨ। ਅਸੀਂ ਸਾਫ ਕਹਿੰਦੇ ਹਾਂ ਕਿ ਗ਼ਦਰ ਪਾਰਟੀ ਵਿੱਚ ਹਿੰਦੂ, ਸਿੱਖ, ਮੁਸਲਮਾਨ, ਆਰੀਆ, ਜੈਨੀ, ਆਸਤਕ ਤੇ ਨਾਸਤਕ, ਸਾਰੇ ਮਜ਼੍ਹਬਾਂ ਦੇ ਹਿੰਦੁਸਤਾਨੀ ਸ਼ਾਮਿਲ ਹਨ। ਗ਼ਦਰ ਪਾਰਟੀ ਨਾ ਕਿਸੇ ਮਜ਼੍ਹਬ ਨੂੰ ਬੁਰਾ ਕਹਿੰਦੀ ਹੈ ਨਾ ਭਲਾ। ...ਗ਼ਦਰ ਦੇ ਸਿਪਾਹੀਓ ਅਤੇ ਦੂਸਰੇ ਦੇਸ਼ ਸੇਵਕੋ, ਇੰਨ੍ਹਾਂ ਪੇਟ ਪਾਲੂ ਅਤੇ ਬੇ-ਅਸੂਲੇ ਦੇਸ਼ ਘਾਤੀਆਂ ਦੇ ਫੰਦੇ ਵਿੱਚ ਨਾ ਫਸਣਾ। ਦੇਖਣਾ ਕਿਤੇ ਇਹ ਤੁਹਾਨੂੰ ਮਜ਼੍ਹਬੀ ਪਾਖੰਡਾਂ ਤੇ ਝਗੜੇ ਵਿੱਚ ਫਸਾ ਕੇ ਉਲਟੇ ਰਸਤੇ ਨਾ ਪਾ ਦੇਣ। ਹੁਣ ਉਹ ਮੂਰਖਤਾਈ, ਗੁਲਾਮੀ ਅਤੇ ਮਜ਼ਬੀ ਝਗੜਿਆਂ ਦਾ ਵੇਲਾ ਨਹੀਂ ਹੈ। ਹੁਣ ਜਾਗੋ, ਬਹੁਤ ਸੌਂ ਲਿਆ, ਹੁਣ ਹਰ ਤਰ੍ਹਾਂ ਦੀ ਗੁਲਾਮੀ ਦੇ ਜਾਲ ਕੱਟ ਆਜਾਦ ਹੋ ਜਾਓ। ਨਾ ਅੰਗਰੇਜ਼ਾਂ ਦੀ ਗੁਲਾਮੀ ਅੱਛੀ ਹੈ, ਨਾ ਮਜ਼੍ਹਬੀ ਪਾਖੰਡੀਆਂ ਦੀ। ਇਹ ਮਜ਼੍ਹਬ ਦੇ ਆਗੂ ਵੀ ਤੁਹਾਡਾ ਮਾਸ ਉਖੇੜ ਉਖੇੜ ਖਾਣਾ ਚਾਹੁੰਦੇ ਹਨ। ਤੁਸੀਂ ਇੰਨ੍ਹਾਂ ਦੇ ਮੂਹਰੇ ਅੱਖਾਂ ਅਤੇ ਮੱਥਾ ਰਗੜੋ ਤੇ ਹੱਥ ਜੋੜੋ ਅਤੇ ਇਹ ਵੇਹਲੇ ਖਾ ਕੇ ਢਿੱਡ ਤੇ ਹੱਥ ਫੇਰ ਛੱਡਣ। ...ਗ਼ਦਰ ਪਾਰਟੀ ਕਿਸੇ ਨੂੰ ਨਰਕ ਜਾਂ ਸਵਰਗ ਨੂੰ ਭੇਜਣ ਦਾ ਠੇਕਾ ਨਹੀਂ ਲੈਂਦੀ। ਅਗਲਾ ਯੁੱਗ ਕਿਸਨੇ ਦੇਖਿਆ ਹੈ? ਮਜ਼੍ਹਬੀ ਪਾਖੰਡੀ ਐਵੇਂ ਬਕਵਾਸ ਹੀ ਕਰਦੇ ਫਿਰਦੇ ਹਨ... ਸਾਡਾ ਕੰਮ ਤੁਹਾਡੇ ਵਾਸਤੇ ਇਸ ਹੀ ਸੰਸਾਰ ਵਿੱਚ ਨਰਕ ਤੋਂ ਸਵਰਗ ਬਣਾਉਣਾ ਹੈ।

ਉਪਰੋਕਤ ਉਦਾਹਰਣਾਂ ਭਲੀ ਭਾਂਤ ਦਰਸਾਉਂਦੀਆਂ ਹਨ ਕਿ ਗ਼ਦਰ ਲਹਿਰ ਧਰਮ ਦੇ ਖਾਸੇ ਨੂੰ ਕਿੰਨੀ ਚੰਗੀ ਤਰ੍ਹਾਂ ਸਮਝਦੀ ਸੀ ਅਤੇ ਧਰਮ ਪ੍ਰਤੀ ਇਸਦੀ ਪਹੁੰਚ ਕਿੰਨੀ ਸੰਤੁਲਿਤ ਸੀ। ਪ੍ਰੋ. ਰਣਧੀਰ ਸਿੰਘ ਦੇ ਸ਼ਬਦਾਂ ਵਿੱਚ ਗ਼ਦਰੀ ਆਪਣੇ ਧੁਰ ਅੰਦਰ ਧਰਮ ਨਿਰਪੱਖ ਸਨ। ਅੱਜ ਸੌ ਸਾਲ ਬਾਅਦ ਵੀ ਧਾਰਮਕ ਸੋਚ ਵੱਲੋਂ ਪੈਦਾ ਕੀਤੀਆਂ ਜਾਂਦੀਆਂ ਮੁਸ਼ਕਿਲਾਂ ਉਸੇ ਤਰ੍ਹਾਂ ਮੌਜੂਦ ਹਨ ਸਗੋਂ ਕੁੱਝ ਪੱਖਾਂ ਤੋਂ ਵਧੇਰੇ ਖਤਰਨਾਕ ਰੂਪ ਧਾਰਨ ਕਰੀ ਬੈਠੀਆਂ ਹਨ। ਤਦ ਇਸ ਸਹੀ ਪਹੁੰਚ ਤੇ ਪਹਿਰਾ ਦੇਣਾ ਹੋਰ ਵੀ ਵੱਧ ਜਰੂਰੀ ਹੈ।

ਗ਼ਦਰੀਆਂ ਤੋਂ ਪ੍ਰੇਰਣਾ ਲੈਣ ਵਾਲੀ ਇੱਕ ਹੋਰ ਵੱਡੀ ਗੱਲ ਇਹ ਹੈ ਕਿ ਗ਼ਦਰ ਲਹਿਰ ਦੀ ਅੰਗਰੇਜ਼ਾਂ ਖਿਲਾਫ਼ ਪਹਿਲੀ ਅਸਫ਼ਲਤਾ ਤੋਂ ਬਾਅਦ ਉਹ ਕਿਸੇ ਧਾਰਮਿਕ ਲਹਿਰ ਵੱਲ ਨਹੀਂ ਝੁਕੇ ਸਗੋਂ ਸੰਸਾਰ ਸਮਾਜਵਾਦੀ ਲਹਿਰ ਨਾਲ ਜੁੜ ਕੇ ਹੋਰ ਵੀ ਵੱਧ ਵਿਗਿਆਨਕ ਸੂਝ ਨਾਲ ਲੈਸ ਹੋਏ ਅਤੇ ਭਾਰਤੀ ਲੋਕਾਂ ਨੂੰ ਇਨਕਲਾਬੀ ਸਿਆਸਤ ਦੁਆਲੇ ਲਾਮਬੰਦ ਕਰਨ ਦੇ ਕਾਰਜ ਵਿੱਚ ਜੁਟ ਗਏ। ਸੌ ਗ਼ਦਰੀਆਂ ਦੀਆਂ ਕੁਰਬਾਨੀਆਂ ਹੀ ਵੱਡੀਆਂ ਨਹੀਂ ਸਨ ਸਗੋਂ ਉਨ੍ਹਾਂ ਦੀ ਸੋਚ ਵੀ ਬਹੁਤ ਉੱਚੀ-ਸੁੱਚੀ ਸੀ ਜੋ ਅੱਜ ਸੌ ਸਾਲ ਬਾਅਦ ਵੀ ਸਾਡੇ ਲਈ ਰਾਹ ਦਰਸਾਊ ਹੈ।

98767-10809

ਫਾਸ਼ੀਵਾਦ ਦਾ ਵਧ ਰਿਹਾ ਖਤਰਾ

ਹੇਮ ਰਾਜ ਸਟੈਨੋ



ਅੱਜ ਉਭਰ ਰਹੇ ਫਾਸ਼ੀਵਾਦ ਦੇ ਖਤਰੇ ਸਬੰਧੀ ਗੱਲ ਕਰਨ ਜਾ ਰਹੇ ਹਾਂ। ਪਹਿਲਾਂ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਫਾਸ਼ੀਵਾਦ ਹੁੰਦਾ ਕੀ ਹੈ? ਫਾਸ਼ੀਵਾਦ ਇੱਕ ਅਜਿਹੀ ਨੰਗੀ-ਚਿੱਟੀ ਤਾਨਾਸ਼ਾਹੀ ਹੁੰਦੀ ਹੈ ਜਿਸ ਅਧੀਨ ਸਾਰੇ ਦੇ ਸਾਰੇ ਅਧਿਕਾਰ ਤੇ ਸ਼ਕਤੀਆਂ ਕਿਸੇ ਵੀ ਸਿਆਸੀ ਦਲ ਦੇ ਕਿਸੇ ਨਾ ਕਿਸੇ ਅਖੌਤੀ ਕਰਿਸ਼ਮਾ ਕਰਨ ਵਾਲੇ ਆਗੂ ਦੇ ਹੱਥ 'ਚ ਕੇਂਦਰਤ ਹੁੰਦੇ ਹਨ।

ਫਾਸ਼ੀਵਾਦ ਅਧੀਨ ਆਮ ਨਾਗਰਿਕ ਨੂੰ ਛੁਟਿਆਉਂਦਿਆਂ ਰਾਸ਼ਟਰ ਦੇ ਹਿਤਾਂ ਨੂੰ ਸਰਵ-ਉੱਚ ਪਹਿਲ ਦੇਣ ਦਾ ਵਿਖਾਵਾ ਕੀਤਾ ਜਾਂਦਾ ਹੈ ਜਿਵੇਂ ਅੱਜ-ਕੱਲ ਭਾਜਪਾ ਦਾ ਪ੍ਰਧਾਨ ਮੰਤਰੀ ਦਾ ਉਮੀਦਵਾਰ ਨਰਿੰਦਰ ਮੋਦੀ ਵੀ "ਭਾਰਤ ਪਹਿਲਾਂ" ਦਾ ਨਾਹਰਾ ਲਗਾ ਰਿਹਾ ਹੈ। ਇਸ ਧਾਰਨਾ ਪਿੱਛੇ ਕਿਹੜੀ ਖਤਰਨਾਕ ਅਤੇ ਘਾਤਕ ਸੋਚ ਛੁਪੀ ਹੋਈ ਹੈ, ਲਓ ਦੇਖੋ।

ਇੱਕ ਪਰਿਵਾਰ ਦੀ ਮਿਸਾਲ ਲਵੋ। ਪਰਿਵਾਰ ਦੇ ਕੁੱਝ ਮੈਂਬਰ ਹੱਢ-ਭੰਨਵੀਂ ਮਿਹਨਤ ਕਰਦੇ ਹਨ ਪਰ ਉਸੇ ਪਰਿਵਾਰ ਦੇ ਇੱਕ ਜਾਂ ਦੋ ਮੈਂਬਰ ਕੁੱਝ ਨਹੀਂ ਕਰਦੇ ਬਲਕਿ ਵਿਹਲੇ ਰਹਿਕੇ ਉਨ੍ਹਾਂ 'ਤੇ ਹਕੂਮਤ ਕਰਦੇ ਹਨ, ਚੰਗੇਰੀਆਂ ਸੁੱਖ-ਸਹੂਲਤਾਂ ਵਾਲਾ ਜੀਵਨ ਬਤੀਤ ਕਰਦੇ ਹਨ। ਇਸ ਦੇ ਉਲਟ ਕਮਾਊ ਮੈਂਬਰ ਪਾਟੇ-ਝੀਟੇ ਕੱਪੜੇ ਪਹਿਨਦੇ ਹਨ, ਰੁੱਖਾ ਮਿੱਸਾ ਖਾਂਦੇ ਹਨ। ਕਮਾਊ ਮੈਂਬਰਾਂ ਦੀ ਕਮਾਈ ਕਾਰਨ ਅਜਿਹੇ ਪਰਿਵਾਰ ਦੀ ਧਨ-ਸੰਪਤੀ ਵਧਦੀ ਜਾਂਦੀ ਹੈ। ਜੇਕਰ ਵਿਹਲੜ ਇੱਕ ਜਾਂ ਦੋ ਮੈਂਬਰ ਕਹੀ ਜਾਣ ਕਿ ਦੇਖੋ ਪਰਿਵਾਰ ਕੋਲ ਧਨ-ਸੰਪਤੀ ਵਧਦੀ ਜਾਂਦੀ ਹੈ ਅਤੇ ਪਰਿਵਾਰ ਦਾ ਨਾਂ ਉੱਚਾ ਹੋ ਰਿਹਾ ਹੈ, ਪਰਿਵਾਰ ਤਰੱਕੀ ਕਰ ਰਿਹਾ ਹੈ ਤਾਂ ਕੀ ਇਹ ਠੀਕ ਹੋਵੇਗਾ? ਨਹੀਂ। ਕਿਉਂਕਿ ਕਮਾਊ ਤਾਂ ਭੁੱਖੇ ਰਹਿ ਰਹੇ ਹਨ। ਇਸ ਸਥਿਤੀ ਵਿੱਚ ਕਮਾਊ ਮੈਂਬਰਾਂ ਦੇ ਬੁੜਬੁੜ ਕਰਨ 'ਤੇ ਜੇਕਰ ਪਰਿਵਾਰ ਦਾ ਮੋਢੀ ਉਨ੍ਹਾਂ ਨੂੰ ਕਹੇ ਕਿ 'ਤੁਸੀਂ ਤਾਂ ਐਵੇਂ ਰੌਲਾ ਪਾਉਂਦੇ ਹੋ, ਤੁਹਾਨੂੰ ਆਪ ਨਾਲੋਂ ਪਰਿਵਾਰ ਨੂੰ ਪਹਿਲ ਦੇਣੀ ਚਾਹੀਦੀ ਹੈ' ਤਾਂ ਇਸਦਾ ਇਹ ਅਰਥ ਬਣ ਜਾਂਦਾ ਹੈ ਕਿ ਉਸ ਦੀ ਨਜ਼ਰ ਵਿੱਚ ਵਿਹਲੜ ਅਤੇ ਅਯਾਸ਼ ਚੌਧਰੀ ਹੀ ਪਰਿਵਾਰ ਹਨ। ਉਸਨੇ ਪਰਿਵਾਰ ਵਿੱਚੋਂ ਕਮਾਊ ਮੈਂਬਰਾਂ ਨੂੰ ਮਨਫੀ ਕੀਤਾ ਹੋਇਆ ਅਤੇ "ਪਹਿਲਾਂ ਪਰਿਵਾਰ' ਕਹਿਣ ਪਿੱਛੇ ਉਸਦਾ ਮਕਸਦ ਸਿਰਫ ਇਹੀ ਹੈ ਕਿ ਉਹ ਵਿਹਲਾ ਰਹਿਕੇ ਅਯਾਸ਼ੀ ਕਰਨ ਅਤੇ ਚੌਧਰ ਕਾਇਮ ਰੱਖੀ ਰੱਖਣਾ ਚਾਹੁੰਦਾ ਹੈ।

ਜਿਵੇਂ ਆਪਾਂ ਨੂੰ ਪਤਾ ਹੀ ਹੈ ਕਿ ਸਾਡੇ ਦੇਸ਼ ਦੇ 80 ਪ੍ਰਤੀਸ਼ਤ ਲੋਕ ਸਿਰਫ 20 ਰੁਪੈ ਰੋਜ਼ਾਨਾ ਦੀ ਆਮਦਨ 'ਤੇ ਗੁਜ਼ਾਰਾ ਕਰ ਰਹੇ ਹਨ ਅਤੇ ਦੂਸਰੇ ਪਾਸੇ ਕੁੱਝ ਸਰਮਾਏਦਾਰਾਂ ਦਾ ਰੋਜ਼ਾਨਾ ਦਾ ਖਰਚਾ 8-8 ਅਤੇ 10-10 ਲੱਖ ਹੈ। ਹੁਣ ਜੇਕਰ ਕੋਈ ਕਹੇ ਕਿ ਤੁਸੀਂ ਇਹ ਵਖਰੇਵੇਂ ਭੁੱਲ ਜਾਵੋ ਪਰ ਦੇਖੋ ਭਾਰਤ ਤਰੱਕੀ ਕਰ ਰਿਹਾ ਹੈ ਤਾਂ ਇਹ ਉਪਰੋਕਤ ਪਰਿਵਾਰ ਵਾਲੀ ਮਿਸਾਲ ਦੀ ਗੱਲ ਹੀ ਬਣ ਜਾਂਦੀ ਹੈ। ਸਾਡਾ ਇੱਥੇ ਕਹਿਣ ਤੋਂ ਭਾਵ ਇਹ ਨਹੀਂ ਕਿ ਸਾਡੇ ਲਈ ਦੇਸ ਦਾ ਕੋਈ ਮਹੱਤਵ ਨਹੀਂ, ਪਰ ਕਮਾਊ ਤੇ ਗਰੀਬ ਜਨਤਾ ਨੂੰ "ਦੇਸ਼ ਪਹਿਲਾਂ" ਦਾ ਨਾਹਰਾ ਲਾ ਕੇ ਵਿਸਾਰ ਦੇਣਾ ਅਸਲ ਵਿੱਚ 'ਅਮੀਰ ਪਹਿਲਾਂ' ਹੀ ਬਣ ਜਾਂਦਾ ਹੈ। ਅਤੇ ਜੇਕਰ ਭੁੱਖੇ ਲੋਕ ਕੋਈ ਆਵਾਜ਼ ਉਠਾਉਣ ਤਾਂ "ਪਹਿਲਾਂ ਭਾਰਤ" ਦੀ ਸੋਚੋ ਕਹਿਕੇ ਉਨ੍ਹਾਂ ਨੂੰ ਡੰਡੇ ਨਾਲ ਚੁੱਪ ਕਰਾਉਣਾ ਤਾਨਾਸ਼ਾਹੀ ਬਣ ਜਾਂਦਾ ਹੈ।

ਲੁਕਵਾਂ ਅਤੇ ਨੰਗੇ-ਚਿੱਟੇ ਰੂਪ 'ਚ ਫਾਸ਼ੀਵਾਦ:

ਆਮ ਤੌਰ 'ਤੇ ਲੁੱਟ ਤੇ ਆਧਾਰਤ ਢਾਂਚੇ 'ਤੇ ਬਣੀ ਹਰ ਹਕੂਮਤ ਦਾ ਸਮੁੱਚੇ ਰੂਪ 'ਚ ਚਰਿੱਤਰ ਫਾਸ਼ੀ ਹੀ ਹੁੰਦਾ ਹੈ। ਫਰਕ ਸਿਰਫ ਇਹ ਹੁੰਦਾ ਹੈ ਕਿ ਆਮ ਹਾਲਤਾਂ ਅੰਦਰ ਹਕੂਮਤ ਦੇ ਵੱਖੋ-ਵੱਖਰੇ ਧੜੇ ਹੁੰਦੇ ਹਨ। ਹਾਂ, ਇਨ੍ਹਾਂ ਵਿੱਚ ਇੱਕ ਧੜਾ ਨਰਮ-ਦਲੀਆ ਅਤੇ ਦੂਸਰਾ ਨੰਗੇ-ਚਿੱਟੇ ਰੂਪ 'ਚ ਤਾਨਾਸ਼ਾਹੀ ਲਾਗੂ ਕਰਨ ਵਾਲਾ ਹੁੰਦਾ ਹੈ, ਜਿਸ ਧੜੇ ਨੂੰ ਸੱਜ-ਪਿਛਾਖੜੀ **(Right-wing)** ਵੀ ਕਿਹਾ ਜਾਂਦਾ ਹੈ। ਜਿੰਨੀ ਦੇਰ ਤੱਕ ਹਕੂਮਤਾਂ ਨੂੰ ਨੰਗੀ-ਚਿੱਟੀ ਤਾਨਾਸ਼ਾਹੀ ਲਾਗੂ ਕਰਨ ਦੀ ਲੋੜ ਨਹੀਂ ਹੁੰਦੀ ਓਨਾ ਚਿਰ ਇਹ ਆਮ ਲੋਕਾਂ ਨੂੰ ਕੁੱਝ ਨਾ ਕੁੱਝ ਜਮਹੂਰੀ ਹੱਕ ਅਤੇ ਅੰਸ਼ਕ ਰੂਪ 'ਚ ਕੁੱਝ ਆਰਥਕ ਰਿਆਇਤਾਂ ਵਗੈਰਾ ਦਿੰਦੀਆਂ ਰਹਿੰਦੀਆਂ ਹਨ। ਇਸ ਤਰ੍ਹਾਂ ਕਰਦਿਆਂ ਇਹ ਹਕੂਮਤਾਂ ਜਮਹੂਰੀਅਤ ਦਾ ਲਿਬਾਸ ਪਾਈ ਰੱਖਦੀਆਂ ਹਨ। ਕਿਉਂਕਿ ਫਿਰਕੂ ਦੰਗੇ ਜਾਂ ਕਿਸੇ ਫਿਰਕੇ ਦੀ ਨਸਲਕੁਸ਼ੀ ਫਾਸ਼ੀਵਾਦ ਦਾ ਗਾੜ੍ਹਾ ਪ੍ਰਗਟਾਵਾ ਹੁੰਦਾ ਹੈ, ਇਸ ਲਈ ਆਪਾਂ ਆਪਣੇ ਦੇਸ਼ 'ਤੇ ਹਕੂਮਤ ਕਰਦੀਆਂ ਨਰਮ-ਦਲੀਆਂ ਅਤੇ ਸੱਜ-ਪਿਛਾਖੜੀ ਧਿਰਾਂ ਦੇ ਹਕੂਮਤੀ ਇਤਿਹਾਸ 'ਤੇ ਇੱਕ ਸਰਸਰੀ ਨਜ਼ਰ ਮਾਰਦੇ ਹਾਂ।

ਪਹਿਲਾਂ ਕਾਂਗਰਸ ਹਕੂਮਤ ਦੀ ਗੱਲ ਕਰਦੇ ਹਾਂ। ਸੰਨ 1975 'ਚ ਇੰਦਰਾ ਗਾਂਧੀ ਨੇ ਸਾਡੇ ਮੁਲਕ 'ਤੇ ਐਮਰਜੈਂਸੀ ਲਾਈ, ਇਸੇ ਹਕੂਮਤ ਅਧੀਨ ਜੱਬਲਪੁਰ 'ਚ 1961 'ਚ, ਅਹਿਮਦਾਬਾਦ 1969 ਤੇ 1984, ਭਿਵੰਡੀ 'ਚ 1970 ਅਤੇ 84, 1984 'ਚ ਸਿੱਖਾਂ ਦਾ ਕਤਲੇਆਮ, 1989 'ਚ ਭਾਗਲਪੁਰ, 1981 'ਚ ਮੁਰਾਦਾਬਾਦ ਅਤੇ ਗੋਧਰਾ 'ਚ, ਮੇਰਠ 'ਚ 1987 ਆਦਿ ਥਾਵਾਂ 'ਤੇ ਫਿਰਕੂ ਦੰਗੇ ਅਤੇ ਕਤਲੇਆਮ ਹੋਏ। ਭਾਜਪਾ ਵੱਲੋਂ ਬਾਬਰੀ ਮਸਜਿਦ ਢਾਹੁਣਾ, ਗੋਧਰਾ ਕਾਂਡ ਦੇ ਬਹਾਨੇ ਹੇਠ ਗੁਜਰਾਤ ਦੇ ਅਹਿਮਦਾਬਾਦ ਦੇ ਜ਼ਿਲੇ ਦੇ ਨਰੋਦਾ ਪਾਤੀਆ ਵਿੱਚ ਮੁਸਲਿਮ ਭਾਈਚਾਰੇ ਦੀ ਨਸ਼ਲਕੁਸੀ ਕਰਨਾ ਜਿਸਦੀ ਅਗਵਾਈ ਕਰਨ ਵਾਲੇ ਬਾਬੂ ਬਜਰੰਗੀ ਨੇ ਮੰਨਿਆ,"ਮੇਰੀ ਐਫ.ਆਈ.ਆਰ. ਵਿੱਚ ਲਿਖਿਆ ਗਿਆ ਹੈ ਕਿ ਮੈਂ ਮੁਸਲਿਮ ਗਰਭਵਤੀ ਔਰਤ ਦਾ ਤਲਵਾਰ ਨਾਲ ਪੇਟ ਚੀਰ ਕੇ ਉਸ ਵਿੱਚੋਂ ਬੱਚਾ ਕੱਢਕੇ ਬਾਹਰ ਸੁੱਟ ਦਿੱਤਾ।ਮੁਸਲਿਮਾਂ ਨੂੰ ਮਾਰਨ ਤੋਂ ਬਾਅਦ ਅਸੀਂ ਮਹਰਾਣਾ ਪਰਤਾਪ ਦੀ ਤਰ੍ਹਾਂ ਮਹਿਸੂਸ ਕੀਤਾ। ... .ਜਦੋਂ ਦੰਗੇ ਚਾਲੂ ਸਨ ਤਾਂ ਅਸੀਂ ਉਨ੍ਹਾਂ ਦੀ ਕੁਮੈਂਟਰੀ ਗ੍ਰਹਿ ਮੰਤਰੀ ਨੂੰ ਸੁਣਾ ਰਹੇ ਸਾਂ। ਮੋਦੀ ਨੇ ਵੀ ਕਈ ਤਰੀਕਿਆਂ ਨਾਲ ਸਾਡੀ ਮੱਦਦ ਕੀਤੀ।.. ਜਦੋਂ ਮੈਨੂੰ ਗ੍ਰਿਫਤਾਰ ਕੀਤਾ ਗਿਆ ਤਾਂ ਉਸਨੇ ਮੇਰੀ ਜ਼ਮਾਨਤ ਸੁਖਾਲੀ ਹੋ ਸਕਣ ਲਈ ਹੇਠਲੀਆਂ ਅਦਾਲਤਾਂ ਦੇ ਤਿੰਨਾਂ ਜੱਜਾਂ ਦੀ ਬਦਲੀ ਕਰ ਦਿੱਤੀ।...ਉਹ ਨਰੋਦਾ ਪਾਤੀਆ ਆਇਆ, ਸਾਡੇ ਜੋਸ਼ੋਖਰੋਸ਼ ਨੂੰ ਦੇਖਕੇ ਸਾਡਾ ਧੰਨਵਾਦ ਕੀਤਾ।" ਹੁਣ ਯੂ.ਪੀ. ਦੇ ਮੁਜ਼ੱਫਰਪੁਰ 'ਚ 53 ਲੋਕਾਂ ਦਾ ਘਾਣ ਕਰਵਾਇਆ।

ਇਸਤੋਂ ਇਲਾਵਾ ਕਾਂਗਰਸ ਅਤੇ ਭਾਜਪਾ ਵਰਗੀਆਂ ਹਕੂਮਤੀ ਪਾਰਟੀਆਂ ਵੱਲੋਂ ਝੂਠੇ ਪੁਲਿਸ ਮੁਕਾਬਲੇ ਬਣਾਏ ਜਾਣ ਦੀ ਗੱਲ ਤਾਂ ਜੱਗ ਜ਼ਾਹਰ ਹੋ ਹੀ ਚੁੱਕੀ ਹੈ ਜਿਵੇਂ ਗੁਜਰਾਤ 'ਚ ਇਸ਼ਰਤ ਜਹਾਂ ਝੂਠੇ ਪੁਲਿਸ ਮੁਕਾਬਲੇ ਦੇ ਦੋਸ਼ੀ ਡੀ.ਜੀ.ਵਣਜਾਰਾ ਨੇ ਖੁਲਾਸਾ ਕੀਤਾ ਹੈ ਕਿ ਉਹ ਜਿਹੜੇ ਝੂਠੇ ਪੁਲਿਸ ਮੁਕਾਬਲੇ ਬਣਾਉਂਦੇ ਸਨ ਉਹ ਹਕੂਮਤ ਦੀ ਨੀਤੀ ਅਨੁਸਾਰ ਬਣਾਉਂਦੇ ਸਨ। ਇਵੇਂ ਕਾਂਗਰਸ ਪਾਰਟੀ ਵੱਲੋਂ ਪੰਜਾਬ ਅਤੇ ਹੋਰ ਰਾਜਾਂ ਅੰਦਰ ਝੂਠੇ ਪੁਲਿਸ ਮੁਕਾਬਲੇ ਬਣਾਉਣੇ। ਅਤੇ ਇਹ ਹੁਣ ਵੀ ਕਿੰਨੇ ਰਾਜਾਂ ਅੰਦਰ ਇਹ ਵਰਤਾਰਾ ਚਾਲੂ ਹੈ, ਖਾਸ ਕਰਕੇ ਕਬਾਇਲੀ ਖੇਤਰਾਂ ਅੰਦਰ।

ਇਹੀ ਨਹੀਂ ਬਲਕਿ ਸਾਰੀਆਂ ਹਕੂਮਤਾਂ ਵੱਲੋਂ ਆਰਮਡ ਫੋਰਸਜ਼ ਸਪੈਸ਼ਲ ਪਾਵਰ ਐਕਟ (ਅਫਸਪਾ), ਗੈਰ-ਗਾਨੂੰਨੀ ਗਤੀਵਿਧੀਆਂ ਰੋਕੂ ਐਕਟ (ਯੂਏਪੀਏ), ਟਾਡਾ, ਪੋਟਾ ਵਗੈਰਾ ਜ਼ਾਬਰ ਕਾਨੂੰਨ ਬਣਾਉਣ ਅਤੇ ਲੋਕਾਂ 'ਤੇ ਜ਼ਬਰ ਢਾਹੁਣ 'ਚ ਵੀ ਇਹ ਸਾਰੇ ਇੱਕਮਿੱਕ ਹਨ। ਇੱਥੇ ਇੱਕ ਜ਼ਾਬਰ ਕਾਨੂੰਨ ਅਫਸਪਾ ਬਾਰੇ ਦੇਖਣਾ ਠੀਕ ਰਹੇਗਾ। ਇਹ ਕਾਨੂੰਨ ਸੁਰੱਖਿਆਂ ਬਲਾਂ ਨੂੰ ਇੰਨੀਆਂ ਅੰਨੀਆਂ ਸ਼ਕਤੀਆਂ ਦਿੰਦਾ ਹੈ ਕਿ ਉਹ ਕੁੱਝ ਵੀ ਕਰ ਸਕਦੇ ਹਨ-ਲੁੱਟ ਸਕਦੇ ਹਨ, ਔਰਤਾਂ ਨਾਲ ਬਲਾਤਕਾਰ ਕਰ ਸਕਦੇ ਹਨ, ਝੂਠੇ ਪੁਲਿਸ ਮੁਕਾਬਲੇ ਬਣਾ ਸਕਦੇ ਹਨ, ਸ਼ੱਕ ਦੇ ਆਧਾਰ 'ਤੇ ਹੀ ਇਨਸਾਨ ਨੂੰ ਜਾਨੋਂ ਮਾਰ ਸਕਦੇ ਹਨ। ਉਹਨਾਂ ਨੂੰ ਕੋਈ ਕਾਨੂੰਨ ਡੱਕ ਨਹੀਂ ਸਕਦਾ। ਜੰਮੂ ਕਸ਼ਮੀਰ 'ਚ 23 ਫਰਵਰੀ, 1991 ਨੂੰ ਕੁਨਾਨ ਪਸੋਪੋਰਾ ਨਾਮੀ ਸਮੁੱਚੇ ਪਿੰਡ ਨੂੰ ਫੌਜ ਨੇ ਘੇਰਾ ਪਾ ਲਿਆ। ਉਸੇ ਹੀ ਪਿੰਡ ਦੇ ਦੋ ਮਕਾਨਾਂ ਨੂੰ ਤਸੀਹਾ ਕੇਂਦਰ ਬਣਾ ਲਿਆ। ਮਰਦਾਂ ਨੂੰ ਉੱਥੇ ਲਿਜਾਕੇ ਉਨ੍ਹਾਂ ਦੇ ਮੂੰਹ ਮਿਰਚਾਂ ਵਾਲੇ ਭਾਂਡਿਆਂ 'ਚ ਪਾਏ ਗਏ, ਉਨ੍ਹਾਂ ਦੇ ਬਿਜਲਈ ਝਟਕੇ ਲਗਾਏ ਗਏ। ਔਰਤਾਂ ਨਾਲ ਬਲਾਤਕਾਰ ਕੀਤੇ ਗਏ। ਇਹ ਇੰਨਾ ਦਰਦਨਾਕ ਕਾਂਡ ਸੀ ਕਿ 22 ਸਾਲ ਬੀਤ ਜਾਣ'ਤੇ ਵੀ ਲੋਕ ਇਸਦੇ ਸਦਮੇ 'ਚੋਂ ਨਹੀਂ ਨਿਕਲੇ। ਪਰ ਜਿੰਨਾਂ ਫੌਜੀ ਬਲਾਂ ਨੇ ਇਹ ਕਾਂਡ ਰਚਾਇਆ ਉਨ੍ਹਾਂ 'ਤੇ ਹਾਲੇ ਤੱਕ ਕੋਈ ਕਾਨੂੰਨੀ ਕਾਰਵਾਈ ਨਹੀਂ ਹੋਈ। ਇੱਕ ਬਜੁਰਗ ਅੱਜ ਵੀ ਕਹਿ ਰਿਹਾ ਹੈ, "ਜਦੋਂ ਦਿੱਲੀ 'ਚ ਇੱਕ ਲੜਕੀ ਨਾਲ ਬਲਾਤਕਾਰ ਹੋਇਆ ਤਾਂ ਉਸਦੇ ਵਿਰੋਧ 'ਚ 15 ਦਿਨ ਮੋਮ-ਬੱਤੀਆਂ ਜਲਾਈਆਂ ਗਈਆਂ ਪਰ ਸਾਡੇ ਲਈ ਨਿਆਂ ਕਿੱਥੇ ਹੈ?"। (ਹਿੰਦੂ 30.6.2013)

ਸੋ ਸਿੱਟਾ ਇਹ ਕਿ ਸਾਡੀਆਂ ਹਕੂਮਤਾਂ ਨੇ ਜਮਹੂਰੀਅਤ ਦੇ ਨਕਾਬ ਹੇਠ ਫਾਸ਼ੀ ਚਿਹਰਾ ਲੁਕੋਇਆ ਹੋਇਆ ਹੈ। ਪਰ ਜਦੋਂ ਇਹ ਹਕੂਮਤਾਂ ਆਮ ਦੀ ਤਰ੍ਹਾਂ ਹਕੂਮਤ ਨਾ ਕਰ ਸਕਦੀਆਂ ਹੋਣ ਤਾਂ ਇਹ ਨੰਗੇ-ਚਿੱਟੇ ਫਾਸ਼ੀਵਾਦ 'ਤੇ ਉਤਰ ਪੈਂਦੀਆਂ ਹਨ। ਇਹ ਇੱਧਰ ਨੂੰ ਚੱਲ ਪਈਆਂ ਹਨ ਜਾਂ ਨਹੀਂ, ਇਸ ਤੋਂ ਪਹਿਲਾਂ ਦੇਸ਼ ਦੇ ਆਰਥਕ ਤੇ ਸਿਆਸੀ ਦ੍ਰਿਸ਼ 'ਤੇ ਇੱਕ ਪੰਛੀ ਝਾਤ ਮਾਰਦੇ ਹਾਂ।

ਸਾਲ 1990 ਤੋਂ ਸਾਡੇ ਦੇਸ਼ ਅੰਦਰ ਸੰਸਾਰੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਲਾਗੂ ਕੀਤੀਆਂ ਗਈਆਂ।ਇਹ ਨੀਤੀਆਂ ਕੀ ਹਨ, ਇਹ ਇਸ ਲੇਖ ਦਾ ਵਿਸ਼ਾ ਨਹੀਂ ਹੈ, ਪਰ ਇੱਕ ਗੱਲ ਸਾਫ ਹੈ ਕਿ ਇਨ੍ਹਾਂ ਨੇ ਸਾਡੇ ਦੇਸ਼ ਅੰਦਰ ਗਰੀਬੀ ਵੀ ਵਧੀ ਹੈ ਅਤੇ ਅਮੀਰੀ-ਗਰੀਬੀ ਦਾ ਪਾੜਾ ਵੀ। ਜਿਵੇਂ ਸਰਕਾਰੀ ਸਰਵੇਖਣ ਹੀ ਦਰਸਾਉਂਦੇ ਹਨ ਕਿ 80 ਪ੍ਰਤੀਸ਼ਤ ਲੋਕ 20 ਰੁਪੈ ਰੋਜ਼ਾਨਾ ਦੀ ਆਮਦਨ 'ਤੇ ਗੁਜ਼ਾਰਾ ਕਰ ਰਹੇ ਹਨ।

ਇਨ੍ਹਾਂ ਲੋਕਾਂ ਨੂੰ ਦੋ ਡੰਗ ਦੀ ਰੋਟੀ ਵੀ ਨਹੀਂ ਮਿਲਦੀ। 25 ਲੱਖ ਲੋਕ ਤਾਂ ਭੁੱਖ ਨਾਲ ਸਾਲ ਭਰ 'ਚ ਮਰ ਜਾਂਦੇ ਹਨ। ਸਿਹਤ ਸਹੂਲਤ, ਵਿੱਦਿਆ ਆਦਿ ਦੀ ਮਾੜੀ ਮੋਟੀ ਜਿਹੜੀ ਸਹੂਲਤ ਪਹਿਲਾਂ ਮਿਲ ਜਾਂਦੀ ਸੀ ਉਹ ਵੀ ਲਗਭਗ ਖਤਮ ਹੋ ਗਈ ਹੈ। ਮਹਿੰਗਾਈ ਵਧ ਰਹੀ ਹੈ ਅਤੇ ਇਹ ਗਰੀਬਾਂ ਨੂੰ ਹੋਰ ਗਰੀਬੀ ਵੱਲ ਧੱਕ ਰਹੀ ਹੈ। ਇੱਕ ਪਾਸੇ 80 ਪ੍ਰਤੀਸ਼ਤ ਲੋਕਾਂ ਦਾ ਇਹ ਹਾਲ ਹੈ ਦੂਸਰੇ ਪਾਸੇ ਸਾਡੇ ਦੇਸ਼ ਦੇ 55 ਅਮੀਰ ਖਰਬਪਤੀਆਂ ਦੀ ਕਤਾਰ 'ਚ ਜਾ ਖੜੇ ਹਨ। ਸੋ ਇਸ ਤਰ੍ਹਾਂ ਅਮੀਰੀ ਅਤੇ ਗਰੀਬੀ ਦਾ ਪਾੜਾ ਵੀ ਵਧ ਰਿਹਾ ਹੈ। ਦੇਸ਼ ਅਤੇ ਸਮੁੱਚੇ ਸੰਸਾਰ 'ਤੇ ਹੀ ਕਿਸੇ ਨਾ ਕਿਸੇ ਨੀਤੀ ਦਾ ਚੰਗਾ-ਮਾੜਾ ਅਸਰ ਪੈਂਦਾ ਹੁੰਦਾ ਹੈ। ਜੇਕਰ ਕੋਈ ਵਿਅਕਤੀ ਭੋਲਾ ਹੋਵੇਗਾ ਤਾਂ ਉਹ ਤਾਂ ਇਹੀ ਕਹੇਗਾ ਕਿ ਉਸਨੂੰ ਨੀਤੀਆਂ ਦਾ ਕੋਈ ਪਤਾ-ਪੁਤਾ ਨਹੀਂ ਹੈ। ਪਰ ਜੇਕਰ ਕੋਈ ਇਹ ਕਹਿੰਦਾ ਹੈ ਕਿ ਇਹ ਸਾਰਾ ਕੁੱਝ ਇਨ੍ਹਾਂ ਨੀਤੀਆਂ ਕਰਕੇ ਨਹੀਂ ਤਾਂ ਉਹ ਵਿਅਕਤੀ ਫਰੇਬੀ ਹੈ। ਕਿਉਂਕਿ ਜੇਕਰ ਨੀਤੀਆਂ ਦਾ ਚੰਗਾ ਮਾੜਾ ਅਸਰ ਨਹੀਂ ਤਾਂ ਫਿਰ ਇਹ ਬਣਾਈਆਂ ਹੀ ਕਿਉਂ ਜਾਂਦੀਆਂ ਹਨ? ਭਾਵੇਂ ਸਾਡੇ ਦੇਸ਼ ਦੇ ਗਰੀਬਾਂ ਦੀਆਂ ਮਾੜੀਆਂ ਹਾਲਤਾਂ ਤਾਂ ਪਹਿਲਾਂ ਵੀ ਸਨ ਪਰ ਇਨ੍ਹਾਂ ਨੀਤੀਆਂ ਨੇ ਇਹ ਹੋਰ ਵਧਾ ਦਿੱਤੀਆਂ ਹਨ।

ਹਕੂਮਤੀ ਪਾਰਟੀਆਂ ਦੀ ਭਰੋਸੇ-ਯੋਗਤਾ ਦਾ ਖਤਮ ਹੋਣਾ:

ਯੂ.ਪੀ.ਏ. ਅਤੇ ਭਾਜਪਾ ਵਾਲਿਆਂ ਦਾ ਐਨ.ਡੀ.ਏ. ਹੀ ਨਹੀਂ ਬਲਕਿ ਖੇਤਰੀ ਪਾਰਟੀਆਂ ਦੇ ਨਿੱਤ-ਨਵੇਂ ਘਪਲੇ-ਘੋਟਾਲੇ-ਭ੍ਰਿਸ਼ਟਾਚਾਰ ਦੇ ਮਾਮਲੇ ਸਾਹਮਣੇ ਆ ਰਹੇ ਹਨ। ਕਈਆਂ ਮੰਤਰੀਆਂ-ਸੰਤਰੀਆਂ ਨੂੰ ਤਾਂ ਜੇਲ੍ਹ ਦੀ ਹਵਾ ਵੀ ਖਾਣੀ ਪਈ ਹੈ। ਅਜਿਹੀ ਹਾਲਤ 'ਚ ਲੋਕ ਇਨ੍ਹਾਂ ਹਾਕਮਾਂ ਦੀ ਲੁਟੇਰਾ ਖਸਲਤ ਨੂੰ ਸਮਝਣ ਲੱਗ ਪਏ ਹਨ। ਲੋਕਾਂ ਦੇ ਮਨਾਂ 'ਚ ਕਿਸੇ ਵੀ ਕੌਮੀ ਅਤੇ ਖੇਤਰੀ ਸਿਆਸੀ ਪਾਰਟੀ ਦੀ ਭਰੋਸੇਯੋਗਤਾ ਨਹੀਂ ਰਹੀ। ਲੋਕ ਇਹ ਝਾਕ ਮੁਕਾ ਚੁੱਕੇ ਹਨ ਕਿ ਹਕੂਮਤ ਕਰ ਰਹੀਆਂ ਰੰਗ-ਬਰੰਗੀਆਂ ਸਿਆਸੀ ਪਾਰਟੀਆਂ ਉਨ੍ਹਾਂ ਦੀਆਂ ਤਕਲੀਫਾਂ ਅਤੇ ਸਮੱਸਿਆਵਾਂ ਦਾ ਕੋਈ ਹੱਲ ਕਰਨਗੀਆਂ। ਲੋਕ ਉਨ੍ਹਾਂ ਦੀ ਹੁੰਦੀ ਲੁੱਟ ਅਤੇ ਉਨ੍ਹਾਂ 'ਤੇ ਹੁੰਦੇ ਜ਼ਬਰ ਖਿਲਾਫ ਉੱਠ ਵੀ ਰਹੇ ਹਨ। ਹਾਕਮ ਵੀ ਇਹ ਬੁੱਝੀ ਬੈਠੇ ਹਨ ਕਿ ਲੋਕਾਂ ਨੂੰ ਹੁਣ ਫੋਕੇ ਵਾਅਦਿਆਂ-ਦਾਅਵਿਆਂ ਨਾਲ ਪੂਰੀ ਤਰ੍ਹਾਂ ਵਿਰਿਆਇਆ ਨਹੀਂ ਜਾ ਸਕਦਾ। ਇਸੇ ਲਈ ਹਾਕਮ ਹੁਣ ਨਵੇਂ ਕਦਮ ਵੱਲ ਚੱਲ ਪਏ ਹਨ, ਹੁਣ ਇਸ ਬਾਰੇ ਗੱਲ ਕਰਦੇ ਹਾਂ।

ਨਵਾਂ ਕਦਮ- ਫਾਸ਼ੀਵਾਦੀ ਕਦਮ:

'ਲੋਕਾਂ ਨੂੰ ਪਾੜੋ ਤੇ ਰਾਜ ਕਰੋ' ਦੀ ਨੀਤੀ ਅੰਗਰੇਜ਼ਾਂ ਦੀ ਹਕੂਮਤ ਵੇਲੇ ਵੀ ਰਹੀ ਸੀ। ਹੁਣ ਸਾਡੇ ਹਾਕਮਾਂ ਨੇ ਲੋਕਾਂ ਨੂੰ ਪਾੜਕੇ ਰਾਜ ਕਰਨ ਦੀ ਨੀਤੀ 'ਤੇ ਜ਼ੋਰ-ਸ਼ੋਰ ਨਾਲ ਚੱਲਣਾ ਸ਼ੁਰੂ ਕਰ ਦਿੱਤਾ ਹੈ। ਆਹ ਹੁਣੇ-ਹੁਣੇ ਮੁਜ਼ੱਫਰਪੁਰ 'ਚ ਹੋਏ ਫਿਰਕੂ ਦੰਗੇ ਇਸ ਨੀਤੀ ਦਾ ਹੀ ਸਿੱਟਾ ਹੈ। ਇਹ ਫਿਰਕੂ ਦੰਗਿਆਂ 'ਚ 53 ਇਨਸਾਨਾਂ ਦੀ ਮੌਤ ਹੋ ਗਈ। ਜਿਸ ਵਹਿਸ਼ੀਆਨਾ ਤਰੀਕੇ ਨਾਲ ਹੱਤਿਆਵਾਂ ਕੀਤੀਆਂ ਗਈਆਂ ਉਨ੍ਹਾਂ ਨੂੰ ਦੇਖ ਕੇ ਡਾਕਟਰ ਵੀ ਕੰਬ ਉੱਠੇ। ਕਈ ਮਾਮਲਿਆਂ ਵਿੱਚ ਤਾਂ ਔਰਤਾਂ ਦੇ ਗੁਪਤ-ਅੰਗ ਕੱਟੇ-ਵੱਢੇ ਮਿਲੇ। ਇਨ੍ਹਾਂ ਫਿਰਕੂ ਦੰਗਿਆਂ 'ਚ ਕੋਈ ਇੱਕ ਪਾਰਟੀ ਸ਼ਾਮਲ ਨਹੀ ਬਲਕਿ ਕਈ ਸਿਆਸੀ ਪਾਰਟੀਆਂ ਸ਼ਾਮਲ ਹਨ। ਇਨ੍ਹਾਂ ਦੰਗਿਆਂ ਵਿੱਚ ਸੰਘ ਪਰਿਵਾਰ ਦੀ ਭੂਮਿਕਾ ਸਾਫ ਹੈ। ਉਨ੍ਹਾਂ ਦੀ ਨੀਤੀ ਇਹ ਹੈ ਕਿ ਜਿੰਨੇ ਹਿੰਦੂ ਮਰਨਗੇ, ਉਨਾ ਹੀ ਹਿੰਦੂ ਡਰਨਗੇ ਅਤੇ ਜਿੰਨਾ ਉਹ ਡਰਨਗੇ ਓਨਾ ਹੀ ਉਹ ਭਾਜਪਾ ਦੇ ਪੱਖ ਵਿੱਚ ਖੜਨਗੇ। ਇਹ ਕੋਈ ਐਵੇਂ ਹੀ ਨਹੀਂ ਕਿ ਨਰਿੰਦਰ ਮੋਦੀ ਦਾ ਸੱਜਾ ਹੱਥ ਅਮਿਤ ਸ਼ਾਹ ਯੂ.ਪੀ. ਦਾ ਇਨਚਾਰਜ ਲਾਇਆ ਹੋਇਆ ਹੈ। ਉਹ ਯੂ.ਪੀ. ਨੂੰ ਵੀ ਗੁਜਰਾਤ ਬਣਾਉਣਾ ਚਾਹੁੰਦਾ ਹੈ। ਉਸਨੇ ਉੱਥੇ ਨਾਹਰਾ ਲਾਇਆ ਕਿ ਜਿਸ 'ਹਿੰਦੂ ਕਾ ਖੂਨ ਨਾ ਖੌਲੇ, ਖੂਨ ਨਹੀਂ ਵੋਹ ਪਾਣੀ ਹੈ' (ਲਲਕਾਰ ਅਕਤੂਬਰ,2013)। ਇੱਥੇ ਹਿੰਦੂਆਂ ਤੋਂ ਭਾਵ ਸਮੁੱਚੇ ਦੇਸ਼-ਵਾਸੀ ਨਹੀਂ ਬਲਕਿ ਕੁੱਝ ਹੋਰ ਹੈ।ਉਹ ਕੀ ਹੈ?ਵੀਰ ਸਾਵਰਕਾਰ ਨੇ ਆਪਣੀ ਕਿਤਾਬ "ਹਿੰਦੂਤਵਾ:ਹਿੰਦੂ ਕੌਣ ਹੈ" ਵਿੱਚ ਸਪੱਸ਼ਟ ਲਿਖਿਆ, "ਇਤਿਹਾਸ ਦੇ ਉਦੈ ਹੋਣ 'ਤੇ ਜਿਹੜੇ ਆਰੀਅਨ ਲੋਕ ਇੱਥੇ ਆ ਕੇ ਵਸੇ, ਨੇ ਪਹਿਲਾਂ ਹੀ ਇੱਕ ਕੌਮ ਬਣਾਈ, ਜਿਹੜੀ ਹੁਣ ਹਿੰਦੂ ਕੌਮ ਦੀ ਦੇਹ ਹੈ...।" ਇਸੇ ਲਈ ਹੀ ਯੂ.ਪੀ. ਅੰਦਰ ਜਿਹੜੀ ਮਹਾਂਪੰਚਾਇਤਾਂ ਹੋਈਆਂ ਉੱਥੇ ਨਾਹਰੇ ਲਗਦੇ ਰਹੇ ਕਿ "ਮੁਸਲਮਾਨ ਦੇ ਦੋ ਹੀ ਸਥਾਨ, ਪਾਕਿਸਤਾਨ ਜਾਂ ਕਬਰਸਤਾਨ।" ਮੋਦੀ, ਜਿਹੜਾ ਭਾਜਪਾ ਦਾ ਪ੍ਰਧਾਨ ਮੰਤਰੀ ਦਾ ਉਮੀਦਵਾਰ ਬਣਾਇਆ ਗਿਆ ਹੈ ਉਸਨੇ ਬਿਆਨ ਦਿੱਤਾ ਹੈ ਕਿ ਉਹ ਹਿੰਦੂ ਰਾਸ਼ਟਰਵਾਦੀ ਹੈ। ਹਿੰਦੂ ਰਾਸ਼ਟਰਵਾਦੀ ਤੋਂ ਭਾਵ ਸਪੱਸ਼ਟ ਹੈ ਜਿਹੜਾ ਇਨ੍ਹਾਂ ਦੇ ਗੁਰੂ ਗੋਲਵਾਲਕਰ ਨੇ ਲਿਖਿਆ ਸੀ ਕਿ "ਹਿੰਦੁਸਤਾਨ ਅੰਦਰ ਗੈਰ-ਹਿੰਦੂ ਜਨਤਾ ਨੂੰ ਲਾਜ਼ਮੀ ਹਿੰਦੂ ਸਭਿਆਚਾਰ ਅਤੇ ਭਾਸ਼ਾ ਅਪਨਾਉਣੀ ਚਾਹੀਦੀ ਹੈ ਅਤੇ ਹਿੰਦੂ ਧਰਮ ਦਾ ਆਦਰ ਕਰਨਾ ਚਾਹੀਦਾ ਹੈ...।" ਜੇਕਰ ਉਹ ਇਉਂ ਨਹੀਂ ਕਰਦੇ ਤਾਂ "ਉਹ ਕਿਸੇ ਕਿਸਮ ਦਾ ਹੱਕ ਨਾ ਮੰਗਣ...ਇੱਥੋਂ ਤੱਕ ਕਿ ਉਨ੍ਹਾਂ ਨੂੰ ਕੋਈ ਸ਼ਹਿਰੀ ਅਧਿਕਾਰ ਵੀ ਨਹੀਂ ਹੋਣਗੇ..." (ਰਾਮ

ਪੁਨਿਆਨੀ- ਫਾਸ਼ਿਜ਼ਮ ਆਫ ਸੰਘ ਪਰਿਵਾਰ ਅੰਗਰੇਜ਼ੀ, ਮੀਡੀਆ ਹਾਊਸ, ਦਿੱਲੀ, 2004) ਮੋਦੀ ਕਿੰਨੇ ਵਾਰ ਬਿਆਨ ਦੇ ਚੁੱਕਿਆ ਹੈ ਕਿ ਸਾਡੇ ਦੇਸ਼ ਦੀ ਕੇਂਦਰੀ ਹਕੂਮਤ ਕਮਜ਼ੋਰ ਹੈ, ਇੱਥੇ ਸਖਤ ਹਕੂਮਤ ਚਾਹੀਦੀ ਹੈ। ਇਸੇ ਲਈ ਮੋਦੀ ਨੂੰ ਉਭਾਰਕੇ ਇੱਕ ਤਾਨਾਸ਼ਾਹ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਭਾਜਪਾ ਦਾ ਚੋਣ ਮਨੋਰਥ ਪੱਤਰ ਤਿਆਰ ਕਰਨ ਵਾਲੇ ਮੁਖੀ ਮੁਰਲੀ ਮਨੋਹਰ ਜੋਸ਼ੀ ਨੇ ਕਿਹਾ ਹੈ ਕਿ ਉਨ੍ਹਾਂ ਦੇ ਚੋਣ ਮਨੋਰਥ-ਪੱਤਰ ਵਿੱਚ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲਾ ਆਰਟੀਕਲ-370 ਰੱਦ ਕਰਨ, ਰਾਮ ਮੰਦਰ ਬਣਾਉਣ ਅਤੇ ਇਕਸਾਰ ਨਾਗਰਿਕ ਅਚਾਰ ਸਹਿੰਤਾ ਲਾਗੂ ਕਰਨ ਨੂੰ ਗੁੱਲੀ **(Core issues)** ਬਣਾਇਆ ਜਾਵੇਗਾ ਅਤੇ ਕਿਹਾ ਹੈ ਕਿ ਇਨ੍ਹਾਂ 'ਤੇ ਕਿਸੇ ਕਿਸਮ ਦਾ ਕੋਈ ਸਮਝੌਤਾ ਨਹੀਂ ਹੋਵੇਗਾ(ਦਾ ਹਿੰਦੂ 19.10.13)।ਇਸ ਤਰ੍ਹਾਂ ਇਨ੍ਹਾਂ ਦਾ ਚੋਣ ਮਨੋਰਥ-ਪੱਤਰ ਹੀ ਫਿਰਕੂ ਹੋਵੇਗਾ।

ਦੂਸਰੇ ਪਾਸੇ ਯੂ.ਪੀ. ਦੀ ਸਮਾਜਵਾਦੀ ਪਾਰਟੀ ਨੇ ਵੀ ਫਿਰਕੂ ਦੰਗਿਆਂ ਨੂੰ ਨਾ ਰੋਕਕੇ ਵੀ ਫਿਰਕੂ ਲੀਹਾਂ 'ਤੇ ਵੰਡ ਕਰਵਾਈ ਹੈ। ਉਨ੍ਹਾਂ ਦੀ ਇਹ ਨੀਤੀ ਸੀ ਕਿ ਜਿੰਨਾ ਮੁਸਲਮਾਨ ਮਰਨਗੇ ਓਨਾ ਹੀ ਉਹ ਡਰਨਗੇ ਅਤੇ ਉਹ ਸਮਾਜਵਾਦੀ ਪਾਰਟੀ ਦੇ ਗਲ ਲੱਗਣਗੇ। ਇਸੇ ਤਰ੍ਹਾਂ ਹੋਰ ਪਾਰਟੀਆਂ ਦੀ ਭੂਮਿਕਾ ਹੈ।

ਜਿੱਥੋਂ ਤੱਕ ਕਾਂਗਰਸ ਦਾ ਸਬੰਧ ਹੈ ਉਹ ਭਾਵੇਂ ਆਪਣੇ ਆਪ ਨੂੰ ਧਰਮ-ਨਿਰਪੱਖ ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਪਰ ਅੰਦਰੂਨੀ ਤੌਰ 'ਤੇ ਉਹ ਵੀ ਸੰਘ ਪਰਿਵਾਰ ਦੀ ਤਰ੍ਹਾਂ ਫਿਰਕੂ ਪੱਤਾ ਹੀ ਵਰਤ ਰਹੀ ਹੈ। ਉਹ ਅੱਜ ਹੀ ਨਹੀਂ ਵਰਤ ਰਹੀ ਬਲਕਿ ਪਹਿਲਾਂ ਤੋਂ ਹੀ ਇਉਂ ਕਰਦੀ ਆ ਰਹੀ। ਰਾਮ ਜਨਮ ਭੂਮੀ ਦਾ ਸ਼ਿਲਾ ਨਿਆਸ ਰਾਜੀਵ ਗਾਂਧੀ ਨੇ ਹੀ ਕੀਤਾ ਸੀ। ਇੰਦਰਾ ਗਾਂਧੀ ਦੇ ਕਤਲ ਵੇਲੇ ਸਿੱਖਾਂ ਦੀ ਨਸਲਕੁਸ਼ੀ ਵੀ ਇੱਕ ਸੋਚੀ ਸਮਝੀ ਸਕੀਮ ਸੀ। ਅਤੇ ਹੁਣ ਵੀ ਕੇਂਦਰੀ ਮੰਤਰੀ ਸ਼ੁਸ਼ੀਲ ਕੁਮਾਰ ਸ਼ਿੰਦੇ ਨੇ ਬਿਆਨ ਦਿੱਤਾ ਹੈ ਕਿ ਮੁਸਲਮਾਨ ਫਿਰਕੇ ਦੇ ਲੋਕਾਂ ਨੂੰ ਦਹਿਸ਼ਤਗਰਦੀ ਦੇ ਝੂਠੇ ਕੇਸਾਂ ਵਿੱਚ ਨਾ ਫਸਾਇਆ ਜਾਵੇ। ਇਹ ਠੀਕ ਹੈ ਕਿ ਨਹੀਂ ਫਸਾਇਆ ਜਾਣਾ ਚਾਹੀਦਾ। ਪਰ ਇਕੱਲੇ ਮੁਸਲਮਾਨ ਹੀ ਕਿਉਂ, ਕਿਸੇ ਵੀ ਨਿਰਦੋਸ਼ ਨੂੰ ਨਹੀਂ ਫਸਾਇਆ ਜਾਣਾ ਚਾਹੀਦਾ।

ਇੱਕ ਕਮਾਲ ਦੀ ਗੱਲ ਇਹ ਦੇਖੋ ਕਿ ਭਾਜਪਾ ਵਾਲੇ ਕਹਿ ਰਹੇ ਹਨ ਕਿ ਪਿਛਲੇ ਦੰਗਿਆਂ, ਨਸਲਕੁਸ਼ੀ ਅਤੇ ਹੱਤਿਆਵਾਂ ਨੂੰ ਭੁੱਲ ਜਾਣਾ ਚਾਹੀਦਾ ਹੈ। ਦੂਸਰੇ ਪਾਸੇ ਜਦੋਂ ਮਨਮੋਹਨ ਸਿੰਘ ਹਰਮਿੰਦਰ ਸਾਹਿਬ ਆਇਆ ਤਾਂ ਉਸਨੇ ਵੀ ਕਿਹਾ ਹੈ ਕਿ ਪਿਛਲੇ ਵਾਪਰੇ ਸਭ ਕੁੱਝ 'ਤੇ ਮਿੱਟੀ ਪਾ ਦੇਣੀ ਚਾਹੀਦੀ ਹੈ।

ਸੋ ਉਪਰੋਕਤ ਸਾਰੀ ਵਿਚਾਰ-ਚਰਚਾ ਤੋਂ ਸਿੱਟਾ ਨਿਕਲਦਾ ਹੈ ਕਿ ਇਹ ਰੰਗ-ਬਰੰਗੀਆਂ ਰਾਜ ਕਰਨ ਵਾਲੀਆਂ ਸਿਆਸੀ ਪਾਰਟੀਆਂ ਲੁਕਵੇਂ ਰੂਪ 'ਚ ਫਾਸ਼ੀ ਰਾਹ 'ਤੇ ਤਾਂ ਪਹਿਲਾਂ ਵੀ ਤੁਰੀਆਂ ਹੋਈਆਂ ਸਨ ਪਰ ਹੁਣ ਫਿਰਕਾਪ੍ਰਸਤੀ, ਦੰਗੇ, ਨਸਲਕੁਸ਼ੀਆਂ, ਜ਼ਾਬਰ ਕਾਲੇ ਕਾਨੂੰਨਾਂ ਨੂੰ ਅਪਣਾਉਂਦਿਆਂ ਨੰਗੇ-ਚਿੱਟੇ ਫਾਸ਼ੀਵਾਦੀ ਥੋਪਣ 'ਤੇ ਉਤਾਰੂ ਹੋ ਗਈਆਂ ਹਨ। ਹਿਟਲਰ ਨੇ ਆਪਣੀ ਕਿਤਾਬ "ਮੇਰੀ ਜੱਦੋਜਹਿਦ" 'ਚ ਲਿਖਿਆ ਸੀ ਕਿ "ਲੋਕਾਂ ਦੇ ਸਮੂਹ ਦੀ ਮਾਨਸਿਕਤਾ ਇਹੋ-ਜਿਹੀ ਹੁੰਦੀ ਹੈ ਕਿ ਉਹ ਮਾਨਸਿਕ ਤੌਰ 'ਤੇ ਇਹੋ-ਜਿਹੇ ਹੁਕਮਰਾਨ ਹੇਠ ਜ਼ਿਆਦਾ ਸੁਰੱਖਿਅਤ ਮਹਿਸੂਸ ਕਰਦੇ ਹਨ ਜੋ ਹਰ ਕਿਸਮ ਦੇ ਵਿਰੋਧ ਨੂੰ ਸਖਤੀ ਨਾਲ ਮਸਲਕੇ ਰੱਖ ਦੇਣ ਵਾਲਾ ਹੋਵੇ...ਉਨ੍ਹਾਂ ਰਾਜਾਂ ਵਿੱਚ ਜਿੱਥੇ ਖੂਨ ਦਾ ਰਿਸ਼ਤਾ ਇੱਕ ਨਾ ਹੋਵੇ ਤੇ ਇੱਕ ਜਾਤੀ ਜਾਂ ਨਸਲ ਦੇ ਲੋਕ ਨਾ ਹੋਣ ਉੱਥੇ ਲਾਜ਼ਮੀ ਹੀ ਕਠੋਰ ਕੇਂਦਰੀ ਰਾਜ ਦੀ ਹਕੂਮਤ ਹੋਣੀ ਚਾਹੀਦੀ ਹੈ ਤਾਂ ਜੋ ਆਜ਼ਾਦ ਤੇ ਆਪਣੇ ਤੋਂ ਵੱਖਰੀਆਂ ਰੁਚੀਆਂ ਨੂੰ ਮਸਲ ਦੇਵੇ..." ਸੋ ਸਾਡੇ ਹਾਕਮਾਂ ਨੇ ਉਸਦੀ ਬਦ-ਸਿੱਖਿਆ ਨੂੰ ਅਮਲ 'ਚ ਲਿਆਉਣ ਦੀ ਤਿਆਰੀ ਕਰ ਲਈ ਹੈ।

ਉਪਰੋਕਤ ਸਾਰੀ ਵਿਚਾਰ-ਚਰਚਾ ਦਾ ਸਿੱਟਾ ਇਹ ਬਣ ਜਾਂਦਾ ਹੈ ਕਿ ਫਾਸ਼ੀਵਾਦ ਦਾ ਖਤਰਾ ਬਹੁਤ ਵੱਡਾ ਹੈ। ਆਰ.ਐਸ.ਐਸ., ਜਿਹੜੀ ਕਿ ਹੁਣ ਤੱਕ ਪਰਦੇ ਪਿੱਛੇ ਕੰਮ ਕਰਦੀ ਆਈ ਹੈ, ਦਾ ਹੁਣ ਨੰਗੇ-ਚਿੱਟੇ ਰੂਪ 'ਚ ਮੋਦੀ ਦੀ ਪਿੱਠ 'ਤੇ ਆ ਖੜਨਾ ਇਸ ਖਤਰੇ 'ਚ ਹੋਰ ਵਾਧਾ ਕਰਦਾ ਹੈ। ਜੇਕਰ ਇਹ ਖਤਰਾ ਹਕੀਕਤ ਬਣ ਜਾਂਦਾ ਹੈ ਤਾਂ ਕਮਿਊਨਿਸਟਾਂ, ਤਰਕਸ਼ੀਲਾਂ, ਜਮਹੂਰੀ ਲੋਕਾਂ, ਧਾਰਮਿਕ ਘੱਟ-ਗਿਣਤੀਆਂ ਆਦਿ ਦਾ ਘਾਣ ਕੀਤਾ ਜਾਣਾ ਯਕੀਨੀ ਹੈ। ਮਹਾਰਾਸ਼ਟਰ 'ਚ ਤਰਕਸ਼ੀਲ ਆਗੂ ਡਾ.ਦਭੋਲਕਰ ਜੀ ਦਾ ਹਿੰਦੂਵਾਦੀ ਫਾਸ਼ੀਵਾਦੀ ਤਾਕਤਾਂ ਵੱਲੋਂ ਕੀਤਾ ਕਤਲ ਇਸੇ ਵੱਲ ਇਸ਼ਾਰਾ ਕਰਦਾ ਹੈ। ਫਾਸ਼ੀਵਾਦ ਦੇ ਸਫਲ ਹੋਣ 'ਤੇ ਕੋਈ ਵੀ ਆਪਣੇ ਹੱਕਾਂ ਦੀ ਮੰਗ ਨਹੀਂ ਕਰ ਸਕੇਗਾ। ਇਸ ਲਈ ਖਿੰਡੀਆਂ-ਪੁੰਡੀਆਂ ਲੋਕ-ਪੱਖੀ ਸ਼ਕਤੀਆਂ ਨੂੰ ਇਸ ਮੁੱਦੇ 'ਤੇ ਵੀ ਇਕੱਠੀਆਂ ਹੋ ਕੇ ਲੜਾਈ ਦੇਣੀ ਚਾਹੀਦੀ ਹੈ ਅਤੇ ਇਸ ਫਾਸ਼ੀਵਾਦੀ ਖਤਰੇ ਬਾਰੇ ਲੋਕਾਂ ਨੂੰ ਚੇਤੰਨ ਅਤੇ ਲਾਮਬੰਦ ਕਰਨ 'ਤੇ ਵੀ ਬਣਦਾ ਧਿਆਨ ਦੇਣਾ ਚਾਹੀਦਾ ਹੈ।

ਮੋ:98769-53561



? ਨਿਊਟਨ ਦਾ ਪ੍ਰਮਾਤਮਾ ਵਿੱਚ ਅਟੁੱਟ ਵਿਸ਼ਵਾਸ ਸੀ। ਉਸ ਦਾ ਮੰਨਣਾ ਸੀ ਕਿ ਭੌਤਿਕ ਜਗਤ ਵਿੱਚ ਹਰ ਇੱਕ ਚੀਜ਼ ਦੇ ਪਿੱਛੇ ਕੋਈ ਨਾ ਕੋਈ ਉਸਦੀ ਬਣਤਰ ਕਰਨ ਵਾਲਾ ਹੈ। ਜਗਤ ਵਿੱਚ ਕੋਈ ਵੀ ਵਸਤੂ ਐਸੀ ਨਹੀਂ ਜੋ ਆਪਣੇ ਆਪ ਬਣੀ ਹੋਵੇ। ਕੀ ਅਜਿਹੀ ਕੋਈ ਵਸਤੂ ਐਸੀ ਨਹੀਂ ਜੋ ਆਪਣੇ ਆਪ ਬਣੀ ਹੋਵੇ। ਕੀ ਅਜਿਹੀ ਕੋਈ ਵਸਤੂ ਹੈ ਜੋ ਬਿਨਾਂ ਬਣਾਏ ਆਪਣੇ ਆਪ ਬਣ ਗਈ ਹੋਵੇ? ਜੇ ਬਣੀ ਤਾਂ ਕਿਵੇਂ?

– ਨਿਊਟਨ ਰੱਬ ਦੀ ਹੋਂਦ ਵਿੱਚ ਯਕੀਨ ਰੱਖਦੇ ਸਨ। ਇਹ ਉਹਦੇ ਨਿੱਜੀ ਵਿਚਾਰ ਹੋ ਸਕਦੇ ਹਨ। ਉਸ ਸਮੇਂ ਦੇ ਵਿਗਿਆਨ ਦੀ ਸੀਮਾ ਹੋ ਸਕਦੀ ਹੈ। ਵਿਗਿਆਨ ਕਿਸੇ ਵੀ ਵਿਗਿਆਨੀ ਵੱਲੋਂ ਪੇਸ਼ ਸਿਧਾਂਤਾਂ ਨੂੰ ਅਮਲ ਵਿੱਚ ਪਰਖ ਕੇ ਦੇਖਦਾ ਹੈ। ਨਿਊਟਨ ਦੇ ਗਤੀ ਨਿਯਮ ਮੁਢਲੀਆਂ ਪਰਖਾਂ ਵਿੱਚ ਸਫਲ ਹੋਣ ਕਰਕੇ ਪ੍ਰਵਾਨ ਕੀਤੇ ਗਏ ਸਨ। ਉਸਦਾ ਪ੍ਰਮਾਤਮਾ ਵਿੱਚ ਯਕੀਨ ਕਿਸੇ ਭੌਤਿਕ ਅਮਲ ਵਿੱਚ ਸਿੱਧ ਨਹੀਂ ਹੋਇਆ। ਇਸ ਕਾਰਨ ਉਸਨੂੰ ਹਰ ਵਿਗਿਆਨਕ ਮੱਤ ਦੇ ਧਾਰਨੀ ਲਈ ਮੰਨਣਾ ਜਰੂਰੀ ਨਹੀਂ ਹੈ। ਇਸ ਦੇ ਨਾਲ ਹੀ ਜੁੜਦੀ ਗੱਲ ਇਹ ਹੈ ਕਿ ਵਿਗਿਆਨਕ ਨਿਯਮ ਨਵੇਂ ਤੱਥਾਂ ਦੀ ਰੌਸ਼ਨੀ ਵਿੱਚ ਸੋਧੇ ਜਾ ਸਕਦੇ ਹਨ ਜਦੋਂ ਕਿ ਧਰਮ ਆਪਣੇ ਨਿਯਮਾਂ ਨੂੰ ਸਦੀਵੀਂ ਅਬਦਲ ਮੰਨ ਕੇ ਚੱਲਦਾ ਹੈ। ਆਈਨਸਟਾਈਨ ਦੀ ਖੋਜ ਨਾਲ ਨਿਊਟਨ ਦੇ ਗਤੀ ਨਿਯਮਾਂ ਵਿੱਚ ਵੀ ਸੋਧ ਕੀਤੀ ਗਈ ਹੈ।

ਬ੍ਰਹਿਮੰਡ ਨੂੰ ਬਣਾਉਣ ਵਾਲਾ ਕੋਈ ਨਹੀਂ ਹੈ। ਇਹ ਆਪਣੇ ਆਪ ਬਣਿਆ ਹੈ। ਜੇਕਰ ਆਪਾਂ ਇਹ ਦਲੀਲ ਅਨੁਸਾਰ ਸੋਚੀਏ ਕਿ ਹਰ ਇੱਕ ਸ਼ੈਅ ਨੂੰ ਬਣਾਉਣ ਵਾਲਾ ਕੋਈ ਨਾ ਕੋਈ ਤਾਂ ਹੈ ਕਿਉਂਕਿ ਕੋਈ ਵੀ ਸ਼ੈਅ ਆਪਣੇ ਆਪ ਨਹੀਂ ਬਣਦੀ ਤਾਂ ਫਿਰ ਇਸ ਅਨੁਸਾਰ ਪ੍ਰਮਾਤਮਾ ਨੂੰ ਬਣਾਉਣ ਵਾਲਾ ਕੌਣ ਹੈ? ਜੇ ਪ੍ਰਮਾਤਮਾ ਆਪਣੇ-ਆਪ ਤੋਂ ਬਣਿਆ ਹੈ ਤਾਂ ਫੇਰ ਬ੍ਰਹਿਮੰਡ (ਪਦਾਰਥ) ਆਪਣੇ ਆਪ ਕਿਉਂ ਨਹੀਂ ਬਣ ਸਕਦਾ? ਵਿਗਿਆਨ ਨੇ ਧਰਤੀ ਦੇ ਨੇੜਲੇ ਪੁਲਾੜੀ ਪਿੰਡਾਂ ਦੀ ਦੂਰੀ ਅਤੇ ਗਤੀ ਨਾਪ ਲਈ ਹੈ ਪ੍ਰੰਤੂ ਇਨ੍ਹਾਂ ਨੂੰ ਵਧਾਣ-ਘਟਾਣ ਦੀ ਅਜੇ ਕੋਈ ਸਮਰੱਥਾ ਵਿਕਸਿਤ ਨਹੀਂ ਕੀਤੀ। ਸ਼ਾਇਦ ਦੂਰ ਭਵਿੱਖ ਵਿੱਚ ਅਜਿਹੀ ਸਮਰੱਥਾ ਵਿਕਸਿਤ ਹੋ ਜਾਵੇ। ਹਾਲ ਦੀ ਘੜੀ ਵਿਗਿਆਨਦਾ ਅਜਿਹਾ ਕੋਈ ਦਾਅਵਾ ਨਹੀਂ ਹੈ।

? ਸਿਆਣੇ ਸਾਰੀ ਰਾਤ ਸਿਰ ਘੁੰਮਾਉਂਦੇ ਹਨ, ਉਨ੍ਹਾਂ ਦੀਆਂ ਸਿਰ ਜਾਂ ਗਰਦਨ ਦੀਆਂ ਨਾੜਾਂ ਕਿਉਂ ਨਹੀਂ ਦੁਖਦੀਆਂ ਜਦ ਕਿ ਆਮ ਆਦਮੀ ਸਿਰ ਘੁਮਾਵੇ ਤਾਂ ਇਹ ਦੁਖਣ ਲੱਗ ਪੈਂਦੀਆਂ ਹਨ?

– ਅਖੌਤੀ ਸਿਆਣੇ ਜਾਂ ਮਰੀਜ਼ ਚੇਤਨ ਜਾਂ ਅਚੇਤ ਦੋ ਹਾਲਤਾਂ ਵਿੱਚ ਸਿਰ ਘੁਮਾਉਂਦੇ ਹਨ। ਚੇਤਨ ਅਵਸਥਾ ਵਿੱਚ ਉਹ ਨਸ਼ਿਆਂ ਦੀ ਵਰਤੋਂ ਕਰਦੇ ਹਨ ਜਿਸ ਨਾਲ ਥਕਾਵਟ ਦਾ ਅਹਿਸਾਸ ਵੀ ਘੱਟ ਹੁੰਦਾ ਹੈ। ਦੂਸਰਾ ਜਦੋਂ ਉਹ ਸਿਰ ਘੁੰਮਾਉਂਦੇ ਹਨ ਤਾਂ ਆਪਣੇ ਵਾਲਾਂ ਨੂੰ ਖੋਲ੍ਹ ਲੈਂਦੇ ਹਨ ਜਿਸ ਕਰਕੇ ਉਨ੍ਹਾਂ ਦੇ ਸਿਰ ਘੁੰਮਾਉਣ ਦਾ ਘੇਰਾ ਵੱਧ ਜਾਂਦਾ ਹੈ ਅਤੇ ਥੋੜ੍ਹੀ ਗਤੀ ਹੀ ਜਿਆਦਾ ਲਗਦੀ ਹੈ। ਤੀਸਰਾ ਉਨ੍ਹਾਂ ਦੇ ਨਿੱਤ ਦੇ ਅਭਿਆਸ ਕਾਰਨ ਵੀ ਉਨ੍ਹਾਂ ਨੂੰ ਥਕਾਵਟ ਮਹਿਸੂਸ ਨਹੀਂ ਹੁੰਦੀ।

? – ਪਿਛਲੇ ਅੰਕ ਵਿੱਚ ਦੱਸਿਆ ਗਿਆ ਸੀ ਕਿ ਕੀੜੀਆਂ ਕਿਵੇਂ ਭੋਜਨ ਮਿਲਣ ਤੇ ਇਕ ਰਸਾਇਣਕ ਪਦਾਰਥ ਛੱਡਦੀਆਂ ਜਾਂਦੀਆਂ ਹਨ ਤਾਂ ਕਿ ਬਾਕੀ ਕੀੜੀਆਂ ਵੀ ਉਸੇ ਰਸਤੇ ਤੇ ਚੱਲ ਕੇ ਭੋਜਨ ਇਕੱਠਾ ਕਰ ਸਕਣ। ਉਸ ਰਸਾਇਣਕ ਪਦਾਰਥ ਦਾ ਨਾਂ ਕ੍ਰਿਪਾ ਕਰਕੇ ਅਗਲੇ ਅੰਕ ਵਿੱਚ ਦੱਸਣਾ?

– ਕੀੜੀਆਂ ਇੱਕ ਦੂਜੇ ਤੱਕ ਸੰਦੇਸ਼ ਪਹੁੰਚਾਉਣ ਲਈ ਜਿਸ ਰਸਾਇਣ ਦੀ ਲਕੀਰ ਛੱਡਦੀਆਂ ਹਨ ਉਸਦਾ ਨਾਂ ਹੈ ਫੈਰੋਮੋਨ (pheromone) ਪਤਲੇ, ਲੰਮੇ ਦੋ ਐਨਟਿਨੇ ਹਿਲਜੁਲ ਕਰਕੇ ਇਸ ਰਸਾਇਣ ਨੂੰ ਸੁੰਘ ਕੇ ਭੋਜਨ ਦੀ ਦਿਸ਼ਾ ਦਾ ਪਤਾ ਲਗਾ ਲੈਂਦੇ ਹਨ। ਪਰ ਜਿਵੇਂ ਜਿਵੇਂ ਕੀੜੀਆਂ ਭੋਜਨ ਤੱਕ ਪਹੁੰਚਦੀਆਂ ਰਹਿੰਦੀਆਂ ਹਨ, ਉਵੇਂ ਉਵੇਂ ਫੈਰੋਮੋਨ ਰਸਾਇਣ ਦੀ ਗੰਧ ਵਧਦੀ ਜਾਂਦੀ ਹੈ। ਜਿਉਂ ਹੀ ਭੋਜਨ ਖਤਮ ਹੁੰਦਾ ਹੈ, ਕੀੜੀਆਂ ਰਸਾਇਣ ਛੱਡਣਾ ਬੰਦ ਕਰ ਦਿੰਦੀਆਂ ਹਨ। ਹੌਲੀ-ਹੌਲੀ ਗੰਧ ਖਤਮ ਹੋ ਜਾਂਦੀ ਹੈ।

ਖ਼ੋਜ ਖ਼ਬਰ

ਤਣਾਉ ਤੇ ਭੁੱਲਣ ਦੀ ਬਿਮਾਰੀ !

ਸਵੀਡਨ ’ਚ 800 ਦੇ ਕਰੀਬ ਔਰਤਾਂ ਤੇ ਕੀਤੇ ਗਏ ਤਜਰਬੇ ਤੋਂ ਇਹ ਤੱਥ ਸਾਹਮਣੇ ਆਇਆ ਹੈ ਕਿ ਜਿਹੜੀਆਂ ਔਰਤਾਂ ਆਪਣੇ ਜੀਵਨ ਸਾਥੀ ਦੇ ਵਿਛੋੜੇ ’ਚ ਹਨ ਜਾਂ ਜਿਨ੍ਹਾਂ ਦਾ ਕਿਸੇ ਕਾਰਣ ਤਲਾਕ ਹੋ ਗਿਆ ਹੈ, ਉਹ ਔਰਤਾਂ ਇੱਕ ਦਹਾਕੇ ਬਾਅਦ ਅਲਜ਼ਾਈਮਰ ਨਾਮੀ ਰੋਗ ਤੋਂ ਪੀੜਿਤ ਹੋਣ ਦੀਆਂ ਵਧੇਰੇ ਸੰਭਾਨਾਵਾਂ ਹਨ। ਜ਼ਿਕਰਯੋਗ ਹੈ ਕਿ ਅਲਜ਼ਾਈਮਰ ਨਾਮਕ ਰੋਕ ਦਿਮਾਗ਼ ਦਾ ਰੋਗ ਹੈ, ਜਿਸ ਵਿੱਚ ਮਨੁੱਖ ਆਪਣੇ ਰੋਜ਼ ਮਰ੍ਹਾ ਦੇ ਕੰਮਾਂ ਨੂੰ ਭੁੱਲਣ ਲੱਗ ਜਾਂਦਾ ਹੈ ਜਿਵੇਂ ਕਿ ਘਰ ਨੂੰ ਤਾਲਾ ਲਗਾ ਕੇ ਵਾਰ-ਵਾਰ ਚੈੱਕ ਕਰਨਾ, ਕੋਈ ਵਸਤ ਰੱਖ ਕੇ ਭੁੱਲ ਜਾਣਾ, ਇੱਕ ਕੰਮ ਕਰਕੇ ਉਸੇ ਨੂੰ ਦੁਬਾਰਾ ਲੱਗ ਜਾਣਾ ਆਦਿ। ਆਮ ਤੌਰ ਤੇ ਇਹ ਬਿਮਾਰੀ ਚਾਲੀ ਸਾਲ ਦੀ ਉਮਰ ਤੋਂ ਬਾਅਦ ਹੀ ਲਗਦੀ ਹੈ ਪ੍ਰੰਤੂ ਜਿਹੜੀਆਂ ਔਰਤਾਂ ਅਕਸਰ ਹੀ ਤਣਾਅ ਦਾ ਸ਼ਿਕਾਰ ਰਹਿੰਦੀਆ ਹਨ ਉਹ ਇਸ ਉਮਰ ਤੋਂ ਪਹਿਲਾਂ ਵੀ ਇਸ ਰੋਗ ਦੀ ਗ੍ਰਿਫ਼ਤ ’ਚ ਆ ਸਕਦੀਆਂ ਹਨ। ਵਿਗਿਆਨੀਆਂ ਅਨੁਸਾਰ ਤਣਾਅ ਨਾਲ ਜੁੜੇ ਹਾਰਮੋਨਜ਼ ਦੀ ਵਜ੍ਹਾ ਨਾਲ ਦਿਮਾਗ਼ ਤੇ ਉਲਟ ਅਸਰ ਪੈਂਦਾ ਹੈ। ਇਹ ਹਾਰਮੋਨਜ਼ ਮਨੁੱਖੀ ਸਰੀਰ ’ਚ ਕਈ ਬਦਲਾਅ ਲਿਆਉਂਦੇ ਹਨ, ਜਿਸ ਨਾਲ ਬਲੱਡ ਪ੍ਰੈਸ਼ਰ ਤੇ ਬਲੱਡ ਸ਼ੂਗਰ ਵਧਣ ਲਗਦਾ ਹੈ।

ਡਾ. ਲੀਨਾ ਜਾਨਸਨ ਤੇ ਉਸ ਦੀ ਟੀਮ ਦਾ ਮੰਨਣਾ ਹੈ ਕਿ ਕਿਸੇ ਕੋਈ ਹਾਦਸੇ ਬੀਤਣ ਉਪਰੰਤ ਤਣਾਉ ਦਾ ਪੱਧਰ ਵਧਣ ਲਗਦਾ ਹੈ ਪ੍ਰੰਤੂ ਇਸ ਪਹਿਲੂ ਤੇ ਹੋਰ ਤਜਰਬਿਆਂ ਦੀ ਜਰੂਰਤ ਹੈ। ਇਸ ਖ਼ੋਜ ਲਈ ਔਰਤਾਂ ਤੇ ਕਈ ਤਜਰਬੇ ਕੀਤੇ ਗਏ। 35 ਸਾਲ ਤੋਂ 45 ਸਾਲ ਤੱਕ ਦੀ ਉਮਰ ਦੀਆਂ ਔਰਤਾਂ ਨੂੰ ਇਨ੍ਹਾਂ ਤਜਰਬਿਆਂ ’ਚੋਂ ਗੁਜ਼ਰਨਾ ਪਿਆ। ਇਸ ਅਧਿਐਨ ਦੀ ਸ਼ੁਰੂਆਤ ’ਚ ਚਾਰਾਂ ’ਚੋਂ ਇੱਕ ਔਰਤ ਨੇ ਦੱਸਿਆ ਕਿ ਉਨ੍ਹਾਂ ਜੀਵਨ ’ਚ ਘੱਟ ਤੋਂ ਘੱਟ ਇੱਕ ਤਣਾਅ ਦਾ ਦੌਰ ਹੰਢਾਇਆ ਹੈ ਜਦਕਿ 5 ’ਚੋਂ ਇੱਕ ਔਰਤ ਨੇ ਦੱਸਿਆ ਕਿ ਉਹ 3 ਵਾਰ ਤਣਾਅਪੂਰਨ ਦੌਰ ’ਚੋਂ ਗੁਜ਼ਰ ਚੁੱਕੀ ਹੈ ਜਦਕਿ ਬਾਕੀ ਔਰਤਾਂ ਦਾ ਕਹਿਣਾ ਸੀ ਕਿ ਉਨ੍ਹਾ ਨੂੰ ਅਜੇ ਤੱਕ ਤਣਾਅ ਦਾ ਸਾਹਮਣਾ ਨਹੀਂ ਕਰਨਾ ਪਿਆ। ਅਧਿਐਨ ਦੌਰਾਨ ਇਨ੍ਹਾਂ ’ਚੋਂ 425 ਔਰਤਾਂ ਦੀ ਮੌਤ ਹੋ ਗਈ ਜਦਕਿ 153 ਔਰਤਾਂ ਭੁੱਲਣ ਦੀ ਬਿਮਾਰੀ ਦਾ ਸ਼ਿਕਾਰ ਹੋ ਗਈਆਂ। ਖ਼ੋਜ ਕਰਤਾਵਾਂ ਨੇ ਇਨ੍ਹਾਂ ਔਰਤਾਂ ਦੇ ਜੀਵਨ ਵਿੱਚ ਤਣਾਉ ਦੇ ਪਹਿਲੂ ਤੇ ਖ਼ੋਜ ਕਰਦਿਆਂ ਇਹ ਵੇਖਿਆ ਕਿ ਭੁੱਲਣ ਦੀ ਬਿਮਾਰੀ ਦਾ ਤਣਾਉ ਨਾਲ ਨੇੜਲਾ ਸਬੰਧ ਹੈ।

ਡਾ. ਜਾਨਸਨ ਨੇ ਦੱਸਿਆ ਕਿ ਆਉਣ ਵਾਲੇ ਦਿਨਾਂ ’ਚ ਇਸ ਅਧਿਐਨ ‘ਚ ਇਹ ਵੇਖਣ ਦੀ ਕੋਸ਼ਿਸ਼ ਕੀਤੀ ਜਾਵੇਗੀ ਕਿ ਤਣਾਉ ਦਾ ਸਾਹਮਣਾ ਕਰਨ ਲਈ ਵਿਹਾਰ ਤੇ ਮਾਹੌਲ ਬਦਲ ਕੇ ਇਸ ਬਿਮਾਰੀ ਦਾ ਇਲਾਜ ਸੰਭਵ ਹੋ ਸਕਦਾ ਹੈ। ਦੂਸਰੇ ਪਾਸੇ ਇੰਗਲੈਂਡ ਦੇ ਅਲਜ਼ਾਈਮਰ ਰਿਸਰਚ ਸੈਂਟਰ ’ਚ ਕੰਮ ਕਰਦੇ ਡਾ. ਸਿਮਾਨ ਰੇਡਲੀ ਦਾ ਕਹਿਣਾ ਹੈ ਕਿ ਇਸ ਅਧਿਐਨ ਤੋਂ ਇਹ ਪਤਾ ਨਹੀਂ ਲੱਗ ਰਿਹਾ ਕਿ ਤਣਾਉ ਦਾ ਭੁੱਲਣ ਵਾਲੀ ਬਿਮਾਰੀ ਨਾਲ ਸਿੱਧਾ ਸਬੰਧ ਹੈ।

ਉਨ੍ਹਾਂ ਦਾ ਕਹਿਣਾ ਹੈ ਕਿ ਭੁੱਲਣ ਵਾਰੀ ਬਿਮਾਰੀ ਕਈ ਕਾਰਣਾਂ ਕਰਕੇ ਹੁੰਦੀ ਹੈ। ਇਸ ਦਾ ਉਮਰ, ਵੰਸ਼ ਤੇ ਵਾਤਾਵਰਣ ਨਾਲ ਵੀ ਸਬੰਧ ਹੈ। ਇਸ ਸਬੰਧੀ ਇਕੱਤਰ ਸਬੂਤਾਂ ਤੋਂ ਇਹ ਸਪੱਸ਼ਟ ਹੈ ਕਿ ਭੁੱਲਣ ਵਾਲੀ ਬਿਮਾਰੀ ਨੂੰ ਘੱਟ ਕਰਨ ਲਈ ਸੰਤੁਲਿਤ ਭੋਜਨ ਖਾਣ, ਲਗਾਤਾਰ ਅਭਿਆਸ ਕਰਨ ਤੇ ਤੰਬਾਕੂ ਨੋਸ਼ੀ ਤੋਂ ਬਚਣ ਦੀ ਲੋੜ ਹੈ।

ਫ਼ਿਕਰ ਦਾ ਧੂੰਆਂ !

ਸਿਗਰਟ ਨੋਸ਼ੀ ਕਰਨ ਵਾਲਿਆਂ ਦਾ ਅਕਸਰ ਹੀ ਇਹ ਤਰਕ ਹੁੰਦਾ ਹੈ ਕਿ ਉਹ ਸਿਗਰਟ ਦੀ ਵਰਤੋਂ ਉਕਤਾਏ ਮਨ ਨੂੰ ਮੁੜ ਠੀਕ ਅਵਸਥਾ ’ਚ ਲਿਆਉਣ ਤੇ ਤਣਾਉ ਦਾ ਬੋਝ ਘਟਾਉਣ ਲਈ ਕਰਦੇ ਹਨ। ਅਜਿਹੇ ਕਹਿਣ ਵਾਲੇ ਆਪਣੇ ਫ਼ਿਕਰਾਂ ਨੂੰ ਸਿਗਰਟ ਦੇ ਧੂੰਏਂ ’ਚ ਉਡਾਉਣ ਦਾ ਦਮ ਵੀ ਭਰਦੇ ਹਨ ਪ੍ਰੰਤੂ ਕੁਝ ਖ਼ੋਜਕਰਤਾਵਾਂ ਦੀ ਮੰਨੀਏ ਤਾਂ ਜਿਹੜੇ ਲੋਕ ਸਫ਼ਲਤਾ ਪੂਰਵਕ ਸਿਗਰਟ ਨੋਸ਼ੀ ਛੱਡ ਦਿੰਦੇ ਹਨ, ਬਾਅਦ ਵਿੱਚ ਉਨ੍ਹਾਂ ਨੂੰ ਤਣਾਉ ਘੱਟ ਮਹਿਸੂਸ ਹੁੰਦਾ ਹੈ। ਇੰਗਲੈਂਡ ’ਚ ਸਿਗਰਟ ਨੋਸ਼ੀ ਛੱਡਣ ਲਈ ਇੱਕ ਵਿਸ਼ੇਸ਼ ਕੈਂਪ ’ਚ ਜੁੜੇ 500 ਲੋਕਾਂ ਤੇ ਕੀਤਿਆਂ ਤਜਰਬਿਆਂ ਉਪਰੰਤ ਇਹ ਤੱਥ ਸਾਮਹਣੇ ਆਇਆ ਕਿ ਸਿਗਰਟ ਛੱਡਣ ਵਾਲੇ 68 ਵਿਅਕਤੀਆਂ ਦੇ ਤਣਾਉ ਦੇ ਪੱਧਰ ’ਚ ਕਮੀ ਪਾਈ ਗਈ। ਅਧਿਐਨ ਅਨੁਸਾਰ ਸਿਗਰਟ ਨੋਸ਼ੀ ਕਰਨ ਵਾਲੇ ਵਿਅਕਤੀ ਸਵੇਰੇ ਉੱਠਦਿਆਂ ਹੀ ਸਿਗਰਟ ਇਸ ਲਈ ਪੀਂਦੇ ਹਨ ਕਿ ਉਹ ਤਣਾਉ ਤੋਂ ਮੁਕਤ ਹੋ ਸਕਣ ਪ੍ਰੰਤੂ ਸਿਗਰਟ ਛੱਡਣ ਤੋਂ ਬਾਅਦ ਵਾਰ-ਵਾਰ ਉਨ੍ਹਾਂ ਨੂੰ ਬੇਚੈਨੀ ਤੇ ਤਣਾਉ ਮਹਿਸੂਸ ਨਹੀਂ ਹੁੰਦਾ। ਖ਼ੋਜੀਆਂ ਦਾ ਮੰਨਣਾ ਹੈ ਕਿ ਸਿਗਰਟ ਨੋਸ਼ੀ ਕਰਨ ਵਾਲਿਆਂ ਦਾ ਇਸ ਦੀ ਵਰਤੋਂ ਨਾਲ ਤਣਾਉ ਦੂਰ ਕਰਨ ਦਾ ਤਰਕ ਬੇਬੁਨਿਆਦ ਹੈ।

ਸ੍ਰੋਤ: ਇੰਟਰਨੈਟ



ਲੈ ਉੱਠੀ ਅੰਗੜਾਈ ਅੱਜ ਕਿਰਨਾਂ ਦੀ ਕੌਮ,
ਜੀਹਨੇ ਕਾਲਖਾਂ ਦੇ ਸ਼ੂਕਦੇ ਤੂਫਾਨ ਥੰਮ੍ਹਣੇ।
ਆਖੋ ਆਖੋ ਕਿ ਹਨੇਰਿਆਂ ਨੂੰ ਲੁੱਡੀਆਂ ਨਾ ਪਾਉਣ,
ਏਸ ਮਿੱਟੀ ਨੇ ਦਾਬੋਲਕਰ ਬਹੁਤ ਜੰਮਣੇ।

ਪ੍ਰੀਤ ਜੱਗੀ
94172-96020

ਫੜ ਮਾਲਾ ਕਿਉਂ ਫੇਰੀ ਜਾਨਾਂ,
ਦੇ ਭਰਮਾਂ ਨੂੰ ਗੇੜੇ।
ਛੱਡ ਦੇ ਘੁੱਪ ਹਨੇਰਾ ਬੰਦਿਆ,
ਆ ਚਾਨਣ ਦੇ ਵਿਹੜੇ।

ਰਿਸ਼ੀ ਚਿੱਤਰਕਾਰ
9815826866

ਜਿੱਥੇ ਜਿੱਥੇ ਜਰੂਰਤ ਹੈ ਉੱਥੇ ਦੀਵੇ ਬਾਲ ਲਵੋ,
ਨ੍ਹੇਰੇ ਨੂੰ ਨਾ ਕੋਸੀ ਜਾਓ, ਹੱਥਾਂ ਵਿਚ ਮਸ਼ਾਲ ਲਵੋ।
ਸੂਰਜ ਦੀ ਆਪਣੀ ਸੀਮੈ, ਨ੍ਹੇਰ ਜੋ ਸਾਡੇ ਦੌਰ ਅੰਦਰ,
ਸੂਰਜ ਦੇ ਜੋ ਨਿੱਘ ਨਹੀਂ ਮਘਦੇ ਹੋਏ ਖਿਆਲ ਲਵੋ।

ਕੁਲਵੰਤ ਜੀਰਾ
98143-63180

ਔਹ ਜੋ ਸੂਲੀ ਚੜਿਆ ਹੋਇਆ,
ਉਸ ਨੇ ਸੱਚ ਸੁਣਾਇਆ ਸੀ,
ਰਾਤਾਂ ਨੂੰ ਚੰਦ ਜੁਗਨੂੰ,
ਦਿਨ ਨੂੰ ਸੂਰਜ ਬਣ ਕੇ ਆਇਆ ਸੀ।

ਸਤਿਪਾਲ ਖੁੱਲਰ
98755-74726

ਹਨੇਰਾ ਸੰਘਣਾ ਹੋ ਰਿਹਾ ਹਰ ਪਲ ਘਰਾਂ ਅੰਦਰ,
ਬਨੇਰੇ ਆਪਣੇ ਤੇ ਸਾਥੋਂ ਨਾ ਦੀਵਾ ਜਗਾ ਹੋਇਆ।

ਹਰਦਮ ਸਿੰਘ ਮਾਨ
94177-31091

ਅਜੇ ਵੀ ਜੰਗਲਾਂ ਵਾਲੀ ਹਨੇਰੀ ਸਭਿਅਤਾ ਇਥੇ
ਕਹਿਣ ਨੂੰ ਬੰਦਿਆਂ ਦੇ ਮੱਥਿਆਂ ਵਿੱਚ ਨੂਰ ਹੈ ਅੱਜ-ਕੱਲ੍ਹ

ਰਣਜੀਤ ਸਰਾਂਵਾਲੀ,
98143-78105

ਵਗਦੇ ਪਾਣੀ ਨਾਲ ਵਹਿ ਜਾਈਏ,
ਇਹ ਕਿੱਦਾਂ ਹੈ ਹੋ ਸਕਦਾ,
ਯੁੱਗਾਂ ਤੋਂ ਅਸੀਂ ਲਾਉਂਦੇ ਆਏ,
ਅਹੁਢਾ ਨਾਲ ਤੂਫ਼ਾਨਾਂ ਦੇ...

ਗੁਰਚਰਨ ਨੂਰਪੁਰ
98550-51099

ਵਿੱਦਿਆ ਕਾਹਦੀ ਹਾਸਲ ਕਰ ਲਈ,
ਬੰਦਾ ਬਣਿਆ ਫਿਰੇ ਮਸ਼ੀਨ,
ਕਾਸ਼! ਕਿ ਬੰਦੇ ਅੰਦਰ ਜਾਗੇ,
ਸੁੱਤਾ ਹੋਇਆ ਵੀ ਇਨਸਾਨ।

ਬਲਜੀਤ ਪਾਲ ਸਿੰਘ
94173-24432

ਜਦੋਂ ਤੱਕ ਤੂੰ ਏਂ ਮੋਮਨ, ਮੈਂ ਹਾਂ ਹਿੰਦੂ, ਸਿੱਖ ਤਦ ਤੀਕਰ,
ਦਿਲਾਂ ਵਿੱਚ ਹੋਰ ਉੱਚੀ ਹੋ ਰਹੀ ਦੀਵਾਰ ਰਹਿਣੀ ਹੈ।

ਜੱਗੀ ਜੌਹਲ

ਇਹ ਡਿੱਗਦੇ, ਉੱਠਦੇ, ਫਿਰ ਤੋਂ ਉੱਡਦੇ ਉੱਡਣ ਜੋਗੇ ਹੋ ਜਾਣੇ,
ਇਹ ਖੰਭ ਨਿਆਣੇ 'ਵਾਵਾਂ ਦੇ ਸੰਗ ਖਹਿਣ ਦਿਓ ਬਸ ਰੋਕੋ ਨਾ।

ਰਜਿੰਦਰ ਜੀਤ ਲੰਦਨ

ਸਭ ਕੁਝ ਮਿਲਦਾ ਹੱਥੀਂ ਕਰਕੇ,
ਕੁਝ ਵੀ ਨਹੀਂ ਲਕੀਰਾਂ ਵਿੱਚ,
ਮੰਜ਼ਿਲ ਲੱਭਦੇ ਫਿਰਦੇ ਨੇ,
ਜਜ਼ਬੇ ਨਹੀਂ ਰਾਹਗੀਰਾਂ ਵਿੱਚ।

ਅਮਿਤ ਆਦੋਆਣਾ
94658-90891

ਇਹ ਸਾਏ ਮਕਰ ਫ਼ਰੇਬਾਂ ਦੇ,
ਜੋ ਮਾਨਵ ਨੂੰ ਨਿੱਤ ਡੰਗਦੇ ਨੇ,
ਸਦੀਆਂ ਤੋਂ ਚਲਦੀਆਂ ਰੀਤਾਂ ਨੂੰ,
ਅਸੀਂ ਦੂਰ ਕਿਤੇ ਦਫ਼ਨਾਵਾਂਗੇ

ਭੁਪਿੰਦਰ ਸਿੰਘ ਬੇਕਸ
94178-69429

ਝੂਠ ਚੜ੍ਹਾਵੇ ਝੰਡੇ, ਖੜ੍ਹ ਕੇ ਵਿੱਚ ਕਚਹਿਰੀ ਦੇ,
ਰੋਜ਼ ਬਲੀ ਹੈ ਚੜ੍ਹਦਾ ਇੱਥੇ ਸੱਚ ਅਦਾਲਤ ਦੀ।

ਅਮਰਜੀਤ ਸਿੰਘ ਵੜੈਚ,
94178-01988

ਇਸ ਕਾਲਮ ਵਿੱਚ ਸ਼ਿਰਕਤ ਕਰਨ ਲਈ ਸ਼ੇਅਰ/ਰਚਨਾ ਦੇ ਨਾਂ ਨਾਲ ਮੂਲ ਲੇਖਕ ਦਾ ਨਾਂ ਜਰੂਰ ਲਿਖਿਆ ਜਾਵੇ। ...ਅਦਾਰਾ

ਸਾਲ 2013 ਵਿੱਚ ਸੂਰਜ ਦੀ ਫੇਰੀ ਲਗਾਉਣ ਵਾਲਾ ਬੋਦੀ ਤਾਰਾ - 'ਆਈਸਾਨ'


ਡਾ. ਅਵਤਾਰ ਸਿੰਘ ਢੀਂਡਸਾ



'ਆਈਸਾਨ' ਬੋਦੀ ਵਾਲਾ ਤਾਰਾ ਨਵੰਬਰ-ਦਸੰਬਰ ਮਹੀਨੇ ਸੂਰਜ ਅਤੇ ਪ੍ਰਿਥਵੀ ਦੇ ਨੇੜੇ ਪਹੁੰਚ ਰਿਹਾ ਹੈ। ਇਸਲਈ, ਇਸ ਬਾਰੇ ਜਾਣਕਾਰੀ ਪ੍ਰਦਾਨ ਕਰਨ ਵਾਸਤੇ, ਅਸੀਂ ਇਸ ਅੰਕ ਵਿੱਚ ਲੇਖ ਲੜੀ 'ਬ੍ਰਹਿਮੰਡ ਯਾਤਰਾ' ਦੀ ਥਾਂ, ਇਹ ਲੇਖ ਪ੍ਰਕਾਸ਼ਿਤ ਕਰ ਰਹੇ ਹਾਂ। 'ਬ੍ਰਹਿਮੰਡ ਯਾਤਰਾ' ਅਗਲੇ ਅੰਕ ਤੋਂ ਫਿਰ ਉਸੇ ਤਰ੍ਹਾਂ ਜਾਰੀ ਰਹੇਗੀ-ਸੰਪਾਦਕ

ਬੋਦੀ ਤਾਰਿਆਂ ਦਾ ਇਤਿਹਾਸ :

ਮੁੱਢ ਕਦੀਮ ਤੋਂ ਮਨੁੱਖ ਤਾਰਿਆਂ ਨਾਲ ਭਰੀਆਂ ਰਾਤਾਂ ਨੂੰ ਨਿਹਾਰਦਾ ਆਇਆ ਹੈ । ਜ਼ਿੰਦਗੀ ਦੀਆਂ ਲੋੜਾਂ, ਤਲਖ ਤਜ਼ਰਬਿਆਂ ਅਤੇ ਰਾਤ ਦੇ ਡਰ ਨੇ ਉਸਦੀਆਂ ਚਿੰਤਾਵਾਂ ਵਿੱਚ ਜ਼ਰੂਰ ਵਾਧਾ ਕੀਤਾ ਹੋਣਾ ਹੈ । ਬੋਦੀ ਵਾਲੇ ਤਾਰੇ ਵੇਖਣ ਨੂੰ ਬਹੁਤ ਸੁੰਦਰ ਅਤੇ ਆਕਰਸ਼ਕ ਹੁੰਦੇ ਹਨ । ਹਿੰਦੀ ਵਿੱਚ ਧੂਮਕੇਤੂ ਅਤੇ ਅੰਗਰੇਜੀ ਭਾਸ਼ਾ 'ਚ ਇਹਨਾ ਨੂੰ Comet ਕਿਹਾ ਜਾਂਦਾ ਹੈ । ਤਕਰੀਬਨ 1000 ਸਦੀ ਈਸਾ ਪੂਰਵ ਪਹਿਲਾਂ ਚੀਨ ਅਤੇ ਕੈਲਡੀਆ..... ਜਿਸਨੂੰ ਅੱਜ ਇਰਾਕ ਕਿਹਾ ਜਾਂਦਾ ਹੈ - ਵਿੱਚ ਇਹਨਾਂ ਬੋਦੀ ਵਾਲੇ ਤਾਰਿਆਂ ਦਾ ਵਰਨਣ ਮਿਲਦਾ ਹੈ । ਅਸਲ ਵਿੱਚ ਬੋਦੀ-ਤਾਰੇ ਵੀ ਸੂਰਜ ਦੁਆਲੇ ਘੁੰਮਦੇ ਪੁਲਾੜੀ ਪਿੰਡ ਹੀ ਹਨ । ਇਸ ਕਰਕੇ ਇਹ ਗ੍ਰਹਿਆਂ ਵਰਗੇ ਹੀ ਹਨ । ਇਸ ਲਈ ਇਹਨਾਂ ਨੂੰ ਤਾਰੇ ਕਹਿਣਾ ਗਲਤ ਹੈ ਪਰ ਆਮ ਲੋਕਾਂ ਦੁਆਰਾ ਇਹਨਾਂ ਨੂੰ ਬੋਦੀ ਵਾਲੇ ਤਾਰੇ ਹੀ ਕਿਹਾ ਜਾਂਦਾ ਹੈ । ਲਗਭਗ 330 ਸਦੀ ਈਸਾ ਪੂਰਵ ਵਿੱਚ ਯੂਨਾਨੀ ਫਿਲਾਸਫਰ ਅਰਸਤੂ ਨੇ ਆਪਣੀ ਕਿਤਾਬ "ਮੀਟੀਓਰੌਲੋਜੀ" ਵਿੱਚ ਲਿਖਿਆ ਕਿ ਬੋਦੀ ਤਾਰੇ "ਸੂਰਜ ਤੋਂ ਥੱਲੇ ਵਾਲੇ" ਮੰਡਲ ਵਿੱਚ ਸੂਰਜ ਵਾਂਗ ਹੀ ਧਰਤੀ ਦੁਆਲੇ ਘੁੰਮਦੇ ਹਨ । ਉਸਨੇ ਕਿਹਾ ਕਿ ਧਰਤੀ ਦੇ ਵਾਯੂਮੰਡਲ ਵਿੱਚ ਸਥਿਤ ਉਚਾਈ ਉੱਪਰ ਇਹ "ਖੁਸ਼ਕ ਅਤੇ ਗਰਮ ਮੰਡਲ" ਵਿੱਚ ਚੱਕਰ ਕੱਢ ਰਹੇ ਹਨ ।



ਸਾਲ 1680 ਵਿੱਚ ਲਗਭਗ 100 ਸਾਲ ਬਾਅਦ ਇੱਕ ਬੋਦੀ ਤਾਰਾ ਨਜ਼ਰ ਆਇਆ ਸੀ । ਭੌਤਿਕ ਵਿਗਿਆਨੀ ਆਈਜਕ ਨਿਊਟਨ ਨੇ ਆਪਣੀ "ਗਣਿਤ ਕੈਲਕੁਲਸ" ਖੋਜ ਵਿਧੀ ਨਾਲ ਉਸ ਬੋਦੀ ਤਾਰੇ ਦੇ ਪੱਥ ਦੀ ਗਣਨਾ ਕਰਕੇ ਦੱਸਿਆ ਕਿ ਇਹ ਪੱਥ "ਪੈਰਾਬੌਲਿਕ" ਹੈ, ਇਹ ਅਕਾਸ਼ੀ-ਪਿੰਡ (ਬੋਦੀ-ਤਾਰੇ) ਕਿੰਨੇ ਕੁ ਸਾਲਾਂ ਬਾਅਦ ਚੱਕਰ ਲਗਾਉਣ ਆਉਂਦੇ ਨੇ? ਇਹ ਨਿਰਭਰ ਕਰਦਾ ਹੈ ਕਿ ਬੋਦੀ ਤਾਰੇ ਅਤੇ ਸੂਰਜ ਵਿਚਕਾਰ ਦੂਰੀ ਉੱਪਰ। ਕੁਝ ਬੋਦੀ-ਤਾਰੇ 3 ਸਾਲਾਂ ਤੋਂ ਲੈ ਕੇ 200 ਸਾਲ ਤੱਕ ਦੇ ਸਮੇਂ 'ਚ ਆਪਣਾ ਚੱਕਰ ਪੂਰਾ ਕਰ ਲੈਂਦੇ ਹਨ। ਇਹਨਾਂ ਨੂੰ "ਲਘੂ-ਸਮਾਂ" ਬੋਦੀ-ਤਾਰੇ ਕਿਹਾ ਜਾਂਦਾ ਹੈ । ਬਹੁਤ ਜਿਆਦਾ ਦੂਰੀ ਵਾਲੇ ਬੋਦੀ-ਤਾਰੇ ਹਜ਼ਾਰਾਂ ਸਾਲਾਂ ਦੇ ਸਮੇਂ ਬਾਅਦ ਹੀ ਚੱਕਰ ਕੱਢਣ ਮੁੜਦੇ ਹਨ ।

ਬੋਦੀ ਤਾਰੇ ਦੀ ਬਣਤਰ :

ਬੋਦੀ ਤਾਰੇ ਦੀ ਇੱਕ ਤਾਂ ਲੰਮੀ ਬੋਦੀ ਭਾਵ ਪੂੰਛ ਹੋ ਗਈ। ਬਾਕੀ ਹਿੱਸੇ ਨੂੰ ਤਾਰੇ ਦਾ "ਸਿਰ" ਜਾਂ ਕੇਂਦਰਕ ਕਿਹਾ ਜਾਂਦਾ ਹੈ। ਇਹ ਕਾਰਬਨ ਦੇ ਯੋਗਿਕ, ਚੱਟਾਨ ਅਤੇ ਪਾਣੀ ਦੀ ਬਰਫ਼ ਤੋਂ ਬਣਿਆ ਹੁੰਦਾ ਹੈ। ਪਾਣੀ ਤੋਂ ਬਣੀ ਬਰਫ਼ ਤੋਂ ਹੀ ਅੰਦਾਜਾ ਲੱਗਦਾ ਹੈ ਕਿ ਇਹ ਸੂਰਜ ਤੋਂ ਇੰਨੇ ਦੂਰ ਚਲੇ ਜਾਂਦੇ ਹਨ, ਜਿੱਥੇ ਬਰਫ਼ ਜਮਾਉਣ ਦੇ ਦਰਜੇ ਤੋਂ ਵੀ ਵੱਧ ਠੰਢ ਹੈ।

ਬੋਦੀ ਤਾਰਿਆਂ ਦਾ ਜਨਮ :

ਜੇਕਰ ਦੂਰੀ ਦਾ ਹਿਸਾਬ ਲਗਾਈਏ ਤਾਂ ਬੋਦੀ ਤਾਰੇ, ਸੂਰਜ ਅਤੇ ਧਰਤੀ ਵਿਚਲੀ ਦੂਰੀ (ਖਗੋਲੀ ਇਕਾਈ) ਤੋਂ 50,000 ਗੁਣਾ ਜਿਆਦਾ ਦੂਰ ਸਥਿਤ 'ਬੋਦੀ-ਤਾਰਿਆਂ ਦੇ ਬੱਦਲ' ਵਿੱਚ ਬਣਦੇ ਅਤੇ ਇਸ ਵਿੱਚ ਹੀ ਘੁੰਮਦੇ ਰਹਿੰਦੇ ਹਨ। ਇਸ ਬੱਦਲ ਦਾ ਵਿਚਾਰ ਡੱਚ ਤਾਰਾ ਵਿਗਿਆਨੀ "ਜੈਨ ਹੈਂਡ੍ਰਿਕ ਊਰਟ" ਨੇ 1950 ਵਿੱਚ ਦਿੱਤਾ ਸੀ ਅਤੇ ਇਸ ਬੱਦਲ ਨੂੰ ਕਿਹਾ ਜਾਂਦਾ ਹੈ.... ਊਰਟ ਬੱਦਲ। ਸੰਨ 1950 ਵਿੱਚ ਡਚ-ਅਮਰੀਕਨ ਤਾਰਾ ਵਿਗਿਆਨੀ "ਜੈਰਾਰਡ ਕੂਪਰ" ਨੇ ਸੁਝਾਅ ਦਿੱਤਾ ਕਿ ਬੋਦੀ-ਤਾਰਿਆਂ ਦੀ ਇੱਕ ਨਰਸਰੀ-ਪੱਟੀ ਸੂਰਜ ਤੋਂ 30 'ਖਗੋਲੀ ਇਕਾਈਆਂ' ਤੋਂ ਲੈ ਕੇ 100 ਖਗੋਲੀ ਇਕਾਈਆਂ ਤੱਕ ਸਥਿਤ ਹੈ। ਇਸ ਨੂੰ ਕਦੇ-ਕਦੇ "ਐਜਵਰਥ-ਕੂਪਰ-ਪੱਟੀ" ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ ਕਿਉਂਕਿ ਕੂਪਰ ਤੋਂ ਪਹਿਲਾਂ 1930 ਵਿੱਚ "ਫਰੇਡ੍ਰਿਕ ਲੀਓਨਾਰਡ" ਅਤੇ 1940 ਵਿੱਚ "ਕੈਨੇਥ ਐੱਜਵਰਥ" ਨੇ ਅਜਿਹੀ ਪੱਟੀ ਹੋਣ ਬਾਰੇ ਅੰਦਾਜਾ ਲਗਾਇਆ ਸੀ।

ਸੂਰਜ ਵੱਲ ਮੁੜਨ ਦਾ ਕਾਰਨ :

ਕੂਪਰ ਪੱਟੀ ਵਿੱਚੋਂ ਸਾਰੇ ਪਿੰਡ ਸੂਰਜ ਦੇ ਨੇੜੇ ਨਹੀਂ ਆਉਂਦੇ। ਪਹਿਲਾ ਕਾਰਣ ਤਾਂ ਇਹ ਹੈ ਕਿ ਕੂਪਰ ਪੱਟੀ ਦੇ ਪਿੰਡਾਂ ਦੀ ਆਪਸੀ ਖਿਚੋਤਾਣ ਵਿੱਚ ਕਿਸੇ ਇੱਕ ਪਿੰਡ ਦਾ ਪੱਥ ਪ੍ਰਭਾਵਤ ਹੋ ਕੇ ਬਦਲ ਜਾਂਦਾ ਹੈ ਅਤੇ ਇਹ ਸੂਰਜ ਦੇ ਨੇੜੇ ਦੇ ਗ੍ਰਹਿ-ਪੱਥ ਵਿੱਚ ਪਹੁੰਚ ਜਾਂਦਾ ਹੈ। ਦੂਜਾ ਕਾਰਨ.... ਕਿ ਕਈ ਕੂਪਰ ਪੱਟੀ ਪਿੰਡਾਂ ਨੂੰ ਨੈਪਚੂਨ, ਯੂਰੇਨਸ, ਸ਼ਨੀ ਜਾਂ ਜੂਪੀਟਰ ਦੀ ਗਰੂਤਾ ਆਕਰਸ਼ਣ ਆਪਣੇ ਵੱਲ ਖਿਚਦੀ ਹੈ ਅਤੇ ਸਿੱਟੇ ਵਜੋਂ ਇਹ ਇੱਕ ਨਵਾਂ ਪੰਧ ਅਖਤਿਆਰ ਕਰ ਲੈਂਦੇ ਹਨ। ਜਿਹੜਾ ਕਿ ਸੂਰਜ ਦੇ ਨਜਦੀਕ ਹੋ ਕੇ ਲੰਘਦਾ ਹੈ।


ਬੋਦੀ ਤਾਰਿਆਂ ਦੀ ਉਮਰ :

ਇਹਨਾਂ ਦੀ ਉਮਰ ਇਸਦੇ ਮੁਢਲੇ ਪੁੰਜ ਉੱਪਰ ਨਿਰਭਰ ਕਰਦੀ ਹੈ ਕਿਉਂਕਿ ਸੂਰਜ ਦੁਆਲੇ ਹਰ ਚੱਕਰ ਲਗਾਉਣ ਸਮੇਂ ਬੋਦੀ ਤਾਰਾ ਆਪਣਾ ਲਗਭਗ 20 ਲੱਖ ਟਨ ਪੁੰਜ ਪ੍ਰਤੀਦਿਨ ਦੇ ਹਿਸਾਬ ਨਾਲ ਸੂਰਜ ਦੇ ਇਰਦ-ਗਿਰਦ ਹੀ ਛੱਡ ਜਾਂਦਾ ਹੈ ਭਾਵ ਕਿ ਇਹਨਾਂ ਦਾ ਹਰ ਚੱਕਰ ਖਾਤਮੇ ਵੱਲ ਇੱਕ ਹੋਰ ਕਦਮ ਹੋ ਨਿਬੜਦਾ ਹੈ ਅਤੇ ਆਖੀਰ 10 ਤੋਂ 100 ਚੱਕਰਾਂ ਬਾਅਦ ਸਾਰੇ ਉਡਣਸ਼ੀਲ ਪਦਾਰਥ ਦੇ ਉੱਡ ਜਾਣ ਨਾਲ ਸਿਰਫ਼ ਸਖ਼ਤ ਚੱਟਾਨ ਰੂਪ ਹੀ ਰਹਿ ਜਾਂਦਾ ਹੈ ਅਤੇ ਇਹ ਬੋਦੀ-ਤਾਰੇ ਦੀ ਸ਼ਕਲ ਵਿੱਚ ਮੁੜ ਕਦੇ ਵੀ ਨਜ਼ਰ ਨਹੀਂ ਆਉਂਦਾ।

ਆਈਸਾਨ ਬੋਦੀ ਵਾਲਾ ਤਾਰਾ :

ਅਜਿਹਾ ਹੀ ਇੱਕ ਅਕਾਸ਼ੀ-ਪਿੰਡ ਭਾਵ ਬੋਦੀ ਵਾਲਾ ਤਾਰਾ ਸਾਲ 2013 ਦੇ ਨਵੰਬਰ-ਦਸੰਬਰ ਮਹੀਨੇ ਸੂਰਜ ਅਤੇ ਪ੍ਰਿਥਵੀ ਦੇ ਨੇੜੇ ਪਹੁੰਚ ਰਿਹਾ ਹੈ ਇਸਦਾ ਨਾਂ ਆਈਸਾਨ ਬੋਦੀ ਵਾਲਾ ਤਾਰਾ ਰੱਖਿਆ ਗਿਆ ਹੈ। ਇਹ ਨਾਂ **International Scientific Optical Network....(ISON)** ਤੋਂ ਲਿਆ ਗਿਆ ਹੈ। ਸੂਰਜ ਦੁਆਲੇ ਆਪਣੀ ਫੇਰੀ ਪਾਉਣ ਆ ਰਹੇ ਬੋਦੀ-ਤਾਰੇ ਦਾ ਤਾਰਾ-ਵਿਗਿਆਨ ਅਨੁਸਾਰ ਨਾਂ **C/2012 S1** ਹੈ। ਇਸਨੂੰ ਦੋ ਰੂਸੀ ਸ਼ੌਕੀਆ ਤਾਰਾ ਵਿਗਿਆਨੀਆਂ 'ਆਰਟੀਓਮ ਨੋਵੀਚੋਨੋਕ (ਰੂਸ) ਅਤੇ ਵਿਟਾਲਾਈ ਨੇਵਸਕੀ' (ਬੇਲਾਰੂਸ) ਨੇ 21 ਸਤੰਬਰ, 2012 ਨੂੰ ਆਪਣੀ 16 ਇੰਚੀ ਟੈਲੀਸਕੋਪ ਨਾਲ ਖੋਜਿਆ ਸੀ। ਊਰਟ-ਬੱਦਲ ਵਿੱਚੋਂ ਆਈਸਾਨ ਲਗਭਗ 10,000 ਸਾਲ ਪਹਿਲਾਂ ਸੂਰਜ ਵੱਲ ਚੱਲਿਆ ਸੀ। ਇਹ 77,000 ਕਿ.ਮੀ. ਪ੍ਰਤੀ ਘੰਟੇ ਦੀ ਤੇਜ਼ ਗਤੀ ਨਾਲ ਸੂਰਜ ਦੀ ਪ੍ਰਕਰਮਾ ਲਈ ਅੱਗੇ ਵਧ ਰਿਹਾ ਹੈ। ਇਸ ਨਿਊਕਲੀਅਸ ਦਾ ਅਕਾਰ 1-5 ਕਿ.ਮੀ. (ਆਰ-ਪਾਰ) ਹੈ। ਇਸ ਵਿੱਚ ਪਾਣੀ (50%) ਅਤੇ ਬਾਕੀ ਕਾਰਬਨ ਡਾਈਆਕਸਾਈਡ, ਅਮੋਨੀਆ, ਪੌਲੀਸਾਈਕਲਿਕ ਐਰੋਮੈਟਿਕ ਹਾਈਡ੍ਰੋਕਾਰਬਨ ਅਤੇ ਮੀਥੇਨ ਗੈਸ

ਠੰਡ ਕਾਰਨ ਠੋਸ ਰੂਪ ਹਨ। ਇਸ ਲਈ ਆਸ ਹੈ ਕਿ ਸ਼ਾਇਦ ਸੂਰਜ ਦੁਆਲੇ ਚੱਕਰ ਲਗਾਉਣ ਸਮੇਂ ਇਹ ਆਪਣੀ ਹੋਂਦ ਕਾਇਮ ਰੱਖ ਸਕੇ। 'ਹੱਬਲ' ਟੈਲੀਸਕੋਪ ਦੇ ਪ੍ਰੇਖਣਾਂ ਤੋਂ ਜਾਣਕਾਰੀ ਮਿਲੀ ਹੈ ਕਿ ਇਸ ਦੀ ਧੁਰੀ ਲਗਾਤਾਰ ਸੂਰਜ ਦੀ ਦਿਸ਼ਾ ਵੱਲ ਹੈ ਇੰਝ ਇਸਦਾ ਇੱਕ ਅਰਧ-ਗੋਲਾ ਲਗਾਤਾਰ ਛਾਂ ਵਿੱਚ ਹੈ। ਖਦਸ਼ਾ ਇਹ ਵੀ ਹੈ ਕਿ ਸ਼ਾਇਦ ਸੂਰਜ ਦੀਆਂ ਗਰੂਤਵ-ਜਵਾਰੀ ਤਰੰਗਾਂ ਇਸ ਨੂੰ ਟੁਕੜਿਆਂ ਵਿੱਚ ਤੋੜ ਹੀ ਨਾ ਦੇਣ ਜਾਂ ਫਿਰ ਸੂਰਜ ਦੇ ਖਤਰਨਾਕ ਵਿਕਿਰਣ ਇਸ ਦੀ ਸਤਾਹ ਨੂੰ ਪਿਘਲਾ ਨਾ ਦੇਣ। ਆਈਸਾਨ ਵਿੱਚੋਂ ਤਕਰੀਬਨ 51 ਟਨ ਧੂੜ ਅਤੇ 1 ਟਨ ਦੇ ਕਰੀਬ ਪਾਣੀ ਇੱਕ ਮਿੰਟ ਵਿੱਚ ਪੂੰਛ ਵੱਲ ਖਾਰਜ ਹੋ ਰਿਹਾ ਹੈ।



ਇਹ 28 ਨਵੰਬਰ ਨੂੰ ਸੂਰਜ ਦੇ ਨੇੜੇ ਹੋਵੇਗਾ। ਇੰਨਾ ਨੇੜੇ ਕਿ ਬੁੱਧ ਗ੍ਰਹਿ ਤੋਂ ਵੀ ਨੇੜੇ - ਸਿਰਫ 11 ਲੱਖ 20 ਹਜ਼ਾਰ ਕਿ.ਮੀ.। ਜਦੋਂ ਕਿ ਬੁੱਧ 5 ਕਰੋੜ 79 ਲੱਖ 09 ਹਜ਼ਾਰ 227 ਕਿ.ਮੀ. ਦੀ ਔਸਤ ਦੂਰੀ ਉੱਪਰ ਘੁੰਮਦਾ ਹੈ। ਇਸ ਦੀ ਲਗਭਗ 3,00,000 ਕਿ.ਮੀ. ਲੰਬੀ ਪੂੰਛ, ਕਾਰਬਨਡਾਈਆਕਸਾਈਡ ਅਤੇ ਧੂੜ ਦੀ ਬਣੀ ਹੋਈ ਹੈ। ਪਰ ਕੀ ਇਹ ਆਮ ਆਦਮੀ ਨੂੰ ਨੰਗੀ ਅੱਖ ਨਾਲ ਵੀ ਨਜ਼ਰ ਆ ਸਕੇਗਾ - ਕਹਿਣਾ ਕੁੱਝ ਮੁਸ਼ਕਿਲ ਹੈ ਕਿਉਂਕਿ ਬੋਦੀ ਵਾਲੇ ਤਾਰੇ ਦਾ ਭੁਲੇਖਾ ਪਾਉਣ ਵਾਲੇ ਇਹਨਾਂ ਬਰਫ਼ ਦੇ ਟੁਕੜਿਆਂ ਦਾ ਵਰਤਾਓ ਅਸਲ ਵਿੱਚ ਸੂਰਜ ਤੋਂ ਦੂਰੀ ਅਤੇ ਸੂਰਜ ਦੀ ਗਰੂਤਵ ਖਿੱਚ ਦੀਆਂ ਤਰੰਗਾਂ ਉੱਪਰ ਨਿਰਭਰ ਕਰਦਾ ਹੈ। ਕਈ ਵਾਰ ਤਾਂ ਤਾਰਾ ਵਿਗਿਆਨੀ ਕੁੱਝ ਹੋਰ ਸੋਚ ਰਹੇ ਹੁੰਦੇ ਹਨ ਅਤੇ ਇਹਨਾਂ ਬੋਦੀ-ਤਾਰਿਆਂ ਦਾ ਵਰਤਾਓ ਕੁੱਝ ਹੋਰ ਹੀ ਹੋ ਜਾਂਦਾ ਹੈ। ਜੇ ਇਹ ਸੂਰਜ ਦੀ ਗਰਮੀ ਤੋਂ ਬਚ ਗਿਆ ਤਾਂ ਦਸੰਬਰ ਦੇ ਪਹਿਲੇ ਹਫ਼ਤੇ ਇਸਦੀ ਪੂੰਛ ਨੂੰ ਉੱਤਰ-ਪੂਰਬੀ ਦਿਸ਼ਾ ਵਿੱਚ ਦੇਖਿਆ ਜਾ ਸਕੇਗਾ। ਨਹੀਂ ਤਾਂ ਸ਼ਾਇਦ ਚੁੱਪ-ਚੁਪੀਤੇ ਸੂਰਜ ਦਾ ਫੇਰਾ ਮਾਰ ਕੇ ਦੁਬਾਰਾ ਊਰਟ-ਬੱਦਲਾਂ ਵਿੱਚ ਹਮੇਸਾਂ ਲਈ ਗੁਆਚਣ ਲਈ ਵਾਪਸ ਚਲਾ ਜਾਵੇਗਾ।

94634-89789

ਕਿਹੜੇ ਦਿਨ...ਕੀ?

7 ਨਵੰਬਰ :	ਮਹਾਨ ਰੂਸੀ ਇਨਕਲਾਬ 1917 ()
8 ਨਵੰਬਰ :	ਐਕਸਰੇ ਦੀ ਖੋਜ (1896)
14 ਨਵੰਬਰ :	ਬਾਲ ਦਿਵਸ
16 ਨਵੰਬਰ :	ਕਰਤਾਰ ਸਿੰਘ ਸਰਾਭਾ ਨੂੰ ਫਾਂਸੀ (1915)
28 ਨਵੰਬਰ :	ਜਨਮ ਦਿਨ (ਫਰੈਡਰਿਕ ਏਂਗਲਜ) (1820)
1 ਦਸੰਬਰ :	ਵਿਸ਼ਵ ਏਡਜ਼ ਦਿਵਸ
2 ਦਸੰਬਰ :	ਕੌਮੀ ਪ੍ਰਦੂਸ਼ਣ ਰੋਕੂ ਦਿਵਸ
3 ਦਸੰਬਰ :	ਵਿਸ਼ਵ ਅਪਾਹਜ ਦਿਵਸ, ਭੋਪਾਲ ਗੈਸ ਦੁਖਾਂਤ (3000 ਲੋਕ ਮਰੇ) (1984)
9 ਦਸੰਬਰ :	ਭ੍ਰਿਸ਼ਟਾਚਾਰ ਵਿਰੋਧੀ ਦਿਵਸ
10 ਦਸੰਬਰ :	ਮਨੁੱਖੀ ਅਧਿਕਾਰ ਦਿਵਸ
14 ਦਸੰਬਰ :	ਕੌਮੀ ਊਰਜਾ ਬਚਾਉ ਦਿਵਸ
19 ਦਸੰਬਰ :	ਸ਼ਹੀਦ ਰਾਮ ਪ੍ਰਸਾਦ ਬਿਸਮਿਲ, ਅਸ਼ਫਾਕ ਉੱਲਾ, ਰੋਸ਼ਨ ਸਿੰਘ ਨੂੰ ਕਾਕੋਰੀ ਕਾਂਡ ਵਿੱਚ ਫਾਂਸੀ ਦਿੱਤੀ (1927)
22 ਦਸੰਬਰ :	ਭਾਰਤੀ ਗਣਿਤਦਾਨ ਰਾਮਾਨੁਜਨ ਦਾ ਜਨਮ (1887)
26 ਦਸੰਬਰ :	ਜਨਮ (ਸ਼ਹੀਦ ਊਧਮ ਸਿੰਘ) (1899)
26 ਦਸੰਬਰ :	ਜਨਮ (ਮਾਓ ਜ਼ੇ ਤੁੰਗ) (1893)

ਦੇਂਦੇ ਨੇ ਉਪਦੇਸ਼ ਉਹ, ਮਾਇਆ ਟੇਢੀ ਖੀਰ,
ਖ਼ੁਦ ਗੋਲਕ ਵੱਲ ਝਾਕਦੇ, ਬਾਬੇ ਕੱਢ ਕੇ ਟੀਰ।
ਅਵਤਾਰ ਸਮਰਾ ਦੋਦੜਾ

ਮਨੁੱਖੀ ਸਖ਼ਸ਼ੀਅਤ ਦਾ ਸੱਚ-12

ਮਨੁੱਖੀ ਸਖ਼ਸ਼ੀਅਤ ਉਸਾਰੀ ਨੂੰ ਕਮਜ਼ੋਰ ਕਰਦਾ ਹੈ-ਧਰਮ

ਡਾ. ਸ਼ਿਆਮ ਸੁੰਦਰ ਦੀਪਤੀ



ਮਨੁੱਖੀ ਸਖ਼ਸ਼ੀਅਤ ਉਸਾਰੀ ਵਿਚ ਧਰਮ ਦੀ ਭੂਮਿਕਾ ਨੂੰ ਬਹੁਤ ਉੱਚਾ ਥਾਂ ਦਿੱਤਾ ਜਾਂਦਾ ਹੈ। ਅਜੋਕੇ ਮਾਹੌਲ ਵਿੱਚ ਜੋ ਵੀ ਵਿਗਾੜ ਨਜ਼ਰ ਆ ਰਹੇ ਹਨ, ਖਾਸ ਕਰਕੇ ਨੌਜਵਾਨਾਂ ਦੇ ਕਿਰਦਾਰ ਨੂੰ ਲੈ ਕੇ, ਉਸਦਾ ਵੱਡਾ ਕਾਰਨ ਇਹ ਉਭਾਰਿਆ ਜਾਂਦਾ ਹੈ ਕਿ ਨੌਜਵਾਨ ਧਰਮ ਤੋਂ ਟੁੱਟ ਰਹੇ ਹਨ, ਇਸ ਲਈ ਉਹਨਾਂ ਦੀ ਸਖ਼ਸ਼ੀਅਤ ਮਾੜੀ ਬਣ ਰਹੀ ਹੈ।

ਧਾਰਮਿਕ ਲੋਕ ਆਪਣੇ ਪ੍ਰਵਚਨਾਂ ਵਿਚ ਜੋ ਮਰਜੀ ਪ੍ਰਸਾਰਨ, ਲੋਕਾਂ ਨੂੰ ਮਤਾਂ ਦੇਣ ਤੇ ਲੋਕ ਵੀ ਨਿਤਨੇਮ ਅਨੁਸਾਰ ਪਾਠ ਕਰਨ, ਮੰਦਰ ਜਾ ਕੇ ਟੱਲ ਖੜਕਾਉਣ ਜਾਂ ਗੁਰਦੁਆਰੇ ਮੱਥੇ ਰਗੜਣ, ਪਰ ਇਹ ਇੱਕ ਸੱਚ ਹੈ ਕਿ ਕਿਸੇ ਵੀ ਵਿਅਕਤੀ ਦੀ ਸਖ਼ਸ਼ੀਅਤ ਦਾ ਪ੍ਰਗਟਾਵਾ ਉਸਦੇ ਬੋਲਣ ਅਤੇ ਵਿਵਹਾਰ ਰਾਹੀਂ ਉਜਾਗਰ ਹੁੰਦਾ ਹੈ। ਕੋਈ ਵੀ ਵਿਅਕਤੀ ਇੰਨ੍ਹਾਂ ਦੋਹਾਂ ਰਸਤਿਆਂ ਰਾਹੀਂ ਆਪਣੇ ਕਿਰਦਾਰ ਨੂੰ ਬਹੁਤੀ ਦੇਰ ਤਕ ਛੁਪਾ ਕੇ ਨਹੀਂ ਰੱਖ ਸਕਦਾ। ਮਿਠਾ ਬੋਲਣ ਦਾ ਉਪਦੇਸ਼ ਤੇ ਗੱਲਬਾਤ ਵਿੱਚ ਕੜਵਾਹਟ, ਸਹਿਣਸ਼ੀਲਤਾ ਉੱਪਰ ਪ੍ਰਵਚਨ ਅਤੇ ਵਿਵਹਾਰ ਵਿੱਚ ਗੁੱਸਾ ਕਹਿਣੀ-ਕਥਨੀ ਦੇ ਫਰਕ ਨੂੰ ਉਜਾਗਰ ਕਰ ਹੀ ਜਾਂਦੇ ਹਨ।

ਜਦੋਂ ਵੀ ਕਦੀ ਅਸੀਂ ਸਖ਼ਸੀਅਤ ਦੀ ਗੱਲ ਕਰਦੇ ਹਾਂ ਤਾਂ ਅਸੀਂ ਕਿਸ ਤਰ੍ਹਾਂ ਦੀ ਸ਼ਖ਼ਸ਼ੀਅਤ ਦੀ ਆਸ ਕਰਦੇ ਹਾਂ? ਕਿਸ ਤਰ੍ਹਾਂ ਦੀ ਸ਼ਖ਼ਸ਼ੀਅਤ ਸਾਡੇ ਮਨ ਨੂੰ ਚੰਗੀ ਲਗਦੀ ਹੈ? ਸ਼ਖ਼ਸੀਅਤ ਦੇ ਅਜਿਹੇ ਕਿਹੜੇ ਗੁਣ ਹਨ ਜੋ ਸਾਨੂੰ ਪ੍ਰਭਾਵਿਤ ਕਰਦੇ ਹਨ ਜਾਂ ਦੂਸਰੇ ਪਾਸੋਂ ਜਿੰਨ੍ਹਾਂ ਤੋਂ ਸਾਨੂੰ ਖਿਝ ਆਉਂਦੀ ਹੈ ਅਤੇ ਉਸ ਵਿਕਅਤੀ ਤੋਂ ਪਰਹੇਜ ਕਰਦੇ ਹਾਂ?

ਅਜੋਕੇ ਸਮੇਂ ਵਿੱਚ ਇਸ ਸਮਾਜਿਕ ਉਥਲ-ਪੁਥਲ, ਭੰਬਲਭੂਸੇ ਅਤੇ ਅਸਪਸ਼ਟਤਾ ਵਾਲੇ ਮਾਹੌਲ ਵਿੱਚ, ਇੰਨ੍ਹਾਂ ਸਵਾਲਾਂ ਦੇ ਕਈ ਜਵਾਬ ਹੋ ਸਕਦੇ ਹਨ। ਚਲਾਕ ਹੋਵੇ, ਚਾਲੂ ਹੋਵੇ, ਕੰਮ ਕਢਵਾ ਸਕਦਾ ਹੋਵੇ, ਸ਼ਰੀਫ ਹੋਣ ਦਾ ਜਮਾਨਾ ਨਹੀਂ ਹੈ, ਈਮਾਨਦਾਰ ਵਿਅਕਤੀ ਨੂੰ ਕੋਈ ਨਹੀਂ ਪੁੱਛਦਾ---ਟੇਢੀ ਉਂਗਲੀ, ਵਗੈਰਾ। ਦੂਸਰੇ ਪਾਸੇ ਜੇਕਰ ਮਾਂ ਪਿਉ ਆਪਣੇ ਬੱਚੇ ਬਾਰੇ ਕੁੱਝ ਕੁ ਹੋਰ ਆਪਣੇ ਨਾਲ ਸੰਬੰਧਤ ਪਹਿਲੂਆਂ ਬਾਰੇ ਗੱਲ ਕਰਨ ਤਾਂ ਕਹਿਣਗੇ ਇੱਜ਼ਤ ਕਰਨ ਵਾਲਾ ਹੋਵੇ, ਕਹਿਣਾ ਮੰਨੇ, ਈਮਾਨਦਾਰ ਹੋਵੇ, ਖਿਆਲ ਰੱਖਣ ਵਾਲਾ, ਮਦਦ ਕਰਨ ਵਾਲਾ ਹੋਵੇ, ਭਾਵਨਾਵਾਂ ਦੀ ਕਦਰ ਕਰੇ..।

ਇਸ ਤਰ੍ਹਾਂ ਇਹ ਭੰਬਲਭੂਸਾ ਹੈ ਤੇ ਵਿਅਕਤੀ ਨੂੰ ਸਮਝ ਨਹੀਂ ਆਉਂਦੀ ਕਿ ਕੀ ਠੀਕ ਹੈ, ਕੀ ਚਾਹੀਦਾ ਹੈ, ਕਿਸ ਦੀ ਲੋੜ ਹੈ?

ਧਰਮ ਦੇ ਪ੍ਰਚਾਰਕ, ਧਰਮ ਨੂੰ ਮਨੁੱਖੀ ਸਖ਼ਸ਼ੀਅਤ ਲਈ ਮੂਲ ਮੰਤਰ ਕਹਿਣ ਵਾਲੇ ਤਾਂ ਸਭ ਨੂੰ ਈਮਾਨਦਾਰ, ਸੰਜਮੀ, ਸਹਿਣਸ਼ੀਲ, ਦਿਆਲੂ... ਵਰਗੇ ਗੁਣਾਂ ਨੂੰ ਆਪਣੇ ਅੰਦਰ ਸਮਾਉਣ ਲਈ ਕਹਿੰਦੇ ਹਨ। ਅੱਜ ਜਦੋਂ ਧਰਮ ਦਾ ਪ੍ਰਚਾਰ-ਪ੍ਰਸਾਰ ਬਹੁਤ ਵਧਿਆ ਹੈ। ਮੀਡੀਆ ਦਾ ਇਸਤੇਮਾਲ ਹੋ ਰਿਹਾ ਹੈ। ਧਾਰਮਿਕ ਪ੍ਰਵਚਨਾਂ ਦੀਆਂ ਗੂੰਜਾਂ ਦੂਰ ਦੂਰ ਪਹੁੰਚਣ ਦੇ ਸਾਧਨ ਹਨ ਵੀ ਤੇ ਪ੍ਰਯੋਗ ਵਿਚ ਵੀ ਆ ਰਹੇ ਹਨ, ਤੇ ਫਿਰ ਵੀ 'ਕੂੜ ਫਿਰੇ ਪ੍ਰਧਾਨ', ਝੂਠ ਦਿਖਾਵਾ, ਧੋਖਾ, ਨਫਰਤ, ਜੁਰਮ, ਜੰਗ... ਸਭ ਕੁਝ ਵਾਧੇ ਵੱਲ ਹੈ। ਜੇਕਰ ਧਰਮ ਕਿਸੇ ਦੀ ਸਖ਼ਸ਼ੀਅਤ ਨੂੰ ਉਸਾਰਨ-ਸੰਵਾਰਨ ਦਾ ਸਭ ਤੋਂ ਵਧੀਆ ਸੰਦ ਹੈ ਤਾਂ ਫਿਰ ਅਜਿਹੇ ਹਾਲਾਤ ਕਿਉਂ? ਕੀ ਇਹ ਸਵਾਲ ਖੜ੍ਹਾ ਕਰਨਾ ਵਾਜਬ ਨਹੀਂ ਹੈ?

ਧਰਮ ਦੀ ਜਦੋਂ ਗੱਲ ਹੁੰਦੀ ਹੈ ਤਾਂ ਧਰਮ ਨੂੰ ਨੈਤਿਕਤਾ ਦੇ ਪ੍ਰਚਾਰ ਦੇ ਨਾਲ ਜੋੜਿਆ ਜਾਂਦਾ ਹੈ। ਪਿਆਰ, ਈਮਾਨਦਾਰੀ, ਇਨਸਾਫ...ਆਦਿ ਨੈਤਿਕਤਾ ਦੇ ਪਹਿਲੂ ਹਨ ਤੇ ਧਰਮ ਇਹੀ ਕੁਝ ਕਰਦਾ ਹੈ। ਸਾਰੇ ਧਰਮਾਂ ਦੀ ਬੁਨਿਆਦ ਵਿੱਚ ਨੈਤਿਕਤਾ ਹੈ। 'ਮਜਹਬ ਨਹੀਂ ਸਿਖਾਉਂਦਾ ਆਪਸ ਵਿੱਚ ਵੈਰ...।' ਜਿਸ ਤਰ੍ਹਾਂ ਸ਼ੁਰੂ

ਵਿੱਚ ਗੱਲ ਕੀਤੀ ਸੀ ਕਿ ਸਿਖਾਉਣਾ ਤੇ ਵਿਵਹਾਰ ਵਿੱਚ ਹੋਣਾ... ਧਰਮ ਨੇ ਵੈਰ ਨਹੀਂ ਸਿਖਾਇਆ ਤੇ ਵਿਵਹਾਰ ਵਿਚ ਹੋਣਾ ... ਧਰਮ ਨੇ ਵੈਰ ਨਹੀਂ ਸਿਖਾਇਆ, ਪਰ ਦੁਨੀਆਂ ਵਿੱਚ ਸਭ ਤੋਂ ਵੱਧ ਗੈਰ ਕੁਦਰਤੀ ਮੌਤਾਂ ਦਾ ਕਾਰਨ ਧਰਮ ਬਣਿਆ ਹੈ।

ਨੈਤਿਕਤਾ-ਨਿਸ਼ਚਿਤ ਹੀ ਮਨੁੱਖ ਦੀ ਲੋੜ ਹੈ। ਸਮਾਜ ਅਸੀਂ ਸਿਰਜਿਆ, ਮਿਲਕੇ ਰਹਿਣ ਦੀ ਗੱਲ ਸੋਚੀ। ਜਿਉਂ ਜਿਉਂ ਇਸ ਰਾਹ ਤੇ ਤੁਰੇ ਤਿਉਂ ਤਿਉਂ ਮਹਿਸੂਸ ਹੋਇਆ ਕਿ ਕੁਝ ਗੱਲਾਂ ਤੇ ਆਪਸੀ ਸਹਿਮਤੀ ਹੋਣੀ ਚਾਹੀਦੀ ਹੈ, ਕੰਮ ਕਰਨ ਦੇ ਕੁਝ ਨਿਯਮ ਹੋਣੇ ਚਾਹੀਦੇ ਹਨ ਅਤੇ ਉਹਨਾਂ ਨੂੰ ਹਾਸਿਲ ਕਰਨ ਵਿੱਚ ਸਭ ਦਾ ਸਹਿਯੋਗ ਹੋਵੇ। ਮਨੁੱਖੀ ਹੋਂਦ ਦੀ ਬੇਹਤਰੀ ਵਾਲੇ ਸਮਾਜ ਦੀ ਹੋਂਦ ਤੋਂ ਹੁਣ ਤੱਕ ਨੈਤਿਕਤਾ ਵਾਲੇ ਗੁਣ ਨਹੀਂ ਬਦਲੇ। ਸੰਜਮ, ਸਹਿਣਸੀਲਤਾ, ਸਹਿਯੋਗ, ਇਨਸਾਫ, ਪਿਆਰ, ਉਦੋਂ ਵੀ ਚਾਹੀਦਾ ਸੀ, ਹੁਣ ਦੀ ਵੀ ਲੋੜ ਹੈ। ਸਮੇਂ-ਸਮੇਂ ਨੇਮ ਬਦਲੇ ਹਨ ਅਤੇ ਸਮੇਂ ਅਤੇ ਬੌਧਿਕ ਵਿਕਾਸ ਨਾਲ ਇਹ ਬਦਲਣੇ ਵੀ ਚਾਹੀਦੇ ਹਨ।

ਧਰਮ, ਨੈਤਿਕਤਾ ਅਤੇ ਨੇਮਾਂ ਨੂੰ ਰਲਗੱਡ ਕਰਕੇ, ਨੈਤਿਕਤਾ ਦੇ ਨਾਂ ਤੇ ਨੇਮਾਂ ਨੂੰ ਵਿਅਕਤੀ ਤੇ ਠੋਸਦਾ ਹੈ ਤੇ ਉਸਨੂੰ ਹੂ-ਬ-ਹੂ ਜਾਰੀ ਰੱਖਣ ਦੀ ਹਿਮਾਇਤ ਕਰਦਾ ਹੈ ਤੇ ਹਿਮਾਇਤਾਂ ਦਿੰਦਾ ਹੈ। ਧਰਮ, ਨੈਤਿਕਤਾ ਅਤੇ ਫਿਰ ਉਸ ਨਾਲ ਜੁੜਦੇ ਹਨ ਕਰਮਕਾਂਡ ਤੇ ਉਨ੍ਹਾਂ ਦਾ ਬਿਨਾਂ ਕਿਸੇ ਅਧਾਰ ਤੋਂ ਜਾਰੀ ਰਹਿਣਾ।

ਆਪਾਂ ਗੱਲ ਕੀਤੀ ਹੈ ਸਮਾਜ ਵਿੱਚ ਨੈਤਿਕਤਾ ਦੀ ਲੋੜ ਹੈ। ਨੈਤਿਕਤਾ ਨੂੰ ਲਾਗੂ ਕਰਨ ਲਈ ਨੇਮਾਂ ਦੀ ਲੋੜ ਹੈ ਤੇ ਉਨ੍ਹਾਂ ਨੂੰ ਆਪਣੇ ਲੋਕਾਂਨੂੰ ਸਿਖਾਉਣਾ ਚਾਹੀਦਾ ਹੈ ਤੇ ਸਿਖਾਇਆ ਵੀ ਜਾਂਦਾ ਹੈ।

ਸਿਖਲਾਈ ਦਾ ਪਹਿਲਾਂ ਕਾਰਕੁੰਨ - ਮਾਂ ਪਿਉ ਹਨ। ਉਨ੍ਹਾਂ ਨੇ ਬੱਚੇ ਨੂੰ ਪਾਲਣਾ ਤੇ ਵੱਡਾ ਕਰਨਾ ਹੈ। ਉਸ ਦੀ ਉਂਗਲ ਫੜ ਕੇ ਤੁਰਨਾ ਹੀ ਨਹੀਂ ਸਿਖਾਉਣਾ, ਆਪਣੇ ਮੁਤਾਬਕ, ਆਪਣੇ ਹਿਸਾਬ ਨਾਲ ਤੁਰਨਾ ਸਿਖਾਉਣਾ ਹੈ। ਉਸਨੂੰ ਕਪੜੇ ਪਾਉਣ ਤੋਂ, ਦੁਆ ਸਲਾਮ ਤੱਕ ਸਿਖਾਇਆ ਜਾਣਾ ਹੈ। ਇਹ ਸਿਖਲਾਈ ਕਿਹੋ ਜਿਹੀ ਹੋਵੇ; ਇਸ ਦੀਆਂ ਹਿਦਾਇਤਾਂ ਧਰਮ ਦਿੰਦਾ ਹੈ।

ਨੇਮਾਂ ਦਾ ਮਕਸਦ ਹੈ-ਸਮਾਜ ਸੁਚਾਰੂ ਢੰਗ ਨਾਲ ਚੱਲੇ। ਸਮਾਜ ਦਾ ਮੁੱਖ ਕੇਂਦਰ ਬਿੰਦੂ ਹੈ, ਮਨੁੱਖ । ਸਮਾਜ ਸੁਚਾਰੂ ਤਾਂ ਹੀ ਚੱਲੇਗਾ ਜੇਕਰ ਉਸ ਵਿੱਚ ਰਹਿਣ ਵਾਲਾ, ਉਸ ਸਮਾਜ ਦਾ ਅਹਿਮ ਮੈਂਬਰ ਮਨੁੱਖ ਵੀ ਖੁਸ਼ ਅਤੇ ਸੰਤੁਸ਼ਟ ਹੋਵੇਗਾ। ਮਨੁੱਖ ਦੀ ਖੁਸ਼ੀ ਅਤੇ ਸੰਤੁਸ਼ਟੀ ਦਾ ਇਕ ਇਕ ਪੈਮਾਨਾ ਹੈ ਕਿ ਉਸਦੀਆਂ ਕੁਦਰਤੀ ਲੋੜਾਂ ਪੂਰੀਆਂ ਹੋਣ। ਭੁੱਖ, ਪਿਆਸ, ਪਿਆਰ, ਨੇੜਤਾ, ਮਨੁੱਖੀ ਮਨ ਦੇ ਪ੍ਰਗਟਾਵੇ ਲਈ ਮਾਹੌਲ। ਸਮਾਜਿਕ ਲੋੜਾਂ ਦੀ ਸੂਚੀ ਬਹੁਤ ਵੱਡੀ ਅਤੇ ਵੱਖਰੀ ਹੈ। ਕੁਦਰਤੀ ਲੋੜਾਂ ਦੁਨੀਆਂ ਦੇ ਹਰ ਇਨਸਾਨ ਦੀਆਂ ਇਕੋ ਜਿਹੀਆਂ ਹੀ ਹਨ। ਧਰਮ ਮਨੁੱਖ ਦੀਆਂ ਕੁਦਰਤੀ ਲੋੜਾਂ ਨੂੰ ਵੀ ਗੈਰ-ਕੁਦਰਤੀ ਢੰਗ ਨਾਲ ਲੈਂਦਾ ਹੈ ਤੇ ਉਸ ਤੇ ਨੈਤਿਕਤਾ ਦਾ ਲਿਬਾਸ ਪਵਾ ਕੇ ਉਸਨੂੰ ਸੁਹਣਾ ਬਣਾਉਣ ਦੀ ਕੋਸ਼ਿਸ਼ ਕਰਦਾ ਹੈ।

ਮਨੁੱਖ ਦੀਆਂ ਕੁਦਰਤੀ ਲੋੜਾਂ ਸਾਨੂੰ ਹੌਲੀ ਹੌਲੀ ਸਮਝ ਆਈਆਂ ਹਨ। ਉਨ੍ਹਾਂ ਦੀ ਸਮਝ ਬਾਰੇ ਵਿਗਿਆਨਕ ਉਪਰਾਲੇ ਦੇਰ ਨਾਲ ਹੋਏ ਹਨ। ਹਰ ਨਵੀਂ ਸਮਝ ਤਹਿਤ, ਨੇਮਾਂ ਬਾਰੇ ਵਿਚਾਰ ਚਰਚਾ ਹੋਣੀ ਬਣਦੀ ਹੈ ਤੇ ਉਨ੍ਹਾਂ ਨੂੰ ਬਦਲਣਾ ਬਣਦਾ ਹੈ। ਸਵਾਲ ਇਥੇ ਫਿਰ ਉਹੀ ਹੈ ਨੈਤਿਕਤਾ ਦੇ ਪਹਿਲੂ ਤੇ ਕੋਈ ਸਮਝੌਤਾ ਨਹੀਂ ਹੋਣਾ ਚਾਹੀਦਾ। ਨੇਮ ਜੇਕਰ ਮਨੁੱਖ ਨੂੰ ਵਧੀਆ ਜ਼ਿੰਦਗੀ ਜੀਉਣ ਲਈ ਬਦਲਣੇ ਪੈਂਦੇ ਹਨ ਤਾਂ ਇਹ ਕਾਰਜ ਹੋਣਾ ਚਾਹੀਦਾ ਹੈ।

ਧਰਮ ਇਸ ਰਾਹ ਵਿੱਚ ਅੜਿਕਾ ਕਿਉਂ ਹੈ?

ਆਪਾਂ ਇਕ ਛੋਟੇ ਜਿਹੇ ਉਦਾਹਰਨ ਤੋਂ ਗੱਲ ਕਰਦੇ ਹਾਂ। ਮਨੁੱਖ ਆਪਣੀ ਕੁਦਰਤੀ ਸਰੀਰਕ ਬਣਤਰ ਕਰਕੇ 'ਜਿਗਿਆਸੂ' ਹੈ। ਇਸੇ ਪ੍ਰਵਿਰਤੀ ਸਦਕਾ ਹੀ ਉਸਨੇ ਕੁਦਰਤ ਦੇ ਭੇਤਾਂ ਨੂੰ ਜਾਣਿਆ ਅਤੇ ਸਭ ਦੇ ਸਾਹਮਣੇ ਰਖਿਆ। ਮੌਸਮਾਂ ਦਾ ਚੱਕਰ, ਸੂਰਜ-ਚੰਨ ਗ੍ਰਹਿਣ ਦੀ ਸੱਚਾਈ ਤੇ ਉਸਤੋਂ ਬਾਅਦ ਮਨੁੱਖ ਦਾ ਸਾਰਾ ਵਿਕਾਸ ਉਸ ਮਨੁੱਖੀ ਜਿਗਿਆਸੂ ਪ੍ਰਵਿਰਤੀ ਕਾਰਨ ਹੈ। ਇਹ ਕੀ ਹੈ, ਉਹ ਕਿਉਂ ਹੈ? ਇਸ ਤਰ੍ਹਾਂ ਉਸ ਨਾਲ ਹੋਇਆ, ਮੇਰੇ ਨਾਲ

ਕਿਉਂ ਨਹੀਂ? ਇਹ ਸਭ ਅਸੀਂ ਅਕਸਰ ਕਰਦੇ, ਦੇਖਦੇ ਹਾਂ।

ਕੁਦਰਤ ਨੇ ਸਾਰੇ ਜੀਵਾਂ ਲਈ, ਇਸ ਧਰਤੀ ਉੱਪਰ ਸਭ ਲਈ ਸਭ ਕੁਝ ਲੋੜ ਮੁਤਾਬਕ ਪੈਦਾ ਕੀਤਾ ਹੈ। ਮਨੁੱਖ ਨੇ ਜਦੋਂ ਆਪਣੇ ਆਪਨੂੰ ਸਮਾਜ ਦੀ ਹੋਂਦ ਵੱਲ ਤੋਰਿਆ ਤੇ ਆਪਣੇ ਨਿਯਮਾਂ ਤਹਿਤ ਹੌਲੀ ਹੌਲੀ ਆਪਣੇ ਅੰਦਰ ਵੰਡੀਆਂ ਪਾ ਲਈਆਂ ਤੇ ਮਨੁੱਖ ਨੂੰ ਕਈ ਕਿਸਮਾਂ ਵਿੱਚ, ਵਰਗਾਂ ਵਿੱਚ ਤਬਦੀਲ ਕਰ ਲਿਆ।

ਕਿਸ਼ੋਰ ਅਵਸਥਾ ਦੌਰਾਨ ਜਾਂ ਚੜ੍ਹਦੀ ਜਵਾਨੀ ਵੇਲੇ, ਇਸ ਜਿਗਿਆਸੂ ਪ੍ਰਵਿਰਤੀ ਦਾ ਵਿਕਾਸ ਸ਼ੁਰੂ ਹੁੰਦਾ ਹੈ। ਨੌਜਵਾਨੀ ਇਸੇ ਲਈ ਜਿਆਦਾ ਸਵਾਲ ਪੁੱਛਣ ਲਈ ਬਦਨਾਮ ਹੁੰਦੀ ਹੈ। ਉਹ ਸਵਾਲਾਂ ਦੇ ਜਵਾਬ ਚਾਹੁੰਦੀ ਹੈ ਤੇ ਜਵਾਬ ਨਾ ਮਿਲਣ ਤੇ ਗੁੱਸੇ ਹੁੰਦੀ ਹੈ ਜਾਂ ਨਿਰਾਸ਼ ਉਦਾਸ ਹੋ ਕੇ ਭਟਕਦੀ ਹੈ। ਧਰਮ ਮਨੁੱਖ ਦੀ ਇਸ, ਸਭ ਤੋਂ ਅਹਿਮ ਪ੍ਰਵਿਰਤੀ ਦੇ ਵਿਕਾਸ ਲਈ ਰੋੜਾ ਹੈ। ਧਰਮ ਮਨੁੱਖ ਨੂੰ ਜਿਗਿਆਸੂ ਦੀ ਥਾਂ ਮੰਨਣ ਵੱਲ ਲੈ ਕੇ ਜਾਂਦਾ ਹੈ ਤੇ ਅੰਧਵਿਸ਼ਵਾਸੀ ਬਣਾਉਂਦਾ ਹੈ। ਜਦੋਂਕਿ ਮਨੁੱਖ ਦੀ ਸਾਰੀ ਤਰੱਕੀ, ਸਾਰੀਆਂ ਖੋਜਾਂ ਦਾ ਸਿਹਰਾ ਮਨੁੱਖ ਦੀ ਇਸ ਨੀਝ ਨਾਲ ਕੁਦਰਤ ਨੂੰ ਸਮਝਣ ਅਤੇ ਵਰਤਾਰਿਆਂ ਦੇ ਕਾਰਨਾਂ ਨੂੰ ਜਾਨਣ ਨਾਲ ਹੋਇਆ ਹੈ।

ਧਰਮ, ਨੈਤਿਕਤਾ, ਕਰਮਕਾਂਡ, ਜੋ ਹੈ ਉਸ ਨੂੰ ਮੰਨਣਾ, ਤੇ ਫਿਰ ਜਦੋਂ ਕੋਈ ਇਸਤੋਂ ਇਨਕਾਰੀ ਹੋਵੇ ਤਾਂ ਉਸ ਲਈ ਡਰ ਅਤੇ ਸਜ਼ਾ ਦਾ ਵੀ ਇੰਤਜਾਮ ਹੈ। ਇਸਨੂੰ ਪੂਰੇ ਵਿਧੀਵਤ ਤਰੀਕੇ ਨਾਲ, ਗ੍ਰੰਥਾਂ ਦੇ ਰੂਪ ਵਿੱਚ, ਲਿਖਤੀ ਰੂਪ ਵਿੱਚ, ਲਿਆਂਦਾ ਗਿਆ ਹੈ।

ਨਿਯਮਾਂ ਨੂੰ ਲਾਗੂ ਕਰਨ ਲਈ, ਲਿਖਤੀ ਰੂਪ ਹੋਵੇ ਤਾਂ ਸਥਿਤੀ ਵਧੀਆ ਹੋ ਸਕਦੀ ਹੈ। ਹਰ ਦੇਸ਼ ਦਾ ਸੰਵਿਧਾਨ ਹੈ ਤੇ ਉਸ ਵਿੱਚ ਸੋਧ ਕਰ ਸਕਣ ਦੀ ਧਾਰਾ ਵੀ ਹੁੰਦੀ ਹੈ। ਪਰ ਧਰਮ ਆਪਣੇ ਵਿਸ਼ੇਸ਼ ਗੁਣ ਤਹਿਤ, ਇੰਨ੍ਹਾਂ ਨੂੰ ਸੋਧਣ ਦੀ ਇਜਾਜਤ ਨਹੀਂ ਦਿੰਦਾ। ਇੱਥੇ ਆ ਕੇ ਉਹ ਰੱਬ ਦਾ ਸਰੂਪ ਘੜਦਾ ਹੈ। ਉਹ ਫਿਰ ਰੱਬ ਨੂੰ ਹੀ ਉਨ੍ਹਾਂ ਗ੍ਰੰਥਾਂ ਦਾ ਰਚਨਹਾਰ ਕਹਿੰਦਾ ਹੈ, ਉਸਦੀਆਂ ਗੱਲਾਂ ਨੂੰ ਰੱਬ ਦੀ ਬਾਣੀ ਕਹਿੰਦਾ ਹੈ, ਜਿਸਦਾ ਕੋਈ ਮੁਲਾਂਕਣ ਸੰਭਵ ਨਹੀਂ ਹੈ।

ਇਸ ਤਰ੍ਹਾਂ ਧਰਮ, ਰੱਬ ਦੀ ਆੜ ਲੈ ਕੇ, ਮਨੁੱਖੀ ਸਖਸ਼ੀਅਤ ਨੂੰ ਅੰਧਵਿਸ਼ਵਾਸੀ ਅਤੇ ਡਰ ਕੇ ਰਹਿਣ ਵਾਲੀ ਬਣਾਉਂਦਾ ਹੈ। ਮਨੋਵਿਗਿਆਨ ਦੀਆਂ ਖੋਜਾਂ ਦਾ ਸੱਚ ਹੈ ਕਿ ਮਨੁੱਖੀ ਸਖ਼ਸ਼ੀਅਤ ਨੂੰ ਕੰਮਜ਼ੋਰ ਕਰਨ ਵਾਲਾ ਸਭ ਤੋਂ ਵੱਡਾ ਹਥਿਆਰ ਡਰ ਹੈ। ਡਰ ਹੈ ਸਜ਼ਾ ਦਾ। ਸਜਾ ਜੋ ਜੀਉਂਦੇ ਜੀਅ ਵੀ ਹੈ ਤੇ ਮਰਨ ਤੋਂ ਬਾਅਦ ਵੀ। ਡਰਨਾ ਤੇ ਆਪਣੇ ਕੀਤੇ ਦੀ ਮਾਫੀ ਮੰਗਣਾ। ਅਸੀਂ ਗੁਨਾਹਗਾਰ ਹਾਂ, ਪਾਪੀ ਹਾਂ, ਸਜ਼ਾ ਦੇ ਭਾਗੀਦਾਰ ਹਾਂ। ਇਕ ਹੀਣ ਭਾਵਨਾ ਅਤੇ ਲਗਾਤਾਰ ਡਿੱਗਦਾ ਸਵੈ-ਭਰੋਸਾ।

ਸਵੈ-ਭਰੋਸੇ ਦੀ ਘਾਟ ਮਨੁੱਖੀ ਸਖਸ਼ੀਅਤ ਨੂੰ ਖੋਰਾ ਲਗਾਉਂਦੀ ਹੈ। ਧਰਮ ਕਹਿੰਦਾ ਹੈ, ਰੱਬ ਤੇ ਭਰੋਸਾ ਰੱਖ। ਰੱਬ ਆਪਣੇ ਗ੍ਰੰਥਾਂ ਵਿੱਚ ਕਹਿੰਦਾ ਹਾਂ, ਮੇਰੇ ਤੇ ਯਕੀਨ ਰੱਖ। ਮੈਂ ਤੇਰੇ ਨਾਲ ਹਾਂ। ਆਪਣੇ ਆਪ ਤੇ ਯਕੀਨ ਨਹੀਂ ਕਰਨਾ। ਕਰੇ ਕਰਾਵੇ ਆਪੇ ਆਪ। ਇਸੇ ਵਿਚੋਂ ਫਿਰ ਕਥਨ ਨਿਕਲਦਾ ਹੈ- ਮੇਰੀ ਮਿਹਨਤ, ਤੇਰੀ ਰਹਿਮਤ। ਮੇਹਨਤ ਮੈਂ ਕਰਾਂਗਾ, ਰਹਿਮਤ ਦੀ ਭੀਖ ਉਸਤੋਂ ਮੰਗਾਗਾ। ਮਿਹਲਤ ਕਰਕੇ ਵੀ ਨਤੀਜੇ ਚੰਗੇ ਨਾ ਆਉਣ ਤਾਂ ਘਬਰਾਉਣਾ ਨਹੀਂ। ਆਪਣੇ ਆਪ ਤੇ ਸੰਜਮ ਰੱਖਣਾ ਹੈ। ਇਸ ਤਰ੍ਹਾਂ ਦੀ ਸਖ਼ਸੀਅਤ ਬਣਦੀ ਹੈ।

ਕਿੰਨੀ ਅਜੀਬ ਗੱਲ ਹੈ ਕਿ ਅਮੀਰ ਗਰੀਬ ਜਾਂ ਐਸ਼ੋ ਇਸ਼ਰਤ ਦੀ ਜਿੰਦਗੀ ਹੰਢਾ ਰਹੇ ਲੋਕਾਂ ਦੀ ਸਖਸ਼ੀਅਤ ਨੂੰ ਵਿਆਖਿਆ ਕਰਨ ਦਾ ਜਵਾਬ ਹੋਰ ਹੈ ਤੇ ਕੀੜੇ ਮਕੌੜਿਆਂ ਵਾਂਗ ਕੁਰਬਲਾ ਰਹੇ ਲੋਕਾਂ ਲਈ ਹੋਰ। ਐਸ਼ਪ੍ਰਸਤ ਲੋਕਾਂ ਲਈ ਜਵਾਬ ਹੈ- ਉਨ੍ਹਾਂਦੇ ਪਿਛਲੇ ਜਨਮ ਦੇ ਕਰਮ, ਉਨ੍ਹਾਂ ਦੀ ਚੰਗੀ ਕਿਸਮਤ। ਕਿਸਮਤ ਲਿਖਣਾ ਉਸ ਦੇ ਵਸ ਹੈ।

ਲਗਦਾ ਹੈ ਜਿਵੇਂ ਰੱਬ ਅਤੇ ਧਰਮ ਦੀ ਹਸਤੀ ਕਿਸੇ ਯੋਜਨਾਬੱਧ ਢੰਗ ਨਾਲ ਲੋਕਾਂ ਦੀ ਸ਼ਖ਼ਸ਼ੀਅਤ ਨੂੰ ਵੱਡਾ ਕਰਦੀ ਹੈ ਤੇ ਉਸਦੀ ਰੋਜਾਨਾ ਦੀ, ਬਾਰ ਬਾਰ ਦੁਹਰਾਉ ਵਾਲੀ ਹਾਲਤ ਪਿੱਛੋਂ, ਇਹ ਮਿਥਾਂ, ਕਹਾਣੀਆਂ, ਇਹ ਮਨਘੜਤ ਗੱਲਾਂ ਸੱਚ ਜਾਪਣ ਲਗ ਪੈਂਦੀਆਂ ਹਨ ਤੇ ਤੁਸੀਂ ਦੇਖ ਸਕਦੇ ਹੋ, ਨੌਜਵਾਨ ਜੋ ਅੱਜ

ਸਵਾਲ ਕਰਦਾ ਹੈ, ਕਿੰਤੂ ਖੜੇ ਕਰਦਾ ਹੈ, ਉਸਦੀ ਸੋਚ ਨੂੰ ਖੁੰਡਾ ਕਰ ਦਿੱਤਾ ਜਾਂਦਾ ਹੈ ਤੇ ਹੌਲੀ ਹੌਲੀ ਉਹ ਉਸ 'ਹੋਣੀ' ਦਾ ਹੋ ਕੇ ਇਕ ਕੋਣੇ ਵਿੱਚ ਜ਼ਿੰਦਗੀ ਕੱਟਣ ਲਈ ਮਜਬੂਰ ਕਰ ਦਿੱਤਾ ਜਾਂਦਾ ਹੈ।

ਧਰਮ ਦੀ ਪਿਆਰ ਮੁੱਹਬਤ ਦੀ ਸਾਂਝੀ ਗੱਲ, ਉਦੋਂ ਪਰਦੇ ਤੋਂ ਪਰੇ ਹੋ ਕੇ ਰੂਬਰੂ ਹੁੰਦੀ ਹੈ, ਜਦੋਂ ਕੋਈ ਧਰਮ, ਨੈਤਿਕਤਾ ਲਈ ਆਪਣਾ ਵੱਖਰਾ ਪਾਠ ਪੜਾਉਂਦਾ ਹੈ, ਆਪਣੇ ਰੰਗ-ਢੰਗ ਨੂੰ ਹੀ ਦਰੁਸਤ ਠਹਿਰਾਉਂਦਾ ਹੈ, ਆਪਣੇ ਧਰਮ ਨੂੰ ਫੈਲਾਉਣ ਲਈ ਪੈਸੇ ਰੱਖਦਾ ਹੈ ਤੇ ਦੁਨੀਆਂ ਭਰ ਵਿੱਚ ਜਾਂਦਾ ਹੈ। ਖੂਨ-ਖਰਾਬੇ ਕਰਦਾ ਹੈ। ਧਰਮ ਨੂੰ ਖਤਰਾ ਹੈ ਕਹਿ ਕੇ, ਨੈਤਿਕਤਾ ਦਾ ਨਾਂ ਲੈ ਕੇ, ਆਪਣੇ ਸਾਰੇ ਅਨੈਤਿਕ ਕਾਰਜਾਂ ਨੂੰ ਸਹੀ ਠਹਿਰਾਉਂਦਾ ਹੈ।

ਆਪਾਂ ਸਮਾਜਿਕ ਨਾਬਰਾਬਰੀ ਬਾਰੇ ਵਿਸਥਾਰ ਵਿੱਚ ਗੱਲ ਕੀਤੀ ਸੀ। ਇਹ ਹਰ ਪੱਧਰ ਤੇ ਹੈ। ਅਮੀਰ-ਗਰੀਬ, ਰੰਗ ਦੇ ਨਾਂ ਤੇ, ਖਿੱਤੇ-ਖੇਤਰ ਅਤੇ ਜਾਤ-ਪਾਤ ਦੇ ਨਾਂ ਤੇ ਅਤੇ ਇਥੋਂ ਤਕ ਕਿ ਔਰਤ ਮਰਦ ਦੀ ਨਾਬਰਾਬਰੀ ਵੀ ਬਹੁਤ ਉਭਰਵੀਂ ਹੈ। ਇਨ੍ਹਾਂ ਤਹਿਤ ਚਾਹੇ ਜਾਤ-ਪਾਤ ਹੈ, ਉਥੇ ਵੀ ਧਾਰਮਿਕ ਗ੍ਰੰਥ ਇਸਨੂੰ ਸਹੀ ਠਹਿਰਾਉਂਦੇ ਹਨ ਤੇ ਔਰਤ ਮਰਦ ਦੀ ਨੀਚ ਊਚ ਵਾਲੀ ਗੱਲ ਤੇ ਵੀ ਧਰਮ ਆਪਣੀ ਮੋਹਰ ਲਗਾਉਂਦਾ ਹੈ।

ਧਰਮ ਗਰੀਬ ਨੂੰ ਸੰਜਮ ਵਿੱਚ ਰਹਿਣ ਲਈ ਤਿਆਰ ਕਰਦਾ ਹੈ ਤੇ ਅਮੀਰ ਲਈ ਖੁਲ੍ਹੇ ਗੱਫੇ ਲੁੱਟਣ ਵਾਸਤੇ ਰਾਹ ਪਧਰਾ ਕਰਦਾ ਹੈ। ਜੇ ਕੋਈ ਗਰੀਬ ਕਿਸੇ ਮੰਦਰ ਗੁਰਦੁਆਰੇ ਵਿਚ ਜਾਂਦਾ ਹੈ ਤਾਂ, ਉਹ ਆਪਣੇ ਮਨ ਦੀ ਭੜਾਸ ਕੱਢਣ, ਆਪਣਾ ਦੁਖੜਾ ਰੋਣ ਜਾਂਦਾ ਹੈ। ਅਮੀਰ ਜਾਂਦਾ ਹੈ ਤਾਂ ਉਹ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਂਦਾ ਹੈ। ਉਹ ਆਪਣੀ ਲੁੱਟ ਨੂੰ ਜਾਇਜ ਠਹਿਰਾਉਣ ਲਈ ਜਾਂਦਾ ਹੈ।

ਰੱਬ ਦੀ ਹਸਤੀ ਬਾਰੇ ਜੋ ਪ੍ਰਚਾਰਿਆ ਜਾਂਦਾ ਹੈ ਕਿ ਉਹ ਪਾਲਨਹਾਰ ਹੈ, ਦਿਆਲੂ ਹੈ, ਸਭ ਦਾ ਰਾਖਾ ਹੈ, ਸਭ ਨੂੰ ਦੇਖਦਾ ਹੈ ਤਾਂ ਸਾਧਾਰਨ ਵਿਅਕਤੀ ਕਈ ਵਾਰ ਭੰਬਲਭੂਸੇ ਵਿੱਚ ਪੈ ਜਾਂਦਾ ਹੈ ਤੇ ਸੋਚਦਾ ਹੈ ਕਿ ਇਹ ਕਿਸ ਤਰ੍ਹਾਂ ਦਾ ਰੱਬ ਹੈ? ਮੇਰੇ ਤੇ ਮੇਹਰ ਕਿਉਂ ਨਹੀਂ? ਹੈ ਵੀ ਕਿ ਭਰਮ ਹੈ? ਕਹਿੰਦੇ ਨੇ ਉਹ ਜਾਣੀ ਜਾਣ ਹੈ। ਨਹੀਂ, ਹੈ, ਨਹੀਂ---। ਪਰ ਇੱਕ ਗੱਲ ਜਰੂਰ ਪੱਕੀ ਹੈ ਕਿ ਸ਼ਰੇਆਮ ਲੁੱਟਣ, ਸ਼ੋਸ਼ਣ ਕਰਨ ਵਾਲੇ, ਕੁਕਰਮ ਕਰਨ ਵਾਲੇ ਜਾਣਦੇ ਨੇ ਕਿ ਰੱਬ ਨਹੀਂ ਹੈ। ਇਸੇ ਲਈ ਉਹ ਕਿਸੇ ਹਦਾਇਤ ਨੂੰ ਨਹੀਂ ਮੰਨਦੇ। ਉਹ ਜਾਣਦੇ ਹੋਏ, ਜੰਗ ਜਿਹਾਦ ਕਰਦੇ ਹਨ ਤੇ ਫਿਰ ਨਾਰੀ ਨਿਕੇਤਨ ਅਤੇ ਅਨਾਥ ਆਸ਼ਰਮ ਉਸਾਰਦੇ ਹਨ।

ਧਰਮ, ਰੱਬ, ਉਨ੍ਹਾਂ ਦੇ ਨਾਲ ਜੁੜਿਆ ਕਰਮ ਕਾਂਡ ਦਾ ਜਾਲ ਵਿਅਕਤੀ ਨੂੰ 'ਗਧੀਗੇੜ' ਵਿੱਚ ਪਾਉਣ ਲਈ ਮਾਹਿਰ ਹੈ ਅਤੇ ਜੋ ਵੀ ਵਿਅਕਤੀ ਥੋੜਾ ਬਹੁਤ ਵੀ, ਜਦੋਂ ਕਿ ਬਹੁਗਿਣਤੀ ਇਸ ਵਿੱਚ ਧੱਕੀ ਹੋਈ ਹੈ, ਇਸ ਗਧੀਗੇੜ ਵਿੱਚ ਰਹਿੰਦਾਹੈ, ਉਹ ਆਪਣੀ ਸ਼ਖਸੀਅਤ ਨੂੰ ਸਿਹਤਮੰਦ ਨਹੀਂ ਬਣਾ ਸਕਦਾ।

98158-08506

ਹਾਲ ਫੰਡ

ਮੇਹਰ ਸਿੰਘ ਸੰਧੂ	5000
ਡਾ.ਨਛੱਤਰ ਸਿੰਘ ਸੰਧੂ ਅਲਕੜਿਆਂ ਵਾਲੇ ਸ਼ਹਿਣਾ (ਰਾਹੀਂ ਗੁਰਪ੍ਰੀਤ ਸ਼ਹਿਣਾ)	500
ਸ਼ਾਮ ਕੌਰ ਪਤਨੀ ਚੰਦ ਸਿੰਘ ਲੌਂਡਘਰੀਏ ਭਾਈਰੂਪਾ ਦੀ ਯਾਦ 'ਚ ਪਰਿਵਾਰ ਵੱਲੋਂ	1000
ਰੋਪੜ ਇਕਾਈ ਰਾਹੀਂ ਹੇਮਕਿਰਨ, ਰੋਪੜ	2000
ਖਰੜ ਇਕਾਈ ਰਾਹੀਂ ਜਸਵਿੰਦਰ ਸਿੰਘ ਖਰੜ	2500
ਕਾ.ਦਵਿੰਦਰ ਸਰਥਲੀ	1000
ਮੁਖਵਿੰਦਰ ਸਿੰਘ, ਚੋਹਲਾ ਸਾਹਿਬ ਆਪਣੀ ਪੋਤਰੀ ਦੇ ਜਨਮ 'ਤੇ	500
ਇਕਾਈ ਬਠਿੰਡਾ ਰਾਹੀਂ ਕੇਵਲ ਆਰਟਸ ਬਠਿੰਡਾ ਸ੍ਰੀਮਤੀ ਕਾਕੀ ਦੇਵੀ ਦੀ 20ਵੀਂ ਬਰਸੀ 'ਤੇ	1100

ਇਸ ਅੰਕ ਦਾ ਜੋੜ : 13,600/-
ਪਿਛਲਾ ਜੋੜ : 2,84,500/-
ਕੁੱਲ ਜੋੜ : 2,98,100/-

ਮਨੋਰੋਗ ਮਾਹਿਰ ਦੀ ਕਲਮ ਤੋਂ

ਡਾ. ਬਲਵੰਤ ਸਿੱਧੂ



? ਮੈਨੂੰ ਪਿਛਲੇ ਕੁਝ ਸਮੇਂ ਤੋਂ ਮਾਹਵਾਰੀ (Menses/ Menstruation) ਬੰਦ ਹੈ। ਅੱਜਕੱਲ ਮੈਨੂੰ ਅਕਸਰ ਹੀ ਉਦਾਸੀ ਜਾਂ ਪਰੇਸ਼ਾਨੀ ਰਹਿੰਦੀ ਹੈ। ਕੀ ਔਰਤਾਂ ਵਿੱਚ ਮਾਹਵਾਰੀ ਦੇ ਬੰਦ ਹੋਣ ਕਾਰਣ ਕੋਈ ਮਾਨਸਿਕ ਪਰੇਸ਼ਾਨੀ ਹੋ ਸਕਦੀ ਹੈ?

ਜੁਆਬਃ- ਕੁਦਰਤੀ ਤੌਰ ਤੇ ਹੀ ਮਨੁੱਖੀ ਜ਼ਿੰਦਗੀ ਵਿੱਚ ਕੁੱਝ ਅਹਿਮ ਪੜਾ ਜਾਂ ਮੀਲ ਪੱਥਰ ਜ਼ਰੂਰੀ ਆਉਂਦੇ ਹਨ ਜਿਹੜੇ ਕਿ ਜਿੰਦਾ ਅਹਿਮ ਹਿੱਸਾ ਜਾਂ ਅੰਗ ਹਨ; ਅਤੇ ਔਰਤਾਂ ਵਿੱਚ ਮਾਹਵਾਰੀ (Menses/Menstruation) ਦਾ ਬੰਦ ਹੋਣਾ ਵੀ ਇੱਕ ਅਜੇਹਾ ਅਹਿਮ ਮੀਲ ਪੱਥਰ ਹੈ। ਬੇਸ਼ੱਕ ਪੁਰਾਣੇ ਸਮਿਆਂ ਵਿੱਚ ਇਸ ਨੂੰ ਔਰਤ ਦੀ ਢਲਦੀ ਉਮਰ ਦਾ ਲੱਛਣ ਮੰਨਿਆ ਜਾਂਦਾ ਰਿਹਾ ਹੈ ਪਰ ਸਮਾਜ ਦੀ ਉੱਨਤੀ ਦੇ ਨਾਲ ਨਾਲ ਅੱਜ- ਕੱਲ ਇਸ ਨੂੰ ਇਹ ਨਹੀ ਮੰਨਿਆ ਜਾ ਸਕਦਾ। ਸਗੋਂ ਅਸਲ ਤੱਥ ਤਾਂ ਇਹ ਹਨ ਕਿ ਅੱਜ-ਕੱਲ ਮਾਹਵਾਰੀ ਬੰਦ ਹੋਣ ਦੀ ਉਮਰ ਵੀ ਅੱਗੇ ਨਾਲੋਂ ਕਈ ਸਾਲ ਵੱਧ ਗਈ ਹੈ। ਜਿਥੇ ਕੁਝ ਦਹਾਕਿਆਂ ਪਹਿਲਾਂ ਮਾਹਵਾਰੀ ਬੰਦ ਹੋਣ ਦੀ ਉਮਰ, ਜਿੰਦਗੀ ਦੇ ਚਾਲੀਵਿਆਂ ਸਾਲਾਂ ਦੇ ਦਹਾਕੇ ਵਿੱਚ ਹੁੰਦੀ ਸੀ ਅੱਜਕੱਲ ਇਹ ਕਈ ਸਾਲ ਬਾਅਦ ਵਿੱਚ ਹੁੰਦੀ ਹੈ। ਅਜੋਕੇ ਸਮੇਂ ਬਹੁਤ ਸਾਰੀਆਂ ਕੰਮਕਾਜੀ ਔਰਤਾਂ ਨੂੰ ਮਾਹਵਾਰੀ ਪੰਜਾਹ ਸਾਲਾਂ ਦੇ ਦਹਾਕੇ ਦੀ ਉਮਰ ਵਿੱਚ ਹੁੰਦੀ ਹੈ ਅਤੇ ਇਸ ਉਮਰ ਵਿੱਚ ਵੀ ਬਹੁਤ ਵਰ੍ਹਿਆਂ ਤੱਕ ਉਹ ਬਹੁਤ ਚੁਸਤ ਤੇ ਤੰਦਰੁਸਤ ਜੀਵਨ ਸ਼ੈਲੀ ਜਾਰੀ ਰੱਖ ਸਕਦੀਆਂ ਹਨ।

ਕਿਉਂਕਿ ਮਾਹਵਾਰੀ ਬੰਦ ਹੋਣਾ ਸ਼ਰੀਰ ਦਾ ਇੱਕ ਕੁਦਰਤੀ ਅਤੇ ਨਾਰਮਲ ਵਰਤਾਰਾ ਹੈ। ਇਸ ਲਈ ਆਦਰਸ਼ ਤੌਰ ਤੇ ਇਸ ਨਾਲ ਔਰਤ ਨੂੰ ਕਿਸੇ ਵੀ ਕਿਸਮ ਦੀ ਮਾਨਸਿਕ ਪਰੇਸ਼ਾਨੀ ਜਾਂ ਰੋਗ ਨਹੀ ਹੋਣਾ ਚਾਹੀਦਾ। ਪਰ ਅਸਲ ਜ਼ਿੰਦਗੀ ਵਿੱਚ ਵੇਖਿਆ ਗਿਆ ਹੈ ਕਿ ਕੁੱਝ ਔਰਤਾਂ ਨੂੰ ਇਸ ਕਾਰਨ ਕੁਝ ਮਾਨਸਿਕ ਪਰੇਸ਼ਾਨੀਆਂ ਆਉਂਦੀਆਂ ਹਨ। ਸਮਾਜ ਵਿੱਚ ਆਮ ਲੋਕਾਂ ਦੇ ਸਰਵੇਖਣ ਤੋਂ ਪਤਾ ਲਗਦਾ ਹੈ ਕਿ ਮਾਹਵਾਰੀ ਬੰਦ ਹੋਣ ਤੋਂ ਕੁਝ ਸਾਲ ਪਹਿਲਾਂ ਤੋਂ ਲੈਕੇ ਮਾਹਵਾਰੀ ਬੰਦ ਹੋਣ ਤੋਂ ਕੁਝ ਸਾਲ ਬਾਅਦ ਤੱਕ ਮਾਨਸਿਕ ਪਰੇਸ਼ਾਨੀਆਂ ਦੀ ਦਰ ਵੱਧ ਜਾਂਦੀ ਹੈ। ਇਸ ਦਾ ਕਾਰਨ ਸ਼ਰੀਰ ਦੀਆਂ ਸੁਭਾਵਿਕ ਤਬਦੀਲੀਆਂ ਨਾ ਹੋਕੇ ਜ਼ਿਆਦਾਤਰ ਵਿਅਕਤੀਗਤ, ਸਮਾਜੀ ਅਤੇ ਪਰਿਵਾਰਕ ਕਾਰਣ ਜ਼ਿਆਦਾ ਹੁੰਦਾ ਹੈ। ਅਜਿਹੀਆਂ ਔਰਤਾਂ ਵਿੱਚ ਹਾਰਮੋਨ (Hormone) ਦੇਣ ਨਾਲ ਫਾਇਦਾ ਨਹੀਂ ਹੁੰਦਾ ਬਲਕਿ ਉਹਨਾਂ ਨੂੰ ਮਨੋਵਿਗਿਆਨਕ ਤਰੀਕਿਆਂ ਦੇ ਇਲਾਜ ਨਾਲ ਫਾਇਦਾ ਪਹੁੰਚਦਾ ਹੈ। ਵਿਗਿਆਨੀਆਂ ਦਾ ਅਨੁਮਾਨ ਹੈ ਕਿ ਜਿਥੇ ਜ਼ਿਆਦਾਤਰ ਔਰਤਾਂ ਨੂੰ ਮਾਹਵਾਰੀ ਬੰਦ ਹੋਣ ਵੇਲੇ ਕੋਈ ਮਾਨਸਿਕ ਪਰੇਸ਼ਾਨੀ ਨਹੀਂ ਹੁੰਦੀ; ਤਕਰੀਬਨ ਵੀਹ ਫੀਸਦੀ ਔਰਤਾਂ ਨੂੰ ਉਦਾਸੀ (ਡਿਪਰੈਸ਼ਨ) ਹੋ ਸਕਦੀ ਹੈ।

ਮਾਨਸਿਕ ਸਮੱਸਿਆਵਾਂ ਦੇ ਲੱਛਣਾਂ ਵਿੱਚੋਂ, ਨੀਂਦ ਨਾ ਆਉਣਾ ਜਾਂ ਘੱਟ ਆਉਣਾ, ਚਿੜਚਿੜਾਪਣ, ਮੂਡ (Mood) ਜਾਂ ਮਨ ਦਾ ਸਾਵਾਂ ਨਾ ਰਹਿਣਾ ਜਾਂ ਬਦਲਦੇ ਰਹਿਣਾ ਆਦਿ ਦੇ ਲੱਛਣ ਜ਼ਿਆਦਾ ਹੁੰਦੇ ਹਨ। ਤਕਰੀਬਨ 40 ਫੀਸਦੀ ਔਰਤਾਂ ਨੂੰ ਨੀਂਦ ਦੀ ਸਮੱਸਿਆ ਆਉਂਦੀ ਹੈ। ਅਜਿਹੀਆਂ ਨੀਂਦ ਵਿੱਚ ਵਿਘਨ ਪੈਣ ਵਾਲੀਆਂ ਔਰਤਾਂ ਵਿੱਚ ਘਬਰਾਹਟ, ਤਣਾਅ ਅਤੇ ਡਿਪਰੈਸ਼ਨ ਆਦਿ ਦੀ ਸਮੱਸਿਆ ਵੀ ਜ਼ਿਆਦਾ ਹੁੰਦੀ ਹੈ। ਮਾਹਵਾਰੀ ਬੰਦ ਹੋਣ ਨਾਲ ਪ੍ਰੋਜੈਸਟ੍ਰੋਨ ਨਾ ਦਾ ਹਾਰਮੋਨ ਘਟਣ ਦੇ ਨਾਲ ਨਾਲ ਜਾਂ ਹੋਰ ਕਾਰਨਾਂ ਕਰਕੇ ਅਕਸਰ ਸਰੀਰ ਵਿੱਚ ਮੁਟਾਪਾ ਆ ਜਾਂਦਾ ਹੈ ਅਤੇ ਇਸ ਮੁਟਾਪੇ ਕਾਰਣ ਨੀਂਦ ਵਿੱਚ ਸਾਹ ਰੁਕਣਾ (Sleep- Apnoea) ਦੀ ਸਮੱਸਿਆ ਹੋ ਸਕਦੀ ਹੈ। ਜਿਥੇ ਤੱਕ ਡਿਪਰੈਸ਼ਨ ਦਾ ਸੁਆਲ ਹੈ ਇਹ ਮਾਹਵਾਰੀ ਦੇ ਘਟਣ ਦੇ ਸਮੇ ਤੋਂ ਸ਼ੁਰੂ ਹੋ ਸਕਦੀ ਹੈ ਅਤੇ ਫਿਰ ਹੌਲੀ ਹੌਲੀ ਮਾਹਵਾਰੀ ਬੰਦ ਹੋਣ ਤੋਂ ਬਾਅਦ ਕੁਝ ਸਮੇ ਬਾਅਦ ਠੀਕ ਹੋ ਜਾਂਦੀ ਹੈ। ਇਸ ਸਮੇ ਦੌਰਾਨ ਉਨ੍ਹਾਂ ਔਰਤਾਂ ਨੂੰ ਡਿਪਰੈਸ਼ਨ ਹੋਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ ਜਿਨ੍ਹਾਂ ਨੂੰ ਜਿੰਦਗੀ ਵਿੱਚ ਪਹਿਲਾਂ ਵੀ ਕਦੇ ਡਿਪਰੈਸ਼ਨ ਹੋਈ ਹੈ। ਇਨ੍ਹਾਂ ਔਰਤਾਂ ਵਿੱਚ ਪ੍ਰਜਨਨ ਹਾਰਮੋਨ (Reproductive Hormones) ਦਾ ਘਟਣਾ ਵਧਣਾ, ਹੋਣ ਵਾਲੀ ਡਿਪਰੈਸ਼ਨ ਦਾ ਸੂਚਕ ਹੈ। ਬਹੁਤ ਜ਼ਿਆਦਾ ਜਾਂ ਮੱਧਮ ਦਰਜੇ ਦੀ ਡਿਪਰੈਸ਼ਨ ਦਾ ਸਹਿਜ ਹੀ ਪਤਾ ਲਗ ਜਾਂਦਾ ਹੈ ਪਰ ਹਲਕੀ ਜਾਂ ਘੱਟ ਦਰਜੇ ਦੀ ਡਿਪਰੈਸ਼ਨ ਦਾ ਪਤਾ ਅਕਸਰ ਹੀ ਨਹੀਂ ਲਗਦਾ। ਇਸ ਸਮੇ ਹੋਣ ਵਾਲੀ ਡਿਪਰੈਸ਼ਨ ਵਿੱਚ ਲੱਛਣ ਆਮ ਸਧਾਰਣ ਹੀ ਹੁੰਦੇ ਹਨ ਜਿਵੇਂ ਕਿ ਹਰ ਵਕਤ ਮਨ ਉਦਾਸ ਰਹਿਣਾ, ਕੰਮ ਕਾਰ ਵਿੱਚ ਮਨ ਨਾ

ਲਗਣਾ, ਜੀ ਨਾ ਲੱਗਣਾ, ਮਨ ਭਾਉਂਦੇ ਮਨ ਪਰਚਾਵੇ ਵੀ ਚੰਗੇ ਨਾ ਲੱਗਣੇ। ਕਈ ਵਾਰ ਬਹੁਤ ਜ਼ਿਆਦਾ ਡਿਪਰੈਸ਼ਨ ਕਾਰਨ ਮਰਨ ਦੇ ਖਿਆਲ ਜਾਂ ਖੁਦਕੁਸ਼ੀ ਦੇ ਵਿਚਾਰ ਆਉਂਦੇ ਹਨ। ਕਈ ਔਰਤਾਂ ਵਿੱਚ ਤ੍ਰਾਸ ਰੋਗ(Panic Disorder) ਸ਼ੁਰੂ ਹੋ ਸਕਦਾ ਹੈ ਜਾਂ ਜੇ ਪਹਿਲਾਂ ਹੀ ਹੈ ਤਾਂ ਬਹੁਤ ਵੱਧ ਸਕਦਾ ਹੈ। ਜ਼ਿੰਦਗੀ ਵਿੱਚ ਪਹਿਲੀ ਵਾਰ ਇਸ ਸਮੇ ਖਬਤੀ ਬੰਨਣ ਰੋਗ (Obsessive compulsive Disorder) ਸ਼ੁਰੂ ਹੋ ਸਕਦਾ ਹੈ ਜਾਂ ਪਹਿਲਾਂ ਤੋਂ ਕੰਟਰੋਲ ਹੋਇਆ ਮੌਜੂਦ ਰੋਗ ਦੁਬਾਰਾ ਉਭਰ ਸਕਦਾ ਹੈ ਜਾਂ ਮੌਜੂਦਾ ਲੱਛਣ ਬਹੁਤ ਵੱਧ ਸਕਦੇ ਹਨ। ਕਈ ਔਰਤਾਂ ਵਿੱਚ ਪੱਠਿਆਂ ਦਾ ਦਰਦ (Fibromyalgia) ਸ਼ੁਰੂ ਹੋ ਸਕਦਾ ਹੈ। ਡਿਪਰੈਸ਼ਨ ਨਾਲ ਸੰਬੰਧਿਤ ਪੱਠਿਆਂ ਦਾ ਦਰਦ ਕਾਫੀ ਪਰੇਸ਼ਾਨੀ ਪੈਦਾ ਕਰ ਸਕਦਾ ਹੈ।

ਕਈ ਵਿਗਿਆਨਕ ਸਰਵੇਖਣਾਂ ਨੇ ਸਿੱਧ ਕੀਤਾ ਹੈ ਕਿ ਜਿਨ੍ਹਾਂ ਔਰਤਾਂ ਨੂੰ ਪਹਿਲਾਂ ਤੋਂ ਹੀ ਉਦਾਸੀ ਉਨਮਾਦ ਰੋਗ (Manic-depressive Disorder) ਜਾਂ ਦੋ ਧਰੁਵੀ ਚਿੱਤ/ਮੂਡ ਰੋਗ (Bipolar Mood Disorder) ਹੈ ਉਨ੍ਹਾਂ ਵਿੱਚ ਮਾਹਵਾਰੀ ਬੰਦ ਹੋਣ ਦੇ ਆਲੇ ਦੁਆਲੇ ਦੇ ਸਮੇਂ ਵਿੱਚ ਡਿਪਰੈਸ਼ਨ ਹੋਣ ਦੀ ਦਰ ਆਮ ਦੂਜੀਆਂ ਔਰਤਾਂ ਦੇ ਮੁਕਾਬਲਤਨ ਕਾਫੀ ਵੱਧ ਹੁੰਦੀ ਹੈ। ਇਸੇ ਸਮੇਂ ਸ਼ਕਿਜ਼ੋਫਰੇਨੀਆ ਰੋਗ ਹੋਣ ਦਾ ਖਤਰਾ ਵੀ ਕੁਝ ਵੱਧ ਜਾਂਦਾ ਹੈ ਜਾਂ ਪਹਿਲਾਂ ਤੋਂ ਚੱਲ ਰਹੇ ਰੋਗ ਦੇ ਲੱਛਣ ਵੱਧ ਸਕਦੇ ਹਨ।

ਲੇਕਿਨ ਜ਼ਿਆਦਾਤਰ ਔਰਤਾਂ, ਜਿਨ੍ਹਾਂ ਵਿੱਚ ਪਹਿਲਾਂ ਤੋਂ ਕਿਸੇ ਮਨੋਰੋਗ ਦੀ ਹਿਸਟਰੀ ਨਹੀਂ ਹੈ ਉਨ੍ਹਾਂ ਵਿੱਚ ਮਾਹਵਾਰੀ ਬੰਦ ਹੋਣ ਦੇ ਦੁਆਲੇ ਦੇ ਸਮੇ ਦੌਰਾਨ ਕੋਈ ਵੱਡਾ ਮਨੋਰੋਗ ਹੋਣ ਦੀ ਸੰਭਾਵਨਾ ਕਾਫੀ ਘੱਟ ਹੀ ਹੁੰਦੀ ਹੈ। ਜਿਨ੍ਹਾਂ ਔਰਤਾਂ ਨੂੰ ਪਰੇਸ਼ਾਨੀ ਹੁੰਦੀ ਹੈ ਉਹਨਾਂ ਵਿੱਚ ਪਹਿਲਾਂ ਦੇ ਮੁਕਾਬਲੇ ਆਤਮਵਿਸ਼ਵਾਸ ਦੀ ਬਹੁਤ ਘਾਟ ਹੋ ਜਾਂਦੀ ਹੈ। ਉਨ੍ਹਾਂ ਵਿੱਚ ਚਿੜਚਿੜਾਪਨ, ਸ਼ਰੀਰ ਵਿੱਚੋਂ ਸਾਹ-ਸੱਤ ਦਾ ਘੱਟਣਾ, ਸਿਰ ਦਰਦ ਜਾਂ ਸਿਰ ਭਾਰੀ ਰਹਿਣਾ, ਯਾਦਦਾਸ਼ਤ ਦਾ ਘੱਟਣਾ ਮਹਿਸੂਸ ਹੋਣਾ, ਸੈਕਸ ਦੀ ਇਛਾ ਖਤਮ ਹੋਣਾ, ਕੰਮ-ਕਾਰ ਕਰਨਾ ਔਖਾ ਲੱਗਣਾ ਆਦਿ ਦੇ ਲੱਛਣ ਹੋ ਸਕਦੇ ਹਨ। ਕਈ ਔਰਤਾਂ ਵਿੱਚ ਸਾਰੇ ਸ਼ਰੀਰ ਵਿੱਚ ਦਰਦ ਹੋਣਾ ਜਾਂ ਅਜਿਹੇ ਸਰੀਰਕ ਲੱਛਣ ਹੋ ਸਕਦੇ ਹਨ ਜਿਹੜੇ ਕਿਸੇ ਵਿਸ਼ੇਸ਼ ਬਿਮਾਰੀ ਦਾ ਸੂਚਕ ਨਹੀਂ ਹੁੰਦੇ ਤੇ ਆਮ ਇਲਾਜ ਨਾਲ ਠੀਕ ਨਹੀ ਹੁੰਦੇ।

ਜਿਥੇ ਤੱਕ ਇਸ ਉਮਰ ਵਿੱਚ ਮਾਨਸਿਕ ਪਰੇਸ਼ਾਨੀਆਂ ਦਾ ਕਾਰਣ ਹੈ ਇਸ ਦੇ ਕਾਰਣ ਬਹੁਮੁਖੀ ਹਨ। ਸ਼ਰੀਰ ਵਿੱਚ ਕਈ ਹਾਰਮੋਨ ਜਿਵੇਂ ਕਿ ਈਸਟ੍ਰੋਜਨ (Estrogen) ਆਦਿ ਦਾ ਘੱਟਣਾ, ਦਿਮਾਗ ਵਿੱਚ ਕਈ ਰਸਾਇਣਾਂ ਤੇ ਅਸਰ ਕਰਦੇ ਹਨ ਜਿਵੇਂ ਕਿ ਸਿਰੋਟੋਨਿਨ(Serotonin) ਤੇ ਨੌਰ-ਐਪੀਨੈਫਰਿਨ (Nor-epinephrine) ਆਦਿ। ਇਸ ਤੋਂ ਇਲਾਵਾ ਇਹ ਇਨ੍ਹਾਂ ਦੇ ਸੰਬੰਧਿਤ ਦਿਮਾਗੀ ਰਿਸੈਪਟਰਾਂ (Receptors) ਤੇ ਵੀ ਅਸਰ ਕਰਦੇ ਹਨ। ਇਨ੍ਹਾਂ ਤਬਦੀਲੀਆਂ ਕਾਰਣ ਕਾਫੀ ਔਰਤਾਂ ਨੂੰ ਮਾਨਸਿਕ ਪਰੇਸ਼ਾਨੀ ਹੁੰਦੀ ਹੈ। ਸ਼ਰੀਰ ਵਿੱਚ ਟਰਿਪਟੋਫੈਨ (Tryptophan) ਸੰਬੰਧੀ ਸੰਤੁਲਨ ਦਾ ਵਿਗੜਨਾ ਵੀ ਇਕ ਕਾਰਣ ਹੋ ਸਕਦਾ ਹੈ। ਇਹਨਾਂ ਕਾਰਣਾਂ ਤੋਂ ਇਲਾਵਾ ਹੋਰ ਸ਼ਰੀਰ ਵਿੱਚ ਆਈਆਂ ਤਬਦੀਲੀਆਂ, ਜਿਵੇਂ ਕਿ ਰਾਤ ਨੂੰ ਤਰੇਲੀਆਂ ਆਉਣਾ (Night sweats), ਅਚਾਨਕ ਸ਼ਰੀਰ ਵਿੱਚੋਂ ਸੇਕ ਨਿਕਲਨਾ (Hot Flashes) ਆਦਿ ਵੀ ਮਾਨਸਿਕ ਪਰੇਸ਼ਾਨੀਆਂ ਜਾਂ ਡਿਪਰੈਸ਼ਨ ਦਾ ਕਾਰਣ ਬਣ ਜਾਂਦੀਆਂ ਹਨ। ਕਈ ਸੰਵੇਦਨਸ਼ੀਲ ਔਰਤਾਂ ਇਹਨਾਂ ਅਣਸੁਖਾਵੇਂ ਅਤੇ ਬਿਲਕੁਲ ਨਵੇਂ ਸ਼ਰੀਰਕ ਲੱਛਣਾਂ ਤੋਂ ਘਬਰਾ ਜਾਂਦੀਆਂ ਹਨ ਤੇ ਮਨੋਰੋਗੀ ਬਣ ਜਾਂਦੀਆਂ ਹਨ। ਇਹਨਾਂ ਕੇਸਾਂ ਵਿੱਚ ਕਿਸੇ ਭਰੋਸੇਮੰਦ ਡਾਕਟਰ ਵੱਲੋਂ ਚੈਕ-ਅਪ ਤੋਂ ਬਾਅਦ ਚੰਗੀ ਤਰਾਂ ਤਸੱਲੀ ਵੀ ਜ਼ਿਆਦਾਤਰ ਔਰਤਾਂ ਵਿੱਚ ਇਸ ਮੁਸ਼ਕਿਲ ਦਾ ਹੱਲ ਕਰ ਸਕਦੀ ਹੈ। ਕਈ ਜ਼ਿੰਦਗੀ ਦੇ ਤੌਰ ਤਰੀਕੇ ਬਦਲਨੇ ਵੀ ਜਿਵੇਂ ਕਿ ਜ਼ਿਆਦਾ ਕੈਫੀਨ ਨਾ ਲੈਣਾ (ਚਾਹ, ਕੌਫੀ ਆਦਿ), ਸ਼ਰੀਰ ਦਾ ਸਹੀ ਭਾਰ ਰਖਣਾ, ਨਿਯਮਿਤ ਕਸਰਤ ਕਰਨਾ, ਸਹੀ ਸਮਾਜੀ ਮੇਲ-ਜੋਲ, ਸੰਤੁਲਤ ਭੋਜਨ ਖਾਣਾ, ਆਦਿ ਵੀ ਇਸ ਉਮਰ ਦੀਆਂ ਮਾਨਸਿਕ ਪਰੇਸ਼ਾਨੀਆਂ ਨੂੰ ਦੂਰ ਕਰਨ ਵਿੱਚ ਮਦਦ ਕਰਦੇ ਹਨ। ਪਤੀ, ਬੱਚਿਆਂ ਅਤੇ ਹੋਰ ਰਿਸ਼ਤੇਦਾਰਾਂ ਵੱਲੋਂ ਹੌਸਲਾ ਅਫਜ਼ਾਈ ਵੀ ਬਹੁਤ ਮਦਦ ਕਰਦੀ ਹੈ। ਕਿਸੇ ਚੰਗੇ ਭਰੋਸੇਮੰਦ ਡਾਕਟਰ ਨਾਲ ਤਾਲਮੇਲ ਵੀ ਫਾਇਦੇਮੰਦ ਹੁੰਦਾ ਹੈ। ਪਰ ਜੇ ਮਨੋਰੋਗ ਕਾਫੀ ਗੰਭੀਰ ਹੈ ਤਾਂ ਕਿਸੇ ਮਨੋਰੋਗ ਮਾਹਿਰ ਤੋਂ ਇਲਾਜ ਜ਼ਰੂਰ ਕਰਵਾਉਣਾ ਚਾਹੀਦਾ ਹੈ। ਸਹੀ ਇਲਾਜ ਨਾਲ ਡਿਪਰੈਸ਼ਨ ਆਦਿ ਮਨੋਰੋਗ ਬਿਲਕੁਲ ਠੀਕ ਹੋ ਜਾਂਦੇ ਹਨ। ਇਨ੍ਹਾਂ ਔਰਤਾਂ ਵਿੱਚ ਹਾਰਮੋਨ ਥਰੈਪੀ ਆਮ ਤੌਰ ਤੇ ਬਹੁਤੀ ਕਾਰਗਰ ਨਹੀਂ ਹੁੰਦੀ।

ਪ੍ਰੋਫੈਸਰ ਅਤੇ ਮੁਖੀ, ਸਾਇਕੈਟਰੀ ਅਤੇ ਨਸ਼ਾ ਛੁਡਾਊ
ਵਿਭਾਗ, ਰਜਿੰਦਰਾ ਹਸਪਤਾਲ, ਪਟਿਆਲਾ

ਆਸਾਰਾਮ (ਬਾਪੂ.....?) ਹੋਇਆ ਬੇਪਰਦ

ਬਲਾਤਕਾਰ ਦੇ ਦੋਸ਼ਾਂ ਅਧੀਨ ਜੇਲ੍ਹ ਦੀਆਂ ਸਲਾਖਾਂ ਪਿੱਛੇ ਬੰਦ ਬਾਪੂ (?) ਆਸਾ ਰਾਮ ਬਾਰੇ ਹਰ ਚੜ੍ਹਦੀ ਸਵੇਰ ਵੱਖ-ਵੱਖ ਟੀ.ਵੀ. ਚੈਨਲਾਂ, ਅਖਬਾਰਾਂ, ਮੈਗਜ਼ੀਨਾਂ ਰਾਹੀਂ ਨਵੇਂ-ਨਵੇਂ ਖੁਲਾਸੇ ਸਾਹਮਣੇ ਆ ਰਹੇ ਹਨ। ਸਪੱਸ਼ਟ ਹੋ ਰਿਹਾ ਹੈ ਕਿਵੇਂ ਸੰਤ ਗਿਰੀ ਦੇ ਨਕਾਬ ਹੇਠ ਇਸ ਵਹਿਸ਼ੀ ਦਰਿੰਦੇ ਨੇ ਸਮਾਜ-ਵਿਰੋਧੀ ਕੁਕਰਮਾਂ ਨੂੰ ਅੰਜਾਮ ਦਿੱਤਾ।

16 ਦਸੰਬਰ 2012 ਨੂੰ ਦਿੱਲੀ ਵਿੱਚ ਚਲਦੀ ਬਸ ਵਿੱਚ ਇੱਕ ਨੌਜਵਾਨ ਲੜਕੀ ਨਾਲ ਹੋਈ ਸਮੂਹਿਕ ਬਲਾਤਕਾਰ ਦੀ ਘਟਨਾ ਬਾਰੇ ਬਿਆਨ ਦਿੰਦਿਆਂ ਜਦੋਂ ਆਸਾ ਰਾਮ ਨੇ ਪੀੜਤਾਂ ਨੂੰ ਬਰਾਬਰ ਦੀ ਜਿੰਮੇਵਾਰ ਠਹਿਰਾਉਂਦੇ ਹੋਏ ਬਲਾਤਕਾਰੀਆਂ ਦਾ ਬਚਾਅ ਕੀਤਾ ਸੀ ਅਤੇ ਕਿਹਾ ਸੀ ਕਿ ਗਲਤੀ ਇੱਕ ਪਾਸਿਓ ਨਹੀਂ ਹੁੰਦੀ, ਉਸ ਸਮੇਂ ਹੀ ਆਸਾ ਰਾਮ ਦੀ ਬਲਾਤਕਾਰੀ ਸੋਚ ਲੋਕਾਂ ਸਾਹਮਣੇ ਉ_ਜਾਗਰ ਹੋ ਗਈ ਸੀ। ਆਪਣੇ ਉਕਤ ਬਿਆਨ ਤੋਂ ਲਗਭਗ 8 ਮਹੀਨੇ ਬਾਅਦ ਹੁਣ ਆਸਾ ਰਾਮ ਖੁਦ ਆਪ ਆਪਣੇ ਇੱਕ ਸ਼ਰਧਾਲੂ ਦੀ 17 ਸਾਲਾਂ ਬੇਟੀ ਦੇ ਯੌਨ ਸ਼ੋਸ਼ਣ ਕੀਤੇ ਜਾਣ ਦੇ ਦੋਸ਼ ਅਧੀਨ ਜੇਲ੍ਹ ਵਿੱਚ ਬੰਦ ਹੈ। ਪੀੜਤ ਲੜਕੀ ਦਾ ਪਿਤਾ 10-12 ਸਾਲ ਤੋਂ ਆਸਾ ਰਾਮ ਦਾ ਸਾਧਕ ਸੀ। ਆਸਾ ਰਾਮ ਦੀ ਸਲਾਹ ਤੇ ਹੀ ਉਸਨੇ 5-6 ਸਾਲ ਪਹਿਲਾਂ ਆਪਣੀ ਬੇਟੀ ਦਾ ਦਾਖਲਾ ਆਸਾ ਰਾਮ ਦੇ ਮੱਧ ਪ੍ਰਦੇਸ਼ ਵਿੱਚ ਛਿੰਦਵਾੜਾ ਸਥਿਤ ਗੁਰੂਕੁਲ ਵਿੱਚ 7ਵੀਂ ਕਲਾਸ ਵਿੱਚ ਕਰਵਾਇਆ ਸੀ ਅਤੇ ਹੁਣ ਉਹ 12ਵੀਂ ਕਲਾਸ ਦੀ ਵਿਦਿਆਰਥਣ ਸੀ।



ਆਸਾ ਰਾਮ ਦੇ ਪੱਖ ਵਿੱਚ ਉਸਦੇ ਨਿਰਦੋਸ਼ ਹੋਣ ਬਾਰੇ, ਇਹ ਰਾਜਸੀ ਮਾਮਲਾ ਹੋਣ ਬਾਰੇ, ਉਸਦੇ ਬਚਾਅ ਲਈ ਕੁਝ ਹੋਰ ਉਸਦੇ ਨਾਮ ਦੇ ਸਮਾਨਅਰਥਕ ਨਾਮ ਵਾਲੇ ਅਖੌਤੀ ਧਾਰਮਿਕ ਗੁਰੂ ਵੀ ਅਜਿਹੇ ਹੀ ਬਿਆਨ ਦੇ ਰਹੇ ਹਨ ਜਿੰਨ੍ਹਾਂ ਤੇ ਖੁਦ ਅਜਿਹੇ ਹੀ ਦੋਸ਼ਾਂ ਅਧੀਨ ਦੇਸ਼ ਦੀਆਂ ਵੱਖ-ਵੱਖ ਅਦਾਲਤਾਂ ਵਿੱਚ ਮੁਕੱਦਮੇ ਚੱਲ ਰਹੇ ਹਨ। ਸਿਆਸੀ ਸਰਪ੍ਰਸਤੀ ਕਾਰਣ ਭਾਵੇਂ ਉਹ ਜੇਲ੍ਹਾਂ ਤੋਂ ਬਾਹਰ ਹਨ। ਇਸ ਸਮਾਜ ਵਿਰੋਧੀ ਸਿਆਸੀ ਧਾਰਮਿਕ ਗੱਠਜੋੜ ਨੂੰ ਲੀਰੋ ਲੀਰ ਕਰਨਾ, ਮਿਹਨਤਕਸ਼ ਲੋਕਾਂ ਦੀ ਜਿੰਮੇਵਾਰੀ ਬਣਦਾ ਹੈ।

ਦੋ ਹੋਰ ਸਕੀਆਂ ਭੈਣਾਂ ਨੇ ਆਸਾ ਰਾਮ ਬਾਪੂ ਅਤੇ ਉਸਦੇ ਬੇਟੇ ਨਰਾਇਣ ਸਾਈ ਖਿਲਾਫ਼ ਸਰੀਰਕ ਸ਼ੋਸ਼ਣ ਕਰਨ ਅਤੇ ਜਬਰੀ ਆਪਣੇ ਕੋਲ ਰੱਖਣ ਦੀ ਸ਼ਿਕਾਇਤ ਦਰਜ ਕਰਵਾਈ ਹੈ। ਵੱਡੀ ਭੈਣ ਦਾ ਸ਼ਰੀਰਕ ਸ਼ੋਸ਼ਣ ਆਸਾ ਰਾਮ ਵੱਲੋਂ ਅਤੇ ਛੋਟੀ ਭੈਣ ਦਾ ਸ਼ਰੀਰਕ ਸ਼ੋਸ਼ਣ ਨਰਾਇਣ ਸਾਈਂ ਵੱਲੋਂ ਕੀਤੇ ਜਾਣ ਦਾ ਦੋਸ਼ ਹੈ। ਨਰਾਇਣ ਸਾਈਂ ਫਰਾਰ ਹੈ, ਅਤੇ ਇਸ ਨਵੇਂ ਕੇਸ ਦੀ ਪੁੱਛ ਗਿੱਛ ਲਈ ਆਸਾ ਰਾਮ ਜੁਡੀਸ਼ੀਅਲ ਰਿਮਾਂਡ ਤੋਂ ਮੁੜ ਪੁਲਿਸ ਰਿਮਾਂਡ ਅਧੀਨ ਆ ਗਿਆ। ਪੁਲਿਸ ਰਿਮਾਂਡ ਦੌਰਾਨ ਆਸਾ ਰਾਮ ਇੰਕਸਾਫ ਕਰ ਚੁੱਕਾ ਹੈ, ਉਹ ਖੁੱਲੀ ਅਫੀਮ ਅਤੇ ਗਾਂਜਾ ਖਾਂਦਾ ਹੈ ਅਤੇ ਉਸਨੂੰ ਔਰਤਾਂ ਨੂੰ ਆਪਣੇ ਕੋਲ ਸੱਦਣ ਦੀ ਆਦਤ ਹੈ।

ਇੱਕ ਕੌਮੀ ਟੀ.ਵੀ. ਚੈਨਲ ਨੂੰ ਦਿੱਤੇ ਬਿਆਨ ਵਿੱਚ ਆਸਾ ਰਾਮ ਦੇ ਨਜਦੀਕੀ ਸਾਥੀ ਅਚਾਰੀਆ ਭੋਲਾ ਨਾਥ ਨੇ ਖੁਲਾਸਾ ਕੀਤਾ ਹੈ ਕਿ ਜੰਮੂ ਦੇ ਭਗਵਤੀ ਨਗਰ ਸਥਿਤ ਆਸ਼ਰਮ ਵਿੱਚ ਰਹਿੰਦੇ ਕੁੱਝ ਬੱਚਿਆਂ ਦੀ ਸ਼ੱਕੀ ਹਾਲਤ ਵਿੱਚ ਮੌਤ ਹੋ ਗਈ ਸੀ। ਉਹਨਾਂ ਬੱਚਿਆਂ ਨੂੰ ਆਸ਼ਰਮ ਵਿੱਚ ਹੀ ਦਫ਼ਨਾ ਦਿੱਤਾ ਸੀ। ਉਸਨੇ ਕਿਹਾ ਹੈ ਕਿ ਉਹ ਉਸ ਸਥਾਨ ਦੀ ਨਿਸ਼ਾਨਦੇਹੀ ਕਰ ਸਕਦਾ ਹੈ। ਆਲ ਇੰਡੀਆ ਕਿਸਾਨ ਸੇਵਾ ਸੰਘ ਦੇ ਪ੍ਰਦੇਸ਼ ਪ੍ਰਧਾਨ ਡਾ. ਰਾਜ ਕੁਮਾਰ ਚੌਧਰੀ ਨੇ ਅਦਾਲਤ ਵਿੱਚ ਅਪੀਲ ਦਾਇਰ ਕਰਕੇ ਇਸ ਸਾਰੀ ਘਟਨਾ ਦੀ ਜਾਂਚ ਕਰਨ ਦੀ ਮੰਗ ਕੀਤੀ ਹੈ। ਅਦਾਲਤ ਨੇ ਐਸ.ਐਚ.ਓ. ਨਵਾਬਾਦ ਨੂੰ ਮਾਮਲੇ ਦੀ ਜਾਂਚ ਕਰਨ ਅਤੇ ਰਿਪੋਰਟ ਪੇਸ਼ ਕਰਨ ਦਾ ਆਦੇਸ਼ ਦਿੱਤਾ ਹੈ।

ਆਸਾਰਾਮ ਤੇ ਉਕਤ ਲੱਗੇ ਦੋਸ਼ ਬਿਲਕੁਲ ਤਰੋਤਾਜਾ ਹਨ, ਪਰ ਬੀਤੇ ਵਿੱਚ ਵੀ ਉਸਤੇ ਸੈਂਕੜੇ ਦੋਸ਼ ਲੱਗਦੇ ਰਹੇ ਹਨ, ਉਸਦਾ ਵਿਵਾਦਾਂ ਨਾਲ ਹਮੇਸ਼ਾ ਸਾਥ ਰਿਹਾ ਹੈ। ਸਿਆਸੀ ਸਰਪ੍ਰਸਤੀ ਕਾਰਣ ਹਰ ਦੋਸ਼, ਘਟਨਾ ਨੂੰ ਉਹ ਦਬਾਉਂਦਾ ਰਿਹਾ ਹੈ। ਤਿੰਨ ਵਰ੍ਹੇ ਪਹਿਲਾਂ ਹੀ 'ਆਜ ਤੱਕ' ਟੀ.ਵੀ. ਚੈਨਲ ਵੱਲੋਂ ਉਸ ਵਿਰੁੱਧ ਕੀਤੇ ਗਏ ਸਟਿੰਗ ਆਪ੍ਰੇਸ਼ਨ ਦੇ ਰੌਂਗਟੇ ਖੜ੍ਹੇ ਕਰ ਦੇਣ ਵਾਲੇ ਖੁਲਾਸੇ ਵਿੱਚ ਇਹ ਦਰਸਾਇਆ ਗਿਆ ਕਿ ਉਹ ਆਪਣੇ ਆਸ਼ਰਮ ਵਿੱਚ ਆਉਣ ਵਾਲੀ ਇੱਕ ਲੜਕੀ ਨੂੰ ਕਿਵੇਂ ਵਰਗਲਾ ਕੇ ਆਪਣੀ ਹਵਸ਼ ਦਾ ਸ਼ਿਕਾਰ ਬਣਾਉਣਾ ਚਾਹੁੰਦਾ ਸੀ। ਗੁਜਰਾਤ ਵਿਚਲੇ ਉਸਦੇ ਆਸ਼ਰਮ ਦੇ ਚੇਲਿਆਂ ਨੇ ਇੱਕ ਨੰਨ੍ਹੀ ਬੱਚੀ ਨੂੰ ਉਸਦੇ ਸਾਹਮਣੇ ਇਸ ਕਰਕੇ ਕੁਟਾਪਾ ਚਾੜ੍ਹਿਆ ਕਿ ਉਹ ਬਾਪੂ ਦੀ ਗੱਡੀ ਨਾਲ ਖੜ੍ਹਕੇ ਉਸਦਾ ਨੇੜਿਓਂ ਦਰਸ਼ਨ ਕਰਨਾ ਚਾਹੁੰਦੀ ਸੀ। ਜਲੰਧਰ ਵਿੱਚ ਸ਼ਰਧਾਲੂਆਂ ਨਾਲ ਖਚਾਖਚ ਭਰੇ ਪੰਡਾਲ ਵਿੱਚ ਉਸਨੇ ਆਪਣੇ ਦੋ ਸੇਵਾਦਾਰਾਂ ਨੂੰ ਕੰਨ ਫੜਵਾਕੇ ਇਸ ਲਈ ਸ਼ਰੇਆਮ ਬੈਠਕਾਂ ਕਢਵਾਈਆਂ ਕਿ ਉਹਨਾਂ ਨੇ ਮੰਚ ਤੇ ਪੱਖਿਆਂ ਦਾ ਇੰਤਜਾਮ ਨਹੀਂ ਕੀਤਾ ਸੀ।

ਇੰਗਲੈਂਡ ਦੇ ਇੱਕ ਦੌਰੇ ਦੌਰਾਨ ਵੀ ਆਸਾ ਰਾਮ ਨੇ ਇੱਕ ਗੋਰੇ ਮੁੰਡੇ ਤੋਂ ਅਖਵਾਇਆ ਸੀ ਕਿ ਉਹ ਆਸਾ ਰਾਮ ਦਾ ਪੁੱਤਰ ਹੈ ਅਤੇ ਉਸਦੀ ਮਾਂ ਆਸਾ ਰਾਮ ਨੂੰ ਪਿਆਰ ਕਰਦੀ ਹੈ। ਬਾਅਦ ਵਿੱਚ ਰੌਲਾ ਪਿਆ ਕਿ ਇਸ ਪਿੱਛੇ ਕੋਈ ਜਾਇਦਾਦ ਦਾ ਚੱਕਰ ਸੀ। ਜਮੀਨ ਹੜੱਪਣ ਅਤੇ ਜਬਰੀ ਕਬਜ਼ੇ ਕਰਨ ਦੇ ਦੋਸ਼ ਆਸਾ ਰਾਮ ਤੇ ਆਮ ਹੀ ਲੱਗਦੇ ਰਹੇ ਹਨ। ਗਾਜ਼ੀਆਬਾਦ ਵਿੱਚ ਆਯੋਜਿਤ ਸੰਤ ਸਮਾਗਮ ਦੌਰਾਨ ਆਸਾ ਰਾਮ ਨੇ ਇੱਕ ਟੀ.ਵੀ. ਕੈਮਰਾਮੈਨ ਦੇ ਕੰਨ ਤੇ ਇਸ ਕਰਕੇ ਥੱਪੜ ਜੜ ਦਿੱਤਾ ਕਿ ਉਹ ਉਸ ਮੁਤਾਬਕ ਕਵਰੇਜ ਨਹੀਂ ਸੀ ਕਰ ਰਿਹਾ। ਉਥੇ ਜੁੜੀ 'ਸਾਧ ਸੰਗਤ' ਵਿਰੋਧ ਕਰਨ ਦੀ ਥਾਂ ਖਿੜ ਖਿੜਾ ਕੇ ਹੱਸ ਪਈ।

ਨਜਾਇਜ ਸ਼ਰਾਬ ਵੇਚਣ ਦੇ ਧੰਦੇ ਤੋਂ ਸ਼ੁਰੂ ਹੋ ਕੇ ਆਸਾ ਰਾਮ ਕਿਵੇਂ ਇੱਕ ਪ੍ਰਸਿੱਧ ਸੰਤ ਅਤੇ ਬਾਪੂ ਬਣਿਆ, ਇਹ ਵਰਤਾਰਾ ਰਾਜਨੀਤਕ, ਸਮਾਜਿਕ, ਆਰਥਿਕ ਵਿਸ਼ਲੇਸ਼ਣ ਦੀ ਮੰਗ ਕਰਦਾ ਹੈ। ਆਸਾ ਰਾਮ ਦੀ ਕੁੱਲ ਜਾਇਦਾਦ ਲਗਭਗ 8 ਹਜ਼ਾਰ ਕਰੋੜ ਰੁਪੈ ਹੈ। ਸੰਤ ਆਸਾ ਰਾਮ ਬਾਪੂ ਟਰੱਸਟ ਨਾਂ ਦੀ ਸੰਸਥਾ ਦੇ ਦੇਸ਼ ਵਿਦੇਸ਼ ਵਿੱਚ ਲਗਭਗ 50 ਗੁਰੂਕੁਲ, 425 ਆਸ਼ਰਮ ਹਨ। ਗੁਜਰਾਤ ਸਰਕਾਰ ਨੇ ਸੰਨ 2009 ਵਿੱਚ ਵਿਧਾਨਸਭਾ ਵਿੱਚ ਮੰਨਿਆ ਸੀ ਕਿ ਆਸਾ ਰਾਮ ਨੇ ਆਸ਼ਰਮਾਂ ਦੇ ਨਾਮ ਹੇਠ 67099 ਏਕੜ ਜ਼ਮੀਨ ਤੇ ਕਬਜ਼ਾ ਕਰ ਰੱਖਿਆ ਹੈ। ਮੱਧ ਪ੍ਰਦੇਸ਼, ਛਤੀਸਗੜ੍ਹ ਅਤੇ ਰਾਜਸਥਾਨ ਦੀਆਂ ਸਰਕਾਰਾਂ ਦੇ ਰਿਕਾਰਡ ਵੀ ਅਜਿਹਾ ਕੁੱਝ ਹੀ ਬੋਲਦੇ ਹਨ। ਆਸਾ ਰਾਮ (ਆਸੂ ਮੱਲ) ਤੇ 1959 ਵਿੱਚ ਸ਼ਰਾਬ ਦੇ ਨਸ਼ੇ ਵਿੱਚ ਹੱਤਿਆ ਕਰਨ ਦਾ ਦੋਸ਼ ਵੀ ਲੱਗਿਆ ਸੀ ਪਰ ਸਬੂਤਾਂ ਦੀ ਘਾਟ ਕਾਰਣ ਉਹ ਬਰੀ ਹੋ ਗਿਆ। 1972 ਵਿੱਚ ਸਾਬਰਮਤੀ ਕੰਢੇ ਆਸਾ ਰਾਮ ਦੀ ਉਸਾਰੀ ਝੌਂਪੜੀ, ਅੱਗੇ ਚੱਲ ਕੇ ਮੋਟੇਰਾ ਆਸ਼ਰਮ ਵਿੱਚ ਬਦਲੀ ਅਤੇ ਅੱਜ ਵੱਖ-ਵੱਖ ਅਦਾਰਿਆਂ ਦੇ ਰੂਪ ਵਿੱਚ ਇੱਕ ਵੱਡੇ ਆਰਥਿਕ ਸਾਮਰਾਜ ਵਿੱਚ ਤਬਦੀਲ ਹੋ ਚੁੱਕੀ ਹੈ। ਆਸਾ ਰਾਮ ਦੇ 1400 ਯੋਗ ਸੰਸਥਾਨ, ਵੇਦਾਂਤ ਸੇਵਾ ਸਮਿਤੀਆਂ ਅਤੇ 17000 ਬਾਲ ਸੰਸਕਾਰ ਕੇਂਦਰ ਦੁਨੀਆਂ ਭਰ ਵਿੱਚ ਹਨ। 10 ਕਰੋੜ ਰੁਪਏ ਪ੍ਰਤੀ ਮਹੀਨਾ ਦੀ ਆਮਦਨ ਹੈ। ਜਿੱਥੇ ਆਸਾ ਰਾਮ ਨੇ ਨਿੱਜੀ ਜਮੀਨਾਂ ਤੇ ਜਬਰੀ ਧੜੱਲੇ ਨਾਲ ਕਬਜੇ ਕੀਤੇ ਹਨ, ਉੱਥੇ ਸਰਕਾਰ ਮੇਹਰਬਾਨੀਆਂ ਦੀ ਵੀ ਉਸਤੇ ਹਮੇਸ਼ਾਂ ਵਰਖਾ ਹੁੰਦੀ ਰਹੀ ਹੈ।

ਮੋਟੇਰਾ ਦੇ ਅਸ਼ੋਕ ਠਾਕੁਰ ਨੇ ਪੰਜ ਏਕੜ, ਸੂਰਤ ਜਹਾਂਗੀਰਪੁਰਾ ਦੇ ਕਿਸਾਨ ਅਨਿਲ ਵਿਆਸ ਨੇ 34400 ਵਰਗ ਮੀਟਰ ਜਮੀਨ ਹਥਿਆਉਣ ਦਾ ਆਸਾ ਰਾਮ ਤੇ ਕੇਸ ਕੀਤਾ ਹੋਇਆ ਹੈ। ਬਹੁਤ ਲੋਕ ਧਾਰਮਿਕ ਡਰ ਅਧੀਨ ਚੁੱਪ ਬੈਠੇ ਹਨ। ਦਿੱਲੀ ਦੀ ਵਿਧਵਾ ਔਰਤ ਸੁਦਰਸ਼ਨ ਕੁਮਾਰੀ ਨੇ ਟਰੱਸਟ ਖਿਲਾਫ਼ ਕੇਸ ਦਰਜ ਕਰਵਾਇਆ ਹੋਇਆ ਹੈ ਕਿ ਜੁਲਾਈ 2000 ਵਿੱਚ ਧੋਖੇ ਨਾਲ ਉਸਤੋਂ ਕੁੱਝ ਕਾਗਜਾਂ ਤੇ ਦਸਤਖਤ ਕਰਵਾਏ ਗਏ ਹਨ। ਜਿਆਦਾ ਵਿਸਥਾਰ ਵਿੱਚ ਨਾ ਜਾਂਦੇ ਹੋਏ ਗੱਲ ਮੁਕਾਓ, ਜਮੀਨੀ ਮਾਮਲਿਆਂ ਵਿੱਚ ਆਸਾਰਾਮ ਸੈਂਕੜੇ ਹੀ ਕੇਸਾਂ, ਕਾਨੂੰਨੀ ਨੋਟਿਸਾਂ

ਨਾਲ ਘਿਰਿਆ ਹੋਇਆ ਹੈ। ਆਓ ਸਰਕਾਰੀ ਮਿਹਰਬਾਨੀਆਂ ਦੀ ਵੀ ਕੁੱਝ ਗੱਲ ਕਰ ਲਈਏ। 2000 ਵਿੱਚ ਗੁਜਰਾਤ ਸਰਕਾਰ ਨੇ ਆਸਾ ਰਾਮ ਨੂੰ ਨਵਸਾਰੀ ਜ਼ਿਲ੍ਹੇ ਦੇ ਭੈਰਵੀ ਪਿੰਡ ਵਿੱਚ 10 ਏਕੜ ਜਮੀਨ ਦਿੱਤੀ ਸੀ। ਮੋਟੇਰਾ ਅਤੇ ਅਹਿਮਦਾਬਾਦ ਸਥਿਤ ਆਸਾ ਰਾਮ ਦਾ ਆਸ਼ਰਮ ਉਸਦਾ ਮੁੱਖ ਦਫ਼ਤਰ ਹੈ। ਇਹ ਸਰਦਾਰ ਪਟੇਲ ਕ੍ਰਿਕਟ ਸਟੇਡੀਅਮ ਨੇੜੇ 10 ਏਕੜ ਜਮੀਨ ਤੇ ਬਣਿਆ ਹੈ। ਇਹ ਜਮੀਨ ਉਸਨੂੰ ਰਾਜ ਸਰਕਾਰ ਨੇ ਦਿੱਤੀ ਸੀ। ਇਹ ਉਦਾਹਰਣਾਂ ਨਮੂਨਾ ਮਾਤਰ ਹਨ। ਹੁਣ ਜਦੋਂ ਆਸਾ ਰਾਮ ਸੀਖਾਂ ਪਿੱਛੇ ਹੈ ਤਾਂ ਹਰ ਸੂਬੇ ਦੇ ਅਧਿਕਾਰੀ ਕਹਿ ਰਹੇ ਹਨ ਕਿ ਉਸਦੀਆਂ ਜਾਇਦਾਦਾਂ ਗੈਰ ਕਾਨੂੰਨੀ ਹਨ, ਜਦ ਕਿ ਪਹਿਲਾਂ ਇਹਨਾਂ ਗੈਰ-ਕਾਨੂੰਨੀ ਕਬਜਿਆਂ ਵਿੱਚ ਇਹੀਂ ਅਧਿਕਾਰੀ, ਇਹੀਂ ਸਰਕਾਰਾਂ ਉਸਦਾ ਸਾਥ ਦਿੰਦੀਆਂ ਰਹੀਆਂ ਹਨ।

ਲਿੰਗਕ ਮਾਮਲਿਆਂ, ਵਿੱਤੀ ਬੇਨਿਯਮੀਆਂ, ਗੈਰ ਕਾਨੂੰਨੀ ਧੰਦਿਆਂ ਦੇ ਨਾਲ-ਨਾਲ ਆਸਾ ਰਾਮ ਤੇ ਕਤਲਾਂ ਦੇ ਇਲਜ਼ਾਮ ਵੀ ਹਨ। ਇਹ ਮਨੁੱਖੀ ਬਲੀ ਦਾ ਕਾਲਾ ਇਲਮ ਵੀ ਕਰਦਾ ਰਿਹਾ ਹੈ। 3 ਜੁਲਾਈ 2008 ਨੂੰ ਉਸਦੇ ਅਹਿਮਦਾਬਾਦ ਆਸ਼ਰਮ ਦੇ ਦੋ ਵਿਦਿਆਰਥੀ ਦਿਪੇਸ਼ ਵਘੇਲਾ (10) ਅਤੇ ਅਭਿਸ਼ੇਕ ਵਘੇਲਾ (11) ਰਹੱਸਮਈ ਢੰਗ ਨਾਲ ਆਸ਼ਰਮ ਵਿੱਚੋਂ ਲਾਪਤਾ ਹੋ ਗਏ। ਦੋ ਦਿਨਾਂ ਬਾਅਦ ਉਹਨਾਂ ਦੀਆਂ ਲਾਸ਼ਾਂ ਆਸ਼ਰਮ ਨੇੜਿਓਂ ਮਿਲੀਆਂ। ਪੁਲਸ ਨੇ 14 ਸਾਲ ਦੇ ਇੱਕ ਮੁੰਡੇ ਤੇ ਕੇਸ ਪਾ ਕੇ ਮਾਮਲਾ ਰਫਾ ਦਫਾ ਕਰ ਦਿੱਤਾ ਜਦ ਤੱਕ ਕਿ ਅੱਜ ਵੀ ਉਂਗਲੀ ਆਸਾ ਰਾਮ ਤੇ ਉਠਦੀ ਰਹੀ ਹੈ।

ਆਸਾਰਾਮ ਦੀ ਗ੍ਰਿਫਤਾਰੀ ਤੋਂ ਪਹਿਲਾਂ ਦਾ ਦੋ ਹਫਤਿਆਂ ਦਾ ਨਾਟਕ ਦਰਸਾਉਂਦਾ ਹੈ ਕਿ ਸਟੇਟ ਉਸਦੇ ਖਿਲਾਫ਼ ਕਾਰਵਾਈ ਕਰਨ ਲਈ ਤਿਆਰ ਨਹੀਂ ਸੀ ਕਿਉਂਕਿ ਹਿੰਦੂਤਵੀ ਤਾਕਤਾਂ ਉਸਦੀ ਪਿੱਠ ਤੇ ਸਨ। ਆਸਾ ਰਾਮ ਤੇ ਬਲਾਤਕਾਰ ਦੇ ਦੋਸ਼ ਲੱਗਣ ਤੋਂ ਬਾਅਦ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਗੂ ਅਸ਼ੋਕ ਸਿੰਘਲ ਨੇ ਇੱਕ ਪ੍ਰੈਸ ਕਾਨਫ੍ਰੰਸ ਵਿੱਚ ਕਿਹਾ ਸੀ ਕਿ ਆਸਾ ਰਾਮ ਤੇ ਬਲਾਤਕਾਰ ਦੇ ਦੋਸ਼ ਲਾਉਣਾ ਹਿੰਦੂ ਸਭਿਆਚਾਰ ਤੇ ਹਮਲਾ ਹੈ। ਆਸਾ ਰਾਮ ਦੇ ਪੈਰੋਕਾਰ ਇਹ ਪ੍ਰਚਾਰ ਜ਼ੋਰ-ਸ਼ੋਰ ਨਾਲ ਕਰ ਰਹੇ ਹਨ ਕਿ ਬਾਪੂ ਹਿੰਦੂ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਤਨਦੇਹੀ ਨਾਲ ਜੁਟਿਆ ਹੋਇਆ ਸੀ, ਹਿੰਦੂ ਧਰਮ ਪਰਿਵਰਤਨ ਨੂੰ ਰੋਕ ਰਿਹਾ ਸੀ, ਇਸ ਲਈ ਇਹ ਗੈਰ ਹਿੰਦੂ ਤਾਕਤਾਂ ਦੀ ਉਸਦੇ ਖਿਲਾਫ਼ ਸਾਜਿਸ਼ ਹੈ। ਅੱਜ ਲੋੜ ਇਸ ਗੱਲ ਦੀ ਹੈ ਕਿ ਆਸਾ ਰਾਮ ਵਰਗਿਆਂ ਨੂੰ ਪੈਦਾ ਕਰਨ ਵਾਲੀਆਂ, ਸਹਿ ਦੇਣ ਅਤੇ ਫਿਰ ਉਹਨਾਂ ਦੇ ਜੁਰਮਾਂ ਨੂੰ ਛੁਪਾਉਣ ਵਾਲੀਆਂ ਸਮਾਜ ਵਿਰੋਧੀ ਮੂਲਵਾਦੀ ਤਾਕਤਾਂ ਦੇ ਕੋਝੇ ਮਨਸੂਬਿਆਂ ਨੂੰ ਸਮਝਿਆ ਵੀ ਜਾਵੇ, ਜਨ ਚੇਤਨਾ ਉਸਾਰੀ ਜਾਵੇ ਅਤੇ ਉਹਨਾਂ ਦਾ ਡਟਵਾਂ ਵਿਰੋਧ ਵੀ ਕੀਤਾ ਜਾਵੇ।

ਆਸਾ ਰਾਮ ਇੱਕ ਨਹੀਂ। ਥਾਂ-ਥਾਂ ਲੋਕਾਂ ਦੀ ਅੰਨ੍ਹੀ ਸ਼ਰਧਾ ਦਾ ਲਾਹਾ ਖੱਟਣ ਲਈ ਵੱਖ-ਵੱਖ ਨਾਮਾਂ ਹੇਠ ਹਜਾਰਾਂ ਅਖੌਤੀ ਦੇਵ ਪੁਰਸ਼ਾਂ ਦੇ ਬਰੈਂਡ ਅੰਬੈਸਡਰ ਮੌਜੂਦ ਹਨ। ਬੇਪਰਦ ਹੁੰਦੇ ਹਨ, ਪਰ ਲੋਕ ਇੱਕ ਨੂੰ ਛੱਡ ਕੇ ਦੂਜੇ ਮਗਰ ਤੁਰ ਪੈਂਦੇ ਹਨ। ਆਰਥਿਕਤਾ ਦੀ ਝੰਬੀ, ਸਦੀਆਂ ਤੋਂ ਸਥਾਪਤ ਅਧਿਆਤਮਵਾਦੀ ਫਲਸਫੇ ਦੀ ਡਰਾਈ ਇਸ ਲੋਕ ਮਾਨਸਿਕਤਾ ਨੂੰ ਤਬਦੀਲ ਕਰਨ, ਚੇਤੰਨ ਕਰਕੇ ਸਮੁੱਚੇ ਪ੍ਰਬੰਧ ਨੂੰ ਸਮਝਾਉਣ, ਬਦਲਣ ਦੀ ਜਿੰਮੇਵਾਰੀ ਵਿਗਿਆਨਕ ਸੋਚ ਦੇ ਧਾਰਨੀ ਲੋਕਾਂ ਦੀ ਬਣਦੀ ਹੈ।

ਦੱਖਣ ਭਾਰਤ ਦੇ ਨਿਤਿਆਨੰਦ ਦੇ ਡੇਰੇ ਤੋਂ ਅਜਿਹੀਆਂ ਅਸ਼ਲੀਲ ਅਤੇ ਗੈਰ ਕਾਨੂੰਨੀ ਚੀਜਾਂ ਪ੍ਰਾਪਤ ਹੋਈਆਂ ਜਿਹਨਾਂ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਉੱਤਰੀ ਭਾਰਤ ਦੇ ਇੱਛਾਧਾਰੀ ਬਾਬੇ, ਜੋ ਕਾਲ ਗਰਲਜ਼ ਦਾ ਧੰਦਾ ਚਲਾਉਂਦਾ ਸੀ, ਤੋਂ ਪਰਦਾ ਉੱਠਿਆ। ਭੋਪਾਲ ਦਾ ਲਾਲ ਸਾਈਂ ਬਾਬਾ ਲੜਕੀਆਂ ਦਾ ਈਸ਼ਵਰ ਦੇ ਦਰਸ਼ਨ ਕਰਵਾਉਣ ਦੇ ਬਹਾਨੇ ਜਿਨਸੀ ਸ਼ੋਸ਼ਣ ਕਰਦਾ ਸੀ, ਕਾਨੂੰਨ ਦੇ ਸ਼ਿਕੰਜੇ ਵਿੱਚ ਆਇਆ, ਸੱਚੇ ਸੌਦੇ ਵਾਲੇ ਡੇਰੇ ਦੇ ਮੁਖੀ ਵਿਰੁੱਧ ਬਲਾਤਕਾਰ ਸਮੇਤ ਕਈ ਕਿਸਮ ਦੇ ਦੋਸ਼ਾਂ ਹੇਠ ਮੁਕੱਦਮੇ ਚੱਲ ਰਹੇ ਹਨ। ਇੱਕ ਸਿੱਖ ਸੰਤ ਨੂੰ ਭਾਵੇਂ ਧਾਰਮਿਕ ਸੰਸਥਾ ਨੇ ਬੇਗੁਨਾਹ ਕਰਾਰ ਦੇ ਦਿੱਤਾ ਸੀ ਪਰ ਅਦਾਲਤ ਵਿੱਚ ਦੋਸ਼ ਸਿੱਧ

ਹੋਣ ਤੇ ਉਸਨੂੰ ਜੇਲ੍ਹ ਜਾਣਾ ਪਿਆ। ਲਿਸਟ ਬਹੁਤ ਲੰਬੀ ਹੈ। ਕੇਰਲਾ ਵਿੱਚ ਮਾਤਾ ਅੰਮ੍ਰਿਤਾਨੰਦਾਮਾਈ, ਬਾਬਾ ਰਾਮਦੇਵ, ਸੁਧਾਸ਼ੂ ਮਹਾਰਾਜ, ਮੁਰਾਰੀ ਬਾਪੂ ਆਦਿ ਅਖੌਤੀ ਰੂਹਾਨੀ ਗੁਰੂਆਂ ਦੀਆਂ ਸੰਸਥਾਵਾਂ ਦੀ ਕਮਾਈ ਅੱਗੇ ਵੱਡੀਆਂ-ਵੱਡੀਆਂ ਵਪਾਰਕ ਕੰਪਨੀਆਂ ਸ਼ਰਮਸਾਰ ਹਨ।

ਮੀਡੀਆ ਭਾਵੇਂ ਵਿਅਕਤੀਗਤ ਤੌਰ ਤੇ ਆਸਾ ਰਾਮ ਵਰਗਿਆਂ ਤੇ ਨਿਸ਼ਾਨਾ ਸਾਧਦਾ ਹੈ, ਅਹਿਮ ਖੁਲਾਸੇ ਕਰਦਾ ਹੈ, ਪਰ ਇਸ ਗੱਲ ਨੂੰ ਨਹੀਂ ਉਭਾਰਦਾ ਕਿ ਇਹ ਲੋਟੂ ਲਾਣਾ ਕਿਵੇਂ ਸਿਆਸੀ ਲੀਡਰਾਂ ਨਾਲ ਘਿਓ ਖਿਚੜੀ ਹੈ। ਸਾਰੀਆਂ ਸਰਮਾਏਦਾਰ ਪਾਰਟੀਆਂ ਦੇ ਆਗੂ ਇਹਨਾਂ ਬਾਬਿਆਂ ਦੇ ਭਗਤ ਹਨ। ਉਹਨਾਂ ਵਿੱਚ ਹੋੜ ਲੱਗੀ ਹੋਈ ਹੈ ਕਿ ਕਿਵੇਂ ਉਹਨਾਂ ਦੇ ਸ਼ਰਧਾਲੂਆਂ ਨੂੰ ਬਾਬੇ ਰਾਹੀਂ ਵੋਟ ਬੈਂਕ ਵਿੱਚ ਤਬਦੀਲ ਕੀਤਾ ਜਾਵੇ। ਆਰਥਿਕ ਤੌਰ ਤੇ ਅਸੁੱਰਖਿਅਤ ਹੋਣ ਕਾਰਣ ਅਤੇ ਵਿਗਿਆਨਕ ਨਜਰੀਏ ਤੋਂ ਵਿਰਵੇ ਹੋਣ ਕਰਕੇ ਬਹੁਤੇ ਲੋਕ ਅਖੌਤੀ ਦੈਵੀ ਤਾਕਤਾਂ ਵਿੱਚ ਵਿਸ਼ਵਾਸ ਕਰਦੇ ਹਨ। ਉਹਨਾਂ ਦੀ ਇਸ ਬੇਵਸੀ ਦਾ ਲਾਹਾ ਲੈ ਕੇ ਇਹ ਸਿਆਸੀ ਧਾਰਮਿਕ ਗੱਠਜੋੜ ਉਹਨਾਂ ਨੂੰ ਆਰਥਿਕ-ਸਿਆਸੀ-ਸਮਾਜਕ ਲੁੱਟ ਦਾ ਸ਼ਿਕਾਰ ਬਣਾਉਂਦਾ ਹੈ। ਇਕੱਲੇ ਆਸਾ ਰਾਮ ਨੂੰ ਸਜ਼ਾ ਮਿਲ ਜਾਣ ਨਾਲ, ਜਾਂ ਉਸ ਵਰਗੇ ਕੁੱਝ ਹੋਰਾਂ ਨੂੰ ਮਿਲਣ ਨਾਲ ਇਸ ਲੁੱਟ ਨੇ ਬੰਦ ਨਹੀਂ ਹੋਣਾ। ਇਸ ਲੁੱਟ ਨੂੰ ਸਦੀਵੀਂ ਤੌਰ ਤੇ ਬੰਦ ਕਰਨ ਲਈ, ਲੁੱਟ ਰਹਿਤ ਸਮਾਨਤਾ ਆਧਾਰ ਸਮਾਜ ਸਿਰਜਣ ਲਈ ਇਸ ਗੱਠਜੋੜ ਨੂੰ ਹਾਰ ਦੇਣੀ ਪੈਣੀ ਹੈ, ਇਸ ਗੱਠਜੋੜ ਨੂੰ ਹਾਰ ਦੇਣੀ ਪੈਣੀ ਹੈ, ਲੁੱਟ ਤੇ ਅਧਾਰਤ ਨਜ਼ਾਮ ਨੂੰ ਬਦਲਣਾ ਪੈਣਾ ਹੈ।

ਅਦਾਰਾ 'ਤਰਕਸ਼ੀਲ'

ਲੁੱਟ ਖਾ ਗਏ ਦੇਸ਼, ਅਜੇ ਆਖਣ ਸੋਨੇ ਦੀ ਚਿੜੀ
ਸੋਨੇ ਦੀ ਚਿੜੀ ਅੱਜ, ਲੁਟੇਰੇ ਸਾਧੂ ਸੰਤਾਂ ਵਿੱਚ ਘਿਰੀ।
ਜਸਵਿੰਦਰ ਸਿੰਘ, 80542-87419

ਦੁਆਵਾਂ 'ਸੇਲ' ਤੇ

ਕਾਂਤਾ ਸ਼ਰਮਾ

ਟੀ.ਵੀ. ਦੇ ਲੋਕਲ ਚੈਨਲ ਤੇ ਇਕ ਇਸ਼ਤਿਹਾਰ ਬਾਰ-ਬਾਰ ਆ ਰਿਹਾ ਸੀ ਜੋ ਕੁੱਝ ਇਸ ਤਰ੍ਹਾਂ ਸੀ, ਘਰੇਲੂ ਪ੍ਰੇਸ਼ਾਨੀ ਹੈ ਵਪਾਰ ਵਿੱਚ ਘਾਟਾ ਪਿਆ ਹੈ, ਬੇਰੁਜ਼ਗਾਰ ਹੋ, ਲੰਮੀ ਬੀਮਾਰੀ ਤੋਂ ਦੁਖੀ ਹੋ ਤਾਂ ਮਿਲੋ ਸ਼ਾਹ ਬਾਬਾ ਬੰਗਾਲੀ ਨੂੰ। ਜਿੰਨ੍ਹਾਂ ਦੀਆਂ ਦੁਆਵਾਂ ਨਾਲ ਹਰ ਕੰਮ ਵਿੱਚ ਸਫਲਤਾ ਯਕੀਨੀ ਹੈ। ਸ਼ਾਹ ਬਾਬਾ ਦੀ ਦੁਆ ਹਰ ਦਵਾ ਤੋਂ ਜਿਆਦਾ ਅਸਰਕਾਰਕ ਹੈ। ਮਿਲਣ ਲਈ ਪਤਾ ਦੁਕਾਨ ਨੰ: 4 20, ਚੋਰ ਬਜ਼ਾਰ ਪਟਿਆਲਾ। ਹਫਤੇ ਕੁ ਬਾਦ ਇਸ ਇਸ਼ਤਿਹਾਰ ਵਿੱਚ ਹੈਰਾਨਕੁੰਨ ਵਾਧਾ ਹੋਇਆ ਦਿਸਿਆ। ਪਹਿਲਾਂ ਵਾਲੇ ਇਸ਼ਤਿਹਾਰ ਦੇ ਨਾਲ ਲਿਖਿਆ ਸੀ, ਗੰਭੀਰ ਸਮੱਸਿਆ ਦੇ ਹੱਲ ਲਈ ਸੱਚੇ ਦਿਲੋਂ ਮੰਗੀ ਦੁਆ ਦੀ ਫੀਸ ਸਿਰਫ 500 ਇੱਕ ਦੁਆ ਨਾਲ ਦੂਜੀ ਸਮੱਸਿਆ ਲਈ ਦੁਆ ਫਰੀ। ਸਕਰੀਨ ਤੇ ਸ਼ਾਹ ਬਾਬਾ ਦੀ ਦੁਆਵਾਂ ਦੀ ਦੁਕਾਨ ਦੇ ਨਾਲ ਲਗਦੀ ਸਾੜ੍ਹੀਆਂ ਦੀ ਦੁਕਾਨ ਨਜ਼ਰ ਆਈ ਜਿਸ ਦੇ ਮੱਥੇ ਤੇ ਲਿਖਿਆ ਸੀ, ਸੇਲ-ਸੇਲ-ਸੇਲ, ਸਾੜੀਆਂ ਦੀ ਭਾਰੀ ਸੇਲ। ਇੱਕ ਸਾੜੀ ਖਰੀਦਣ ਤੇ ਉਸੇ ਕੀਮਤ ਦੀ ਦੂਜੀ ਸਾੜੀ ਫਰੀ। ਮੈਂ ਸੋਚ ਰਹੀ ਸੀ ਕਿੰਨੀ ਅਨੋਖੀ ਜੁਹਾਲਬੰਦੀ ਹੈ ਸਾੜੀਆਂ ਤੇ ਦੁਆਵਾਂ ਦੀ। ਇਸ ਵੇਲੇ ਮੈਨੂੰ ਪੰਜਾਬੀ ਦੇ ਪ੍ਰਸਿੱਧ ਕਵੀ ਸ. ਜਸਵੰਤ ਸਿੰਘ ਵੰਤਾ ਦੀਆਂ ਇਹ ਸਤਰਾਂ ਚੇਤੇ ਆਈਆਂ ਜਿਹੜੀਆਂ ਵਿਕਾਊ ਦੁਆਵਾਂ ਤੇ ਪ੍ਰਾਰਥਨਾਵਾਂ ਤੇ ਬਿਲਕੁਲ ਸਟੀਕ ਜਾਪਦੀਆਂ ਹਨ:

ਇਥੇ ਮਿਲਦੀ ਇਬਾਦਤ ਹੈ ਪੈਸਿਆਂ ਤੋਂ
ਪੂਜਾ-ਪਾਠ ਅਰਦਾਸ ਇਸ਼ਨਾਨ ਵਿਕਦੈ।
ਫਿਰਕੂ ਆਗੂਆਂ ਦੇ ਇਥੇ ਵਰਦਾਨ ਵਿਕਦੈ।
ਮਜ਼੍ਹਬੀ ਲੀਡਰ ਦਾ ਇਥੇ ਈਮਾਨ ਵਿਕਦੈ।

ਅਜਿਹੇ ਇਸ਼ਤਿਹਾਰ ਗੈਰ-ਕਾਨੂੰਨੀ ਹਨ। ਇਹ, ਇਹਨਾਂ ਲੁਟੇਰਿਆਂ ਦੀ ਮਾਨਸਿਕਤਾ ਨੂੰ ਪ੍ਰਗਟਾਉਂਦੇ ਹਨ ਕਿ 'ਗਾਹਕ ਫਸੇ, ਭਾਵੇਂ ਕਿਵੇਂ ਫਸੇ।' ਸਰਕਾਰ ਨੂੰ ਚਾਹੀਦਾ ਹੈ ਕਿ ਇੰਨ੍ਹਾਂ ਖਿਲਾਫ਼ ਕਾਨੂੰਨੀ ਕਾਰਵਾਈ ਕਰੇ।

ਮੁਹਾਲੀ, 97818-79362

ਯਾਦ ਕਰਦਿਆਂ...!!!



ਜਦੋਂ ਅਸੀਂ ਆਵਾਂਗੇ !

ਜਦੋਂ ਅਸੀਂ ਆਵਾਂਗੇ
ਡਿੱਗਾਂਗੇ ਅਸੀਂ
ਸੂਰਜ ਦੀਆਂ ਕਿਰਨਾਂ ਵਾਂਗ
ਸਲ੍ਹਾਬੀਆਂ ਹੋਈਆਂ ਥਾਵਾਂ ਤੇ
ਕਾਲੇ, ਤਰੱਕੇ ਹੋਏ, ਅੰਧਵਿਸ਼ਵਾਸ ਦੇ ਚਿੱਕੜ
ਬੁਨਿਆਦਵਾਦ ਦੀਆਂ ਨਾਲੀਆਂ
ਜਿੱਥੋਂ ਜਨਮ ਲੈਂਦੇ ਹਨ
ਮੱਛਰ, ਸਪੋਲੀਏ, ਠੂਹੇਂ, ਜ਼ਹਿਰੀਲੇ ਨਾਗ
ਅਸੀਂ ਇਨ੍ਹਾਂ ਸਾਰਿਆਂ ਦੇ
ਗੰਦ ਨੂੰ ਚੁਗ ਦਿਆਂਗੇ
ਖੁਸ਼ਕ ਕਰ ਦਿਆਂਗੇ
ਇਹ ਗੰਦਗੀ ਦੇ ਸੋਮੇ
ਜਦੋਂ ਅਸੀਂ ਆਵਾਂਗੇ
ਸੂਰਜ ਦੀਆਂ ਕਿਰਨਾਂ ਵਾਂਗ...

ਸੰਤੋਖ ਸਿੰਘ ਧੀਰ (ਜਨਮ ਦਿਨ: 2 ਦਸੰਬਰ)

ਬੰਦਾ, ਬੰਦੇ ਦਾ ਦਾਰੂ

ਆ ਮੰਦਰੋਂ ਮਸੀਤੋਂ ਜ਼ਰਾ ਉੱਚੇ ਹੋਈਏ।
ਤੇ ਸਾਂਝੇ ਆਕਾਸ਼ ਹੇਠ ਰਲ ਕੇ ਖਲੋਈਏ।
ਗਲੇ ਮਿਲ ਕੇ ਪਿਛਲੀ ਹਿਮਾਕਤ ਤੇ ਰੋਈਏ।
ਤੇ ਬੀਤੇ ਦੇ ਦਾਗਾਂ ਨੂੰ ਹੰਝੂਆਂ 'ਚ ਧੋਈਏ।
ਭਰਾ-ਪਣ ਜ਼ਰਾ ਦਿਲ 'ਚ ਮਾਰੇ ਉਛਾਲੇ।
ਤੇ ਭੁੱਲ ਜਾਣ ਸਾਨੂੰ ਮਸੀਤਾਂ ਸ਼ਿਵਾਲੇ।

ਨਾ ਹੋ ਰਹੀਏ ਇੱਕ ਦੂਸਰੇ ਉੱਤੇ ਭਾਰੂ,
ਆ ਦੁਨੀਆਂ ਤੇ ਕਰੀਏ ਕੋਈ ਕੰਮ ਉਸਾਰੂ।
ਆ ਛੋਹ ਦੇਈਏ ਆਸ, ਮੁਕਾ ਦਈਏ ਮਾਰੂ,
ਕਿ ਬੰਦਾ ਹੀ ਹੁੰਦਾ ਹੈ, ਬੰਦੇ ਦਾ ਦਾਰੂ।
ਬੀਮਾਰੀ 'ਚ ਜੰਨਤ ਨੇ ਕੰਮ ਨਹੀਂਓਂ ਆਣਾ।
ਮੇਰਾ ਦੁੱਖ ਤੂੰ ਵੰਡਣਾ, ਮੈਂ ਤੇਰਾ ਵੰਡਾਣਾ।

ਦਰਸ਼ਨ ਸਿੰਘ ਅਵਾਰਾ (ਜਨਮ ਦਿਨ: 30 ਦਸੰਬਰ)

ਦੰਗਾ !



....ਦੰਗਾ ਹੋ ਗਿਆ। ਫੇਰ ਦੰਗੇ ਸਾਰੇ ਯੂ.ਪੀ. ਵਿੱਚ ਸ਼ੁਰੂ ਹੋ ਗਏ। ਮੇਰਠ, ਸ਼ਾਹਜਹਾਂ ਪੁਰ, ਬਰੇਲੀ, ਹਾਥਰਸ, ਖੁਰਜਾ........ਲਾਸ਼ਾਂ, ਲਾਸ਼ਾਂ...।

ਇਹ ਸ਼ਬਦ ਕਿੰਨਾ ਘਿਨਾਉਣਾ ਹੈ! ਆਦਮੀਂ ਆਪਣੀ ਮੌਤ ਆਪਣੇ ਘਰ ਵਿੱਚ, ਆਪਣੇ ਬਾਲ-ਬੱਚਿਆਂ ਦੇ ਸਾਹਮਣੇ ਮਰੇ...ਤਦ ਵੀ ਉਸਦੇ ਸਰੀਰ ਨੂੰ ਲਾਸ਼ ਹੀ ਕਿਹਾ ਜਾਂਦਾ ਹੈ ਤੇ ਜੇ ਆਦਮੀਂ ਸੜਕ ਉੱਤੇ ਕਿਸੇ ਦੰਗਾਕਾਰੀ ਦੇ ਹੱਥੋਂ ਮਾਰਿਆ ਜਾਵੇ ਤਾਂ ਵੀ ਉਸ ਦੇ ਸਰੀਰ ਨੂੰ ਲਾਸ਼ ਹੀ ਕਹਿੰਦੇ ਹਨ। ਭਾਸ਼ਾ ਕਿੰਨੀ ਗਰੀਬ ਹੈ, ਸ਼ਬਦਾਂ ਦਾ ਕਿੱਡਾ 'ਕਾਲ ਪਿਆ ਜਾਪਦਾ ਹੈ! ਕਿੱਡੀ ਸ਼ਰਮ ਦੀ ਗੱਲ ਹੈ ਕਿ ਅਸੀਂ ਘਰੇ ਮਰ ਜਾਣ ਵਾਲੇ ਅਤੇ ਦੰਗਿਆਂ ਵਿੱਚ ਮਾਰੇ ਜਾਣ ਵਾਲੇ ਵਿੱਚ ਫਰਕ ਨਹੀਂ ਕਰ ਸਕਦੇ। ਹਾਲਾਂਕਿ ਘਰੇ ਸਿਰਫ਼ ਇੱਕ ਬੰਦੇ ਦੀ ਮੌਤ ਹੁੰਦੀ ਹੈ ਤੇ ਦੰਗਾਕਾਰੀਆਂ ਦੇ ਹੱਥੋਂ ਇੱਕ ਪ੍ਰੰਪਰਾ ਜਾਂ ਇੱਕ ਸਭਿਅਤਾ ਜਾਂ ਇੱਕ ਇਤਿਹਾਸ ਦੀ ਮੌਤ ਹੁੰਦੀ ਹੈ। ਕਬੀਰ ਦੇ ਰਾਮ ਦੀ ਬਹੁਰਆ ਮਰਦੀ ਹੈ; ਜਾਯਸੀ ਦੀ ਪਦਮਾਵਤੀ ਮਰਦੀ ਹੈ; ਕੁਤੁਬਨ ਦੀ ਮਿਰਗਾਵਤੀ ਮਰਦੀ ਹੈ; ਸੂਰ ਦੀ ਰਾਧਾ ਮਰਦੀ ਹੈ; ਵਾਰਸ ਦੀ ਹੀਰ ਮਰਦੀ ਹੈ...ਤੁਲਸੀ ਦੇ ਰਾਮ ਮਰਦੇ ਨੇ; ਅਨੀਸ ਦੇ ਹੁਸੈਨ ਮਰਦੇ ਨੇ। ਕੋਈ ਲਾਸ਼ਾਂ ਦੇ ਢੇਰ ਨੂੰ ਨਹੀਂ ਦੇਖਦਾ। ਅਸੀਂ ਲਾਸ਼ਾਂ ਗਿਣਦੇ ਹਾਂ। ਅੰਕੜੇ ਸਮੇਟਣ ਲਗਦੇ ਹਾਂ-ਸੱਤ ਆਦਮੀਂ ਮਰੇ; ਚੌਦਾਂ ਦੁਕਾਨਾਂ ਲੁੱਟੀਆਂ ਗਈਆਂ, ਦਸ ਘਰਾਂ ਨੂੰ ਅੱਗ ਲਾ ਦਿੱਤੀ ਗਈ...ਜਿਵੇਂ ਘਰ ਦੁਕਾਨਾਂ ਤੇ ਆਦਮੀ ਸਿਰਫ਼ ਸ਼ਬਦ ਹੋਣ ਜਿਨ੍ਹਾਂ ਨੂੰ ਸ਼ਬਦ ਕੋਸ਼ ਵਿੱਚੋਂ ਕੱਢਕੇ ਵਾਯੂਮੰਡਲ ਵਿੱਚ ਮੰਡਲਾਉਂਦੇ ਰਹਿਣ ਲਈ ਖਿਲਾਰ ਦਿੱਤਾ ਗਿਆ ਹੋਵੇ। (ਨਾਵਲ ਟੋਪੀ ਸ਼ੁਕਲਾ 'ਚੋਂ)

ਡਾ. ਰਾਹੀ ਮਾਸੂਮ ਰਜ਼ਾ।

ਨਾਸਤਿਕਤਾ ਦੀ ਜਿੱਤ !

ਨਾਸਿਕ ਦੇ ਸਵਿੱਤਰੀ ਬਾਈ ਫੂਲੇ ਸੈਕੰਡਰੀ ਸਕੂਲ 'ਚ ਕੰਮ ਕਰਦੇ ਅਧਿਆਪਕ ਸੰਜੇ ਸਾਲਵੇ ਵੱਲੋਂ ਪ੍ਰਾਰਥਨਾ ਸਭਾ 'ਚ ਸ਼ਾਮਲ ਨਾ ਹੋਣ ਕਾਰਣ ਪ੍ਰਬੰਧਕਾਂ ਵੱਲੋਂ ਉਚੇਰੇ ਗਰੇਡ ਨਾਲ ਰੋਕੀ ਗਈ ਉਸ ਦੀ ਤਨਖਾਹ ਅਦਾਲਤ ਵੱਲੋਂ ਬਹਾਲ ਕਰ ਦਿੱਤੀ ਗਈ ਹੈ। ਅਦਾਲਤ ਨੇ ਉਸ ਦੇ ਨਾਸਤਿਕ ਵਿਚਾਰਾਂ ਕਾਰਣ ਪ੍ਰਾਰਥਨਾ ਸਭਾ 'ਚ ਸ਼ਾਮਲ ਨਾ ਹੋਣ ਦੇ ਅਧਿਕਾਰ ਦੀ ਪ੍ਰੋੜਤਾ ਕੀਤੀ ਹੈ।

ਨਸ਼ਤਰਾਂ

ਭੁੱਲ ਜਾਣ ਜੋ ਸ਼ਹੀਦਾਂ ਦਾ ਕੀ ਸੁਪਨਾ,
ਉਹ ਸਾਧਾਂ ਦੇ ਧਿਆਉਂਦੇ ਸੁਪਨੇ।

**


ਧੀਆਂ ਜੰਮਣ ਤੋਂ ਪਹਿਲਾਂ ਅਸੀਂ ਮਾਰਦੇ,
ਰਾਵਣਾਂ ਦੇ ਬੁੱਤ ਸਾੜਦੇ।

**

ਧੀਆਂ ਕੁੱਖ ਵਿੱਚ ਜਿੰਨ੍ਹਾਂ ਗਾਇਬ ਕੀਤੀਆਂ,
ਉਹ ਕੰਜਕਾਂ ਖਵਾਉਣ ਚੱਲ ਪਏ।

**

ਅੰਨ੍ਹੀ ਸ਼ਰਧਾ 'ਚ ਜਿਹੜੇ ਲੋਕ ਮਰਦੇ,
ਉਨ੍ਹਾਂ ਲਈ ਖਜ਼ਾਨਾ ਖੋਲ੍ਹ ਦਿਓ।



ਜਗਸੀਰ ਜੀਦਾ
94173-33203

ਸੰਤ-ਨਾਮਾ

'ਪੂਰਨ ਸੰਤ', ਸਾਰੇ ਹੀ ਕਹਿਣ ਸੇਵਕ,
'ਸ਼ਕਤੀ' ਜਿਨ੍ਹਾਂ ਦੀ ਹੈ ਅਥਾਹ ਮੀਆਂ।
ਦਸਦੇ 'ਨਾਮ' ਨੂੰ ਦਾਰੂ-ਦੁੱਖ ਸਾਰਿਆਂ ਦਾ,
ਚਲਦੇ ਟੀ.ਵੀ. ਤੇ ਬਚਨ ਪ੍ਰਵਾਹ ਮੀਆਂ।
ਦੁੱਖ ਕੱਟ ਦੇਣ ਉਨ੍ਹਾਂ ਰੋਗੀਆਂ ਦਾ,
ਮਿਲੇ ਜਿਨ੍ਹਾਂ ਨੂੰ ਨਾ ਕਿਧਰੋਂ ਢਾਹ ਮੀਆਂ।
ਉੱਠੀ ਸੰਤਾਂ ਨੂੰ ਪੀੜ ਕਲੇਜੜੇ ਦੀ,
ਫਿਰ ਆਪਣੀ ਚੱਲੀ ਨਾ ਵਾਹ ਮੀਆਂ।
ਫ਼ਾਨੀ ਕਹਿ ਕੇ ਜਿਸ ਨੂੰ ਭੰਡਦੇ ਸੀ,
ਉਹ ਨਾ ਜੱਗ ਛੱਡਣੇ ਦੀ ਚਾਹ ਮੀਆਂ।
ਆਇਆ ਵੇਲਾ ਜਦ ਕੂਚ ਕਰਨੇ ਦਾ,
ਫੜ੍ਹਿਆ ਆਪ ਹਸਪਤਾਲ ਦਾ ਰਾਹ ਮੀਆਂ।
ਟੈਸਟ ਬੜੇ ਕੀਤੇ, ਟੀਕੇ ਬੜੇ ਲੱਗੇ।
ਦਿੱਤੀ ਨਾਲੀਆਂ ਨਾਲ ਦਵਾ ਮੀਆਂ।
'ਸੋਨੀ ਬਾਦਸ਼ਾਹ' ਸੰਤ ਜੀ ਡਾਕਟਰਾਂ ਨੇ,
ਜਾ ਬਿਰਾਜਣੋ ਲਏ ਬਚਾਅ ਮੀਆਂ।



ਵੇਦ ਪ੍ਰਕਾਸ਼ ਸੋਨੀ, 98760-36791

ਤਰਕ ਦੀ ਰੁਸ਼ਨਾਈ



ਅਗਿਆਨਤਾ ਦੇ ਹਨੇਰੇ 'ਚ ਗੁੰਮਿਆ ਮਨੁੱਖ ਕਿਸਮਤ ਕਰਮਾਂ ਦੇ ਸਹਾਰੇ ਦੀ ਤਲਾਸ਼ 'ਚ ਹੈ। ਇਸ ਰਾਹ ਤੇ ਤੁਰਦਿਆਂ ਉਸ ਨੂੰ ਹਨੇਰੇ ਦੇ ਪ੍ਰਚਾਰਕ ਝੂਠੇ ਲਾਰੇ ਲਾਉਂਦੇ ਨੇ, ਦਿਲਾਸੇ ਦਿੰਦੇ ਨੇ। ਉਨ੍ਹਾਂ ਦੇ ਪ੍ਰਵਚਨਾਂ ਹੇਠ ਆਇਆ ਮਨੁੱਖ ਆਪਣੀ ਕਿਰਤ ਕਮਾਈ ਲੁਟਾਂਉਂਦਾ ਹੈ। ਇਹ ਘੁੰਮਣ ਘੇਰੀ ਸਮਾਜ ਨੂੰ ਕੁਰਾਹੇ ਤੋਰਦੀ ਹੈ। ਇਸ ਮਾਹੌਲ 'ਚ ਗਿਆਨ ਦਾ ਚਾਨਣ ਫੈਲਾਉਣ ਤੁਰੇ ਤਰਕ ਦੇ ਰਾਹੀ ਵੀ ਜੁਗਨੂੰ ਬਣ ਕੇ ਹਨੇਰੇ ਨੂੰ ਖਿੰਡਾਉਣ ਲਈ ਯਤਨਸ਼ੀਲ ਹਨ।

ਅੰਧਵਿਸ਼ਵਾਸਾਂ ਦੀ ਦਲਦਲ 'ਚ ਫਸੀ ਜ਼ਿੰਦਗੀ ਨੂੰ ਸਹਾਰਾ ਦੇਣ ਲਈ ਉਹ ਅੱਗੇ ਆਉਂਦੇ ਹਨ। ਡੇਰਿਆਂ ਤੇ ਆਸਥਾ ਦੀਆਂ ਹੋਰ ਦੁਕਾਨਾਂ ਤੇ ਭਟਕਦੀ ਲੋਕਾਈ ਨੂੰ ਤਰਕ ਦਾ ਪਾਠ ਪੜ੍ਹਾਉਂਦੇ ਹਨ। ਜ਼ਿੰਦਗੀ ਮਜਬੂਰੀ ਵਸ ਤਾਂਤਰਿਕਾਂ, ਧਰਮ ਗੁਰੂਆਂ ਤੇ ਪ੍ਰਵਚਨ ਕਰਤਾਵਾਂ ਤੇ ਅਖੌਤੀ ਬਾਬਿਆਂ ਦੇ ਵਸ ਪੈਂਦੀ ਹੈ। ਰਾਹੋਂ ਭਟਕੀ ਜ਼ਿੰਦਗੀ ਸਕੂਨ ਦੀ ਤਲਾਸ਼ 'ਚ ਹੱਥ ਪੱਲਾ ਮਾਰਦੀ ਹੈ। ਮਨੁੱਖੀ ਮਨ ਦੀਆਂ ਪਰਤਾਂ ਰਹੱਸ 'ਚੋਂ ਚਾਨਣ ਟੋਲਦੀਆਂ ਹਨ। ਮਾਤਾ ਪਿਤਾ ਬੱਚਿਆਂ ਨੂੰ ਆਪਣੇ ਅਨੁਸਾਰ ਵੇਖਣਾ ਲੋਚਦੇ ਹਨ। ਪਤੀ ਪਤਨੀ 'ਚ ਇੱਕ ਦੂਸਰੇ ਦੀਆਂ ਭਾਵਨਾਵਾਂ ਨੂੰ ਨਾ ਸਮਝਣ ਦਾ ਕਲੇਸ਼ ਹੈ। ਨੌਜਵਾਨਾਂ ਨੂੰ ਆਪਣੇ ਸੁਪਨਿਆਂ ਦੀ ਉਡਾਣ 'ਚ ਘਰ ਦੇ ਵੱਡੇ ਰੋੜਾ ਬਣੇ ਨਜ਼ਰ ਆਉਂਦੇ ਹਨ। ਕਿਸੇ ਦਫ਼ਤਰ ਦਾ ਅਧਿਕਾਰੀ ਕਰਮਚਾਰੀਆਂ ਦੀ ਮਾਨਸਿਕ ਪ੍ਰੇਸ਼ਾਨੀ ਦਾ ਸਬੱਬ ਬਣਦਾ ਹੈ। ਇਸ ਤੋਂ ਦੁਖੀ ਹੋਇਆ ਮਨੁੱਖ ਕਿਸਮਤ ਦੇ ਝੂਠੇ ਚੱਕਰਾਂ 'ਚ ਉਲਝ ਕੇ ਆਪਣੇ ਪੈਰੀਂ ਕੁਹਾੜਾ ਮਾਰਦਾ ਹੈ।

ਤਰਕ ਦੇ ਰਾਹੀ ਆਪਣੀਆਂ ਦਲੀਲਾਂ ਨਾਲ ਲੋਕ ਮਨਾਂ ਨੂੰ ਕਾਇਲ ਕਰਦੇ ਹਨ। ਜ਼ਿੰਦਗੀ ਦਾ ਸੱਚ ਸਮਝਾਉਂਦੇ ਹਨ। ਝੂਠੇ ਸਕੂਨ ਦੀ ਥਾਂ ਤਰਕ ਦੀ ਰੁਸ਼ਨਾਈ ਨਾਲ ਜ਼ਿੰਦਗੀ ਰੁਸ਼ਨਾਉਣ ਦੇ ਗੁਰ ਦਸਦੇ ਹਨ। ਲੋਕਾਈ ਦਾ ਸਾਥ ਸਾਹਿਤ ਨਾਲ ਜੋੜਦੇ ਹਨ ਤੇ ਮਨਾਂ ਨੂੰ ਰੌਸ਼ਨ ਕਰਨ ਲਈ ਕੀ ਕਿਉਂ ਤੇ ਕਿਵੇਂ ਦੇ ਫ਼ਲਸਫ਼ੇ ਨਾਲ ਜੋੜਦੇ ਹਨ। ਅਗਿਆਨਤਾ ਖਿਲਾਫ਼ ਚਾਨਣ ਦੀਆਂ ਇਹ ਕਿਰਨਾਂ ਇੱਕ ਦਿਨ ਰੌਸ਼ਨੀਆਂ ਦੀ ਸਵੇਰ 'ਚ ਤਬਦੀਲ ਹੋਣਗੀਆਂ।

ਰਾਜਵੰਤ ਬਾਗੜੀਆਂ, 98154-68377

ਮੈਂ ਤਰਕਸ਼ੀਲ ਕਿਵੇਂ ਬਣਿਆ

ਮਨਪ੍ਰੀਤ ਸਿੰਘ ਸੈਦੋਕੇ



ਅਸੀਂ ਦੇਖਦੇ ਹੀ ਹਾਂ ਕਿ ਅੱਜ ਕੱਲ੍ਹ ਦੇ ਵਿਗਿਆਨਕ ਯੁੱਗ ਵਿੱਚ ਦੁਨੀਆਂ ਅੰਧ-ਵਿਸ਼ਵਾਸਾਂ ਵਿੱਚ ਬਹੁਤ ਫਸੀ ਹੋਈ ਹੈ। ਸਾਧੂ, ਸੰਤ, ਮਹਾਤਮਾ ਅਖਵਾਉਣ ਵਾਲੇ ਧਰਮ ਦੇ ਠੇਕੇਦਾਰ ਕਿਵੇਂ ਲੋਕਾਂ ਨੂੰ ਆਪਣੇ ਇਸ ਧਰਮ ਦੇ ਨਾਂ ਤੇ ਬੁਣੇ ਹੋਏ ਜਾਲ ਵਿੱਚ ਫਸਾਈ ਬੈਠੇ ਹਨ। ਜੋ ਕਿ ਲੋਕਾਂ ਨੂੰ ਗਲਤ ਰਸਤੇ ਤੇ ਪਾ ਰਹੇ ਹਨ ਅਤੇ ਆਪ ਮੌਜ-ਪ੍ਰਸਤੀ ਦੀ ਜ਼ਿੰਦਗੀ ਜੀ ਰਹੇ ਹਨ।

ਮੇਰੇ ਪਿਤਾ ਜੀ ਵੀ ਇਹਨਾਂ ਸਾਧੂ-ਸੰਤਾਂ ਦੀ ਬਹੁਤ ਜਿਆਦਾ ਪੂਜਾ ਕਰਦੇ ਸਨ ਅਤੇ ਉਹ ਇੱਕ ਭੂਤਾਂ ਕੱਢਣ ਦੇ ਮਾਮਲੇ ਵਿੱਚ ਪ੍ਰਸਿੱਧ ਪਹਾੜਾਂ ਵਿੱਚ ਸਥਿਤ ਬਾਬੇ ਦੀ ਜਗ੍ਹਾ ਤੇ ਜਾਂਦੇ ਸਨ। ਉਹ ਇਹ ਸਾਰਾ ਕੁੱਝ ਮੇਰੇ ਦਾਦੀ ਜੀ ਦੇ ਕਹਿਣ ਤੇ ਕਰਦੇ ਸਨ। ਮੇਰੇ ਦੋ ਚਾਚੇ ਵੀ ਉਸ ਜਗ੍ਹਾ ਤੇ ਜਾਂਦੇ ਸੀ। ਬਾਬੇ ਦੇ ਕਹਿਣ ਮੁਤਾਬਕ ਚੌਂਕੀਆਂ ਭਰਦੇ ਸਨ।

ਪਿਤਾ ਜੀ ਦੇ ਵਿਆਹ ਬਾਅਦ ਜਦ ਮੇਰੇ ਮਾਤਾ ਜੀ ਨੇ ਘਰ ਵਿੱਚ ਪ੍ਰਵੇਸ਼ ਕੀਤਾ ਤਾਂ ਮੇਰੇ ਮਾਤਾ ਜੀ ਇਹ ਸਭ ਕੁੱਝ ਦੇਖ ਕੇ ਹੈਰਾਨ ਰਹਿ ਗਏ ਕਿ ਇਹ ਸਭ ਕੀ ਕਰਦੇ ਰਹਿੰਦੇ ਹਨ? ਤਦ ਤੱਕ ਮੇਰੇ ਦਾਦੀ ਜੀ ਦਾ ਦੇਹਾਂਤ ਹੋ ਚੁੱਕਾ ਸੀ। ਪਰ ਮੇਰੇ ਪਿਤਾ ਜੀ ਦਾ ਚੌਂਕੀਆਂ ਭਰਨ ਦਾ ਰੁਝਾਨ ਉਵੇਂ ਹੀ ਸੀ। ਉਹ ਮੇਰੀ ਮਾਤਾ ਜੀ ਨੂੰ ਵੀ ਚੌਂਕੀਆਂ ਭਰਨ ਲਈ ਕਹਿੰਦੇ। ਉਹ ਇੱਕ ਮਿਹਨਤੀ ਪਰਿਵਾਰ ਨਾਲ ਸੰਬੰਧਤ ਹੋਣ ਕਰਕੇ, ਕਿਸੇ ਵੀ ਧਾਰਮਿਕ ਜਗ੍ਹਾ ਨੂੰ ਨਾ ਮੰਨ ਕੇ ਸਿਰਫ ਮਿਹਨਤ ਵਿੱਚ ਵਿਸ਼ਵਾਸ ਰੱਖਦੇ ਸਨ। ਉਹਨਾਂ ਨੇ ਚੌਂਕੀਆਂ ਭਰਨ ਤੋਂ ਇਨਕਾਰ ਕਰ ਦਿੱਤਾ। ਮੇਰੇ ਪਿਤਾ ਜੀ ਮੇਰੇ ਦੋਵੇਂ ਚਾਚਿਆਂ ਸਮੇਤ ਚੌਂਕੀਆਂ ਭਰਦੇ ਰਹੇ ਅਤੇ ਘਰ ਆ ਕੇ ਬਾਬੇ ਦੀ ਫੋਟੋ ਦੀ ਪੂਜਾ ਕਰਦੇ ਰਹੇ। ਮੈਂ ਇਹ ਨਹੀਂ ਕਹਿੰਦਾ ਕਿ ਮੇਰੇ ਮਾਤਾ ਜੀ ਬਿਲਕੁਲ ਹੀ ਰੱਬ ਨੂੰ ਨਹੀਂ ਮੰਨਦੇ ਸਨ। ਉਹ ਵੀ ਰੱਬ ਵਿੱਚ ਵਿਸ਼ਵਾਸ ਰੱਖਦੇ ਹਨ। ਉਹਨਾਂ ਨੇ ਆਪਣੇ ਮਾਪਿਆਂ ਤੋਂ ਇਹ ਸਿੱਖਿਆ ਸੀ ਕਿ ਕਿਸੇ ਵੀ ਧਾਰਮਿਕ ਸਥਾਨ ਤੇ ਜਾਣ ਦੀ ਕੋਈ ਜਰੂਰਤ ਨਹੀਂ। ਇਸ ਤਰ੍ਹਾਂ ਮੇਰੇ ਮਾਤਾ ਪਿਤਾ ਦੋਵੇਂ ਹੀ ਰੱਬ ਦੇ ਯੱਬ ਵਿੱਚ ਫਸੇ ਹੋਏ ਸਨ।

ਮੇਰੇ ਜਨਮ ਤੋਂ ਬਾਅਦ ਜਦ ਮੈਂ 5-6 ਸਾਲ ਦਾ ਹੋਇਆ ਤਾਂ ਉਦੋਂ ਤੱਕ ਮੇਰੇ ਪਿਤਾ ਜੀ ਘਰ ਦੀ ਕਬੀਲਦਾਰੀ ਵਧਣ ਕਰਕੇ ਚੌਂਕੀਆਂ ਭਰਣ ਦਾ ਕੰਮ ਛੱਡ ਚੁੱਕੇ ਸਨ ਅਤੇ ਘਰ ਵਿੱਚ ਹੀ ਧੂਫ ਬੱਤੀ ਕਰਦੇ ਰਹਿੰਦੇ ਸਨ।

ਮੇਰੇ ਮਾਤਾ ਪਿਤਾ ਇੱਕ ਦੇਵੀ ਦੀ ਫੋਟੋ ਦੀ ਪੂਜਾ ਵੀ ਕਰਦੇ ਸਨ। ਇਹ ਪੂਜਾ ਉਹ ਮੰਗਲਵਾਰ ਨੂੰ ਕਰਦੇ ਸਨ ਤੇ ਪਤਾਸੇ ਵੰਡਦੇ ਸਨ। ਬੱਚਾ ਆਪਣੇ ਮਾਤਾ ਪਿਤਾ ਤੋਂ ਹੀ ਸਭ ਸਿੱਖਦਾ ਹੈ। ਮੈਂ ਵੀ ਉਸ ਦੇਵੀ ਦੀ ਹਰ ਮੰਗਲਵਾਰ ਪੂਜਾ ਕਰਨ ਲੱਗਾ। ਮੈਂ ਉਸ ਦੇਵੀ ਦੀ ਪੂਜਾ ਕਰਦਾ ਤੇ ਪਤਾਸੇ ਵੰਡਦਾ। ਮੈਨੂੰ ਲੱਗਦਾ ਸੀ ਕਿ ਮੈਂ ਬਹੁਤ ਹੀ ਵਧੀਆ ਕੰਮ ਕਰ ਰਿਹਾ ਹਾਂ।

ਸਾਲ 1993 ਵਿੱਚ ਮੇਰੇ ਪਿਤਾ ਜੀ ਦੀ ਬਦਲੀ ਪਿੰਡ ਸੈਦੋਕੇ (ਮੋਗਾ) ਦੀ ਹੋ ਗਈ ਅਤੇ ਅਸੀਂ ਸਾਰੇ ਆਪਣੇ ਪਰਿਵਾਰ ਸਮੇਤ ਪਿੰਡ ਸੈਦੋਕੇ ਵਿਖੇ ਇੱਕ ਕਿਰਾਏ ਦੇ ਮਕਾਨ ਵਿੱਚ ਰਹਿਣ ਲੱਗੇ। ਮੇਰਾ ਦੇਵੀ ਵੀ ਪੂਜਾ ਹਰ ਮੰਗਲਵਾਰ ਨੂੰ ਕਰਨ ਦਾ ਕੰਮ ਉਵੇਂ ਜਾਰੀ ਸੀ। ਫਿਰ ਇੱਕ ਦਿਨ ਸਾਡੇ ਪਿੰਡ ਸੈਦੋਕੇ ਵਿਖੇ ਤਰਕਸ਼ੀਲ ਸੁਸਾਇਟੀ ਬਰਨਾਲਾ ਵੱਲੋਂ ਇੱਕ ਤਰਕਸ਼ੀਲ ਮੇਲਾ ਕਰਵਾਇਆ ਗਿਆ। ਮੇਰੇ ਪਿਤਾ ਜੀ ਦੇ ਪਿੰਡ ਵਿੱਚ ਦੋਸਤ, ਜੋ ਕਿ ਪਹਿਲਾਂ ਹੀ ਤਰਕਸ਼ੀਲ ਸੁਸਾਇਟੀ ਨਾਲ ਜੁੜੇ ਹੋਏ ਸਨ, ਉਹਨਾਂ ਨੂੰ ਉਸ ਮੇਲੇ ਵਿੱਚ ਲੈ ਕੇ ਗਏ ਅਤੇ ਉਹਨਾਂ ਨੇ ਵਿਚਾਰ ਸੁਣੇ ਤਾਂ ਉਹਨਾਂ ਵਿਚਾਰਾਂ ਨੇ ਮੇਰੇ ਪਿਤਾ ਜੀ ਦੇ ਦਿਮਾਗ ਤੇ ਬਹੁਤ ਅਸਰ ਕੀਤਾ। ਉਹਨਾਂ ਨੂੰ ਇੱਕ ਕਿਤਾਬ ਮੇਲੇ ਵਿੱਚ ਮਿਲੀ ਜਿਸਦਾ ਨਾਮ ਸੀ 'ਤੇ ਦੇਵ ਪੁਰਸ਼ ਹਾਰ ਗਏ, ਉਹਨਾਂ ਨੇ ਉਹ ਕਿਤਾਬ ਪੜ੍ਹੀ ਤਾਂ ਉਹਨਾਂ ਨੂੰ ਸਮਝ ਆ ਗਿਆ ਕਿ ਇਹਨਾਂ ਅੰਧ-ਵਿਸ਼ਵਾਸਾਂ ਵਿੱਚ ਕੁੱਝ ਨਹੀਂ ਪਿਆ।

ਬਾਅਦ ਵਿੱਚ ਮੇਰੇ ਪਿਤਾ ਜੀ ਨੇ ਸਾਨੂੰ ਸਾਰਿਆਂ ਨੂੰ ਉਹਨਾਂ ਗੱਲਾਂ ਤੋਂ ਜਾਣੂ ਕਰਵਾਇਆ ਅਤੇ ਇਸ ਕਿਤਾਬ ਨੇ ਸਾਡੇ ਸਾਰੇ ਪਰਿਵਾਰ ਦੀ ਸੋਚ ਵਿਗਿਆਨਕ ਬਣਾ ਦਿੱਤੀ ਅਤੇ ਅਸੀਂ ਸਾਰੇ ਹੀ ਤਰਕਸ਼ੀਲ ਸੁਸਾਇਟੀ ਨਾਲ ਜੁੜ ਗਏ।

ਸਾਲ 2000 ਵਿੱਚ ਮੈਂ ਦਸਵੀਂ ਕਲਾਸ ਵਿੱਚ ਹੋ ਗਿਆ। ਇੱਕ ਦਿਨ ਮੇਰੇ ਪਿਤਾ ਜੀ ਇੱਕ ਸਰਕਾਰੀ ਕਰਮਚਾਰੀ ਹੋਣ ਕਰਕੇ ਡਿਊਟੀ ਤੇ ਸਨ ਤਾਂ ਉਹਨਾਂ ਦਾ ਇੱਕ ਖਾਸ ਦੋਸਤ ਜੋ ਕਿ ਮੋਗਾ ਤੋਂ

ਹੈ, ਮੇਰੇ ਪਿਤਾ ਜੀ ਕੋਲ ਆਇਆ ਤੇ ਕਹਿਣ ਲੱਗਿਆ ਕਿ ਮੇਰੇ ਘਰ ਵਾਲੀ ਦਾ ਸਿਰ ਦੁੱਖਦਾ ਰਹਿੰਦਾ। ਚੱਲ ਆਪਾਂ ਸੰਤਾਂ ਤੋਂ ਤਵੀਤ ਕਰਵਾ ਕੇ ਲੈ ਆਈਏ। ਪਿਛਲੀ ਵਾਰ ਮੈਂ ਸੰਤਾਂ ਤੋਂ ਤਵੀਤ ਲਿਆਇਆ ਸੀ ਤੇ ਘਰਵਾਲੀ ਦਾ ਸਿਰ ਠੀਕ ਹੋ ਗਿਆ ਸੀ।

ਮੇਰੇ ਪਿਤਾ ਜੀ, ਜੋ ਕਿ ਹੁਣ ਇਹਨਾਂ ਤਵੀਤਾਂ ਜਾਂ ਸਾਧਾਂ ਸੰਤਾਂ ਦੀਆਂ ਚਾਲਾਂ ਤੋਂ ਜਾਣੂੰ ਹੋ ਗਏ ਸੀ। ਆਪਣੇ ਉਸ ਦੋਸਤ ਨੂੰ ਸਮਝਾਉਣ ਲੱਗੇ ਕਿ ਇਹਨਾਂ ਅੰਧ ਵਿਸ਼ਵਾਸੀ ਗੱਲਾਂ ਵਿੱਚ ਕੁਝ ਨਹੀਂ ਪਿਆ। ਤੂੰ ਆਪਣੀ ਘਰਵਾਲੀ ਨੂੰ ਕਿਸੇ ਚੰਗੇ ਡਾਕਟਰ ਨੂੰ ਵਿਖਾ ਤਾਂ ਪਿਤਾ ਜੀ ਦਾ ਦੋਸਤ ਕਹਿਣ ਲੱਗਾ ਕਿ ਮੇਰੀ ਘਰਵਾਲੀ ਨੇ ਹੀ ਕਿਹਾ ਹੈ ਕਿ ਮੈਂ ਤਾਂ ਉਹਨਾਂ ਸੰਤਾਂ ਦੇ ਤਵੀਤ ਨਾਲ ਹੀ ਠੀਕ ਹੋ ਜਾਵਾਂਗੀ।

ਫਿਰ ਮੇਰੇ ਪਿਤਾ ਜੀ ਨੇ ਕੁੱਝ ਸੋਚਿਆ ਤੇ ਆਪਣੇ ਦੋਸਤ ਨੂੰ ਕਹਿਣ ਲੱਗੇ ਕਿ ਚੱਲ ਠੀਕ ਆ। ਤੂੰ ਇੱਥੇ ਬੈਠ ਮੈਂ ਤਵੀਤ ਲੈ ਕੇ ਆਉਣਾ। ਮੇਰੇ ਪਿਤਾ ਜੀ ਨੇ ਇੱਕ ਸਾਈਡ ਤੇ ਜਾ ਕੇ ਕਾਗਜ਼ ਦੇ ਟੁਕੜੇ ਤੇ ਕੁੱਝ ਨੰਬਰ ਜਿਹੇ ਲਿਖ ਕੇ ਉਸਨੂੰ ਚੰਗੀ ਤਰ੍ਹਾਂ ਲਪੇਟ ਦਿੱਤਾ, ਇੱਕ ਧਾਗੇ ਨਾਲ ਬੰਨ ਦਿੱਤਾ ਅਤੇ ਇੱਕ ਤਵੀਤ ਤਿਆਰ ਕਰ ਦਿੱਤਾ। ਥੋੜੇ ਟਾਇਮ ਬਾਅਦ ਮੇਰੇ ਪਿਤਾ ਜੀ ਆਪਣੇ ਦੋਸਤ ਕੋਲ ਆ ਕੇ ਕਹਿਣ ਲੱਗੇ। ਚੱਲ ਮੈਂ ਵੀ ਤੇਰੇ ਨਾਲ ਤੇਰੇ ਘਰ ਚਲਦਾ ਹਾਂ, ਤਵੀਤ ਮੇਰੇ ਕੋਲ ਹੈ। ਥੋੜ੍ਹੇ ਹੀ ਟਾਈਮ ਬਾਅਦ ਦੋਵੇਂ ਘਰ ਪਹੁੰਚ ਗਏ।

ਪਿਤਾ ਜੀ ਨੇ ਆਪਣੀ ਜੇਬ ਵਿੱਚੋਂ ਤਵੀਤ ਕੱਢ ਕੇ ਦੋਸਤ ਦੀ ਘਰਵਾਲੀ ਦੇ ਹੱਥ ਵਿੱਚ ਫੜਾ ਦਿੱਤਾ ਜੋ ਕਿ ਘਰ ਵਿੱਚ ਮੰਜੇ ਤੇ ਆਪਣੇ ਸਿਰ ਤੇ ਚੁੰਨੀ ਬੰਨ ਕੇ ਪਈ ਹੋਈ ਸੀ ਤੇ ਕਿਹਾ ਕਿ ਬਾਬਿਆਂ ਨੇ ਕਿਹਾ ਕਿ ਇਸ ਤਵੀਤ ਨੂੰ ਧੂਪ ਕਰਕੇ ਗਲ ਵਿੱਚ ਪਾਉਣਾ ਹੈ। ਉਸ ਨੇ ਉਵੇਂ ਹੀ ਕੀਤਾ। ਤਵੀਤ ਨੂੰ ਜਪ ਕਰਕੇ ਦੋਸਤ ਦੇ ਘਰਵਾਲੀ ਨੇ ਗਲ ਵਿੱਚ ਪਾ ਲਿਆ ਤੇ ਪੰਜਾਂ ਮਿੰਟਾਂ ਬਾਅਦ ਉਹ ਮੰਜੇ ਤੋਂ ਉੱਠ ਖੜੀ ਹੋਈ ਤੇ ਸਿਰ ਤੇ ਬੰਨੀ ਹੋਈ ਚੁੰਨੀ ਲਾਹ ਦਿੱਤੀ ਤੇ ਕਹਿਣ ਲੱਗੀ ਕਿ ਮੈਂ ਕਿਹਾ ਸੀ ਨਾ ਕਿ ਉਹਨਾਂ ਬਾਬਿਆਂ ਦੇ ਤਵੀਤ ਨਾਲ ਠੀਕ ਹੋ ਜਾਵਾਂਗੀ। ਤਦ ਮੇਰੇ ਪਿਤਾ ਜੀ ਨੇ ਦੱਸਿਆ ਕਿ ਇਹ ਤਵੀਤ ਤਾਂ ਮੈਂ ਆਪ ਬਣਾਇਆ ਸੀ। ਤਾਂ ਉਹ ਦੋਸਤ ਤੇ ਉਸਦੇ ਘਰਵਾਲੀ ਦੋਵੇਂ ਹੀ ਹੈਰਾਨ ਰਹਿ ਗਏ। ਪਿਤਾ ਜੀ ਨੇ ਸਮਝਾਇਆ ਕਿ ਘਰ ਵਿੱਚ ਕੰਮ ਜਿਆਦਾ ਕਰਨ ਕਰਕੇ ਸਾਨੂੰ ਥਕਾਵਟ ਹੋ ਜਾਂਦੀ ਹੈ। ਇਸੇ ਕਰਕੇ ਹੀ ਸਾਡਾ ਸਿਰ ਦਰਦ ਕਰਦਾ ਹੈ ਅਤੇ ਇਸ ਤੋਂ ਛੁਟਕਾਰਾ ਪਾਉਣ ਲਈ ਸਾਨੂੰ ਆਰਾਮ ਦੀ ਜਰੂਰਤ ਹੁੰਦੀ ਹੈ ਅਤੇ ਸਾਨੂੰ ਕੁੱਝ ਟਾਇਮ ਆਰਾਮ ਕਰ ਲੈਣਾ ਚਾਹੀਦਾ ਹੈ। ਇਹ ਗੱਲ ਸੁਣ ਕੇ ਦੋਵੇਂ ਸਮਝ ਗਏ ਸੀ ਕਿ ਇਹ ਸਾਰਾ ਸਾਡਾ ਅੰਧ-ਵਿਸ਼ਵਾਸ ਹੀ ਹੁੰਦਾ ਹੈ ਕਿ ਕਿਸੇ ਸਾਧ ਸੰਤ ਦੇ ਤਵੀਤ ਨਾਲ ਅਸੀਂ ਠੀਕ ਹੋ ਜਾਂਦੇ ਹਾਂ।

ਘਰ ਵਿੱਚ ਤਰਕਸ਼ੀਲ ਸਾਹਿਤ ਹੋਣ ਕਰਕੇ ਅਤੇ ਮੈਂ +1 ਵਿੱਚ ਨਾਨ ਮੈਡੀਕਲ (Non-Medical) ਰੱਖਣ ਕਰਕੇ ਇਹ ਸਾਰੇ ਅੰਧ-ਵਿਸ਼ਵਾਸਾਂ ਤੋਂ ਜਾਣੂ ਹੋ ਗਿਆ ਸੀ। ਮੈਂ ਵੀ ਹੁਣ ਦੇਵੀ ਦੀ ਫੋਟੋ ਦੀ ਪੂਜਾ ਕਰਨੋਂ ਹਟ ਗਿਆ ਸੀ। ਮੈਨੂੰ ਪਤਾ ਲੱਗ ਗਿਆ ਸੀ ਕਿ ਧੂਪ ਰਬੜ ਤੋਂ ਬਣਦੀ ਹੈ ਤੇ ਇਸ ਦੇ ਧੂੰਏ ਨਾਲ ਸਾਨੂੰ ਕੈਂਸਰ ਹੋਣ ਦਾ ਖਤਰਾ ਹੈ।

ਹੁਣ ਮੈਂ ਐੱਮ-ਟੈੱਕ ਇਲੈਕਟ੍ਰਾਨਿਕਸ ਦਾ ਵਿਦਿਆਰਥੀ ਹਾਂ ਅਤੇ ਮੈਂ ਪੂਰੀ ਤਰ੍ਹਾਂ ਤਰਕਸ਼ੀਲ ਸੁਸਾਇਟੀ ਨਾਲ ਜੁੜ ਚੁੱਕਾ ਹਾਂ। ਮੇਰੀ ਪੂਰੀ ਕੋਸ਼ਿਸ਼ ਹੁੰਦੀ ਹੈ ਕਿ ਮੈਂ ਵੱਧ ਤੋਂ ਵੱਧ ਲੋਕਾਂ ਨੂੰ ਅੰਧ-ਵਿਸ਼ਵਾਸਾਂ ਵਿੱਚੋਂ ਕੱਢ ਸਕਾਂ। ਮੈਂ ਆਪਣੀ ਜ਼ਿੰਦਗੀ ਆਪਣੀ ਮਿਹਨਤ ਨਾਲ ਅਤੇ ਲੋਕਾਂ ਦੇ ਬਣਾਏ ਹੋਏ ਰੱਬ ਤੋਂ ਬਿਨਾਂ ਬਿਤਾ ਰਿਹਾ ਹਾਂ।

ਮੈਂ ਇਸੇ ਤਰ੍ਹਾਂ ਨਾਲ ਹੀ ਤਰਕਸ਼ੀਲ ਸੁਸਾਇਟੀ ਨਾਲ ਮਿਲ ਕੇ ਲੋਕਾਂ ਨੂੰ ਇਹਨਾਂ ਸਮਾਜਿਕ ਕੁਰੀਤੀਆਂ ਜਿਵੇਂ ਕਿ ਦਾਜ ਦਹੇਜ, ਭਰੂਣ ਹੱਤਿਆ, ਅੰਧ-ਵਿਸ਼ਵਾਸਾਂ, ਟੌਹਰ ਬਣਾਉਣ ਲਈ ਚਾਦਰ ਤੋਂ ਜਿਆਦਾ ਪੈਰ ਪਸਾਰਨ ਵਰਗੀਆਂ ਲਾਹਨਤਾਂ ਵਿੱਚੋਂ ਕੱਢਣ ਵਿੱਚ ਮਦਦ ਕਰਦਾ ਰਹਾਂਗਾ।

ਚੰਡੀਗੜ੍ਹ ਇੰਜਨੀਅਰਿੰਗ ਕਾਲਜ, ਲਾਂਡਰਾਂ
94638-39049

ਰਾਸ਼ਟਰੀ ਸੂਖਮ-ਜੀਵ ਦੀ ਤਾਜਪੋਸ਼ੀ



ਜਸਵੰਤ ਮੋਹਾਲੀ

ਸਾਡੇ ਆਲੇ ਦੁਆਲੇ ਕਈ ਅਜਿਹੇ ਜੀਵ ਹਨ ਜੋ ਨੰਗੀ ਅੱਖ ਨਾਲ ਦਿਖਾਈ ਨਹੀਂ ਦਿੰਦੇ। ਅਜਿਹੇ ਜੀਵਾਂ ਨੂੰ ਸੂਖਮਦਰਸ਼ੀ (Microscope) ਨਾਲ ਦੇਖਿਆ ਜਾ ਸਕਦਾ ਹੈ। ਇਨ੍ਹਾਂ ਜੀਵਾਂ ਨੂੰ ਸੂਖਮਜੀਵ (Microbe) ਅਤੇ ਇਨ੍ਹਾਂ ਦੇ ਅਧਿਐਨ ਨੂੰ ਸੂਖਮਜੀਵ ਵਿਗਿਆਨ (Microbiology) ਕਿਹਾ ਜਾਂਦਾ ਹੈ।

ਬੈਕਟੀਰੀਆ, ਵਿਸ਼ਾਣੂ (Virus), ਕਾਈ (Algae), ਉੱਲੀ (Fungi) ਅਤੇ ਪ੍ਰੋਟੋਜ਼ੋਆ ਆਦਿ ਕੁੱਝ ਅਜਿਹੇ ਸੂਖਮ ਜੀਵ ਹਨ ਜਿਨ੍ਹਾਂ 'ਚੋਂ ਕੁੱਝ ਸਾਡੇ ਲਈ ਲਾਭਦਾਇਕ ਹਨ ਅਤੇ ਕੁੱਝ ਹਾਨੀਕਾਰਕ। ਇਨ੍ਹਾਂ ਦਾ ਨਿਵਾਸ ਸਥਾਨ ਮਿੱਟੀ, ਹਵਾ, ਬੰਦੇ ਅਤੇ ਜਾਨਵਰਾਂ ਦੇ ਸਰੀਰ, ਝੀਲਾਂ, ਛੱਪੜ, ਸਮੁੰਦਰ ਆਦਿ ਕੁੱਝ ਵੀ ਹੋ ਸਕਦਾ ਹੈ। ਇਨ੍ਹਾਂ ਦੀਆਂ ਕ੍ਰੋੜਾਂ ਕਿਸਮਾਂ ਹਨ। ਇਕੱਲੀ ਉੱਲੀ ਦੀਆਂ ਕੋਈ 80000 ਪ੍ਰਜਾਤੀਆਂ ਹਨ।

ਮੇਰਾ ਇਹ ਸਾਰੀ ਉਪਰੋਕਤ ਜਾਣਕਾਰੀ ਦੇਣ ਦਾ ਮਕਸਦ ਏਨਾ ਹੀ ਹੈ ਕਿ ਅਕਸਰ ਜਦੋਂ ਜੈਵ-ਵਿਭਿੰਨਤਾ ਦੀ ਗੱਲ ਚੱਲਦੀ ਹੈ ਤਾਂ ਪ੍ਰਤੱਖ ਦਿਸਦਾ ਜੈਵਿਕ-ਸੰਸਾਰ ਹੀ ਸਾਡੇ ਮਨਾਂ ਵਿੱਚ ਉੱਭਰਦਾ ਹੈ। ਪਰ ਸੈਂਟਰ ਫਾਰ ਐਨਵਾਇਰਨਮੈਂਟ ਐਂਡ ਐਜੂਕੇਸ਼ਨ (CEE) ਨੇ ਨਿੱਕਿਆਂ ਜੀਵਾਂ (Microbes) ਦੀ ਵੀ ਸਾਰ ਲਈ ਹੈ।

ਇਹ ਤਾਂ ਤੁਸੀਂ ਸਾਰੇ ਜਾਣਦੇ ਹੋ ਕਿ ਸਾਡਾ ਕੌਮੀ ਜਾਨਵਰ-ਚੀਤਾ, ਕੌਮੀ ਪੰਛੀ-ਮੋਰ, ਕੌਮੀ ਫੁੱਲ-ਕਮਲ ਹੈ। CEE ਨੇ ਸੋਚਿਆ ਤਾਂ "ਕਿਉਂ ਨਾ ਹੋਵੇ ਭਾਰਤ ਦਾ ਇੱਕ ਕੌਮੀ ਸੂਖਮ-ਜੀਵਾਣੂ (National Microbe) ਵੀ?" ਪਿਛਲੇ ਦਿਨੀਂ ਇਸ ਕੰਮ ਲਈ ਕੱਢਿਆ ਸੈਂਟਰ ਫਾਰ ਐਨਵਾਇਰਨਮੈਂਟ ਐਂਡ ਐਜੂਕੇਸ਼ਨ ਦਾ ਇੱਕ ਪੋਸਟਰ ਨਜ਼ਰੀਂ ਪਿਆ। ਜਦੋਂ ਜੀਵ-ਵਿਭਿੰਨਤਾ ਨੂੰ ਬਚਾਉਣ ਦੀ ਗੱਲ ਚੱਲਦੀ ਹੈ ਤਾਂ ਸੂਖਮ ਜੀਵਾਂ ਦੀ ਮਹੱਤਤਾ ਵੀ ਉਨੀ ਹੀ ਹੈ ਜਿੰਨੀ ਕਿ ਦੂਜੇ ਜੀਵਾਂ ਦੀ। ਪਰ ਕਿਸ ਸੂਖਮ-ਜੀਵਾਣੂ ਨੂੰ ਬਣਾਇਆ ਜਾਵੇ ਕੌਮੀ ਸੂਖਮ-ਜੀਵਾਣੂ? ਇਸ ਲਈ ਲੋਕਤੰਤਰੀ ਤਰੀਕਾ ਅਪਣਾਇਆ ਗਿਆ। ਮਾਹਿਰਾਂ ਦੀ ਟੀਮ ਨੇ ਅੱਠ ਸੂਖਮ-ਜੀਵਾਣੂ ਭੇਜੇ ਸਨ ਚੋਣ ਮੈਦਾਨ ਵਿੱਚ। ਆਪਣੇ ਛੋਟੇ ਪਰ ਸੱਚੇ ਦਾਅਵੇ ਤੇ ਚੋਣ ਮੈਨੀਫੈਸਟੋ ਲੈ ਕੇ ਇਹ ਸੂਖਮ-ਜੀਵ ਹਾਜ਼ਰ ਹੋਏ ਵੋਟਰਾਂ ਦੇ ਸਾਹਮਣੇ। ਆਉ ਸੁਣੀਏਂ ਇਨ੍ਹਾਂ ਦਾ ਚੋਣ ਪ੍ਰਚਾਰ:-

1. ਮਿਊਕਰ - (Rhizomucor pusillus)



ਮੈਂ ਹਾਂ ਮਾਈਟੀ (ਤਾਕਤਵਰ) ਮਿਊਕਰ। ਮੈਂ ਇੱਕ ਫਫੂੰਦੀ (Fungus) ਹਾਂ। ਮੈਂ ਨਰਮ ਫੁੱਲਿਆ ਹੋਇਆ ਦਿਸਦਾ ਹਾਂ, ਪਰ ਮੈਂ ਕਮਜ਼ੋਰ ਨਹੀਂ ਹਾਂ। ਮੈਂ ਭਾਰੀਆਂ-ਭਾਰੀਆਂ ਚੀਜ਼ਾਂ ਜਿਵੇਂ ਲੱਕੜੀ ਅਤੇ ਕਾਰਡਬੋਰਡ ਨੂੰ ਤੋੜ ਸਕਦਾ ਹਾਂ। ਸਾਡੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਫੈਲੇ ਕੂੜੇ ਦੇ ਢੇਰ ਨੂੰ ਖਤਮ ਕਰਨ ਲਈ ਤੁਹਾਨੂੰ ਮੇਰੀ ਜ਼ਰੂਰਤ ਹੋਏਗੀ। ਮੈਂ ਤੁਹਾਡੀਆਂ ਕਾਰਾਂ ਦੇ ਨਵੇਂ ਈਂਧਨ 'ਇਥਨੋਲ' ਦਾ ਸ੍ਰੋਤ ਹਾਂ। ਤੁਹਾਡੀ ਯਾਤਰਾ ਥੋੜ੍ਹੀ ਔਖੀ ਜ਼ਰੂਰ ਹੋਵੇਗੀ ਜੇ ਤੁਸੀਂ ਸਹੀ ਵੋਟ ਨਹੀਂ ਪਾਉਗੇ।

2. ਰਾਈਜ਼ੋਬੀਅਮ - (Rhizobium leguminosarum)



ਬੇਸ਼ੱਕ ਮੈਂ ਇੱਕ ਬੈਕਟੀਰੀਆ, ਕਿਰਾਏ ਦੇ ਮਕਾਨ ਵਿੱਚ ਰਹਿੰਦਾ ਹਾਂ ਜੋ ਲੇਗਾਮਿਊਨਸ (ਫਲੀਦਾਰ) ਪੌਦਿਆਂ ਦੀਆਂ ਜੜ੍ਹਾਂ ਹਨ। ਮੈਂ ਨਾਈਟ੍ਰੋਜਨ ਦਾ ਸਥਿਰੀਕਰਣ ਕਰਕੇ ਚੰਗਾ ਕਿਰਾਇਆ ਦਿੰਦਾ ਹਾਂ ਜਿਸ ਵਿੱਚ ਮੇਰੇ ਮਕਾਨ ਯਾਨਿ ਪੌਦਿਆਂ ਦੀਆਂ ਜੜ੍ਹਾਂ ਅਤੇ ਉਸ ਜ਼ਮੀਨ ਦੇ ਪ੍ਰੋਟੀਨ ਦੀ ਜ਼ਰੂਰਤ ਪੂਰੀ ਹੋ ਜਾਂਦੀ ਹੈ। ਮੈਂ ਉਤਾਵਲਾ ਹਾਂ ਮੈਨੂੰ ਵੋਟ ਜ਼ਰੂਰ ਦਿਉ।

3. ਨੀਲਾ ਫਫੂੰਦ - (Penicillium Notatum)





Bold Blue Mold

ਲੋਕ ਕਹਿੰਦੇ ਹਨ ਕਿ ਮੈਂ ਭੋਜਨ ਨੂੰ ਖਰਾਬ ਕਰ ਦਿੰਦਾ ਹਾਂ । ਪਰ ਮੈਂ ਕਹਿੰਦਾ ਹਾਂ ਕਿ ਮੈਂ ਪ੍ਰਭਾਵੀ ਖਾਦ ਬਣਾਉਣ ਵਾਲਾ ਹਾਂ, ਮੈਨੂੰ ਪ੍ਰਤੀਜੈਵਿਕ ਪੈਨਸੀਲੀਨ ਬਣਾਉਣ ਵਿੱਚ ਵੀ ਪ੍ਰਯੋਗ ਕੀਤਾ ਜਾਂਦਾ ਹੈ ਜੋ ਕਈ ਰੋਗਾਂ ਵਿੱਚ ਪ੍ਰਭਾਵੀ ਦਵਾਈ ਦੀ ਤਰ੍ਹਾਂ ਪ੍ਰਯੋਗ ਕੀਤਾ ਜਾਂਦਾ ਹੈ । ਇਸ ਲਈ ਮੈਂ ਹਾਂ ਦਬੰਗ ਨੀਲਾ ਫਫੂੰਦ, ਮੈਨੂੰ ਵੋਟ ਦੇਣਾ ਨਾ ਭੁੱਲਣਾ ਅਤੇ ਠੰਡ ਵਿੱਚ ਨਾ ਛੱਡਣਾ ।

4. ਜੰਗਲੀ ਯੀਸਟ ਜਾਂ ਖਮੀਰ (Saccharomyces paradoxus)



Wily Wild Yeast

ਮੈਂ ਚੁੱਪ ਕਰਕੇ ਮਾਂਹ ਦੀ ਦਾਲ ਦੀ ਪਰਤ ਵਿੱਚ ਥੱਲੇ ਜਾ ਕੇ ਇਡਲੀ ਦੇ ਘੋਲ ਨੂੰ ਫੁਲਾ ਦਿੰਦਾ ਹਾਂ । ਜਦਕਿ ਮੈਂ ਵਿਟਾਮਿਨ ਨਾਲ ਭਰਪੂਰ ਹਾਂ । ਮੈਂ ਹਾਂ ਕਪਟੀ ਜੰਗਲੀ ਖਮੀਰ। ਮੇਰੇ ਵਰਗੇ ਰਹੱਸਮਈ ਨੂੰ ਵੋਟ ਦਿਉ, ਫਿਰ ਦੇਖੋ ਕੀ ਹੁੰਦਾ ਹੈ ?

5. ਬੈਕਟੀਰਿਓਫੇਜ਼ ਟੀ- 4-



Captain Phago

ਅਸੀਂ ਬੈਕਟੀਰੀਆ ਨਾਲੋਂ ਸ਼ਾਇਦ 100 ਗੁਣਾ ਛੋਟੇ ਹੁੰਦੇ ਹਾਂ ਪਰ ਗੰਗਾ ਨੂੰ ਅਸੀਂ ਸ਼ਕਤੀ ਦਿੰਦੇ ਹਾਂ । ਅਸੀਂ ਉਹ ਜਾਦੂਗਰ ਹਾਂ ਜੋ ਟੌਕਸਿਨ (ਜ਼ਹਿਰ) ਨੂੰ ਗਾਇਬ ਕਰਕੇ ਨਦੀਆਂ ਦੀ ਸ਼ੁੱਧਤਾ ਨੂੰ ਬਚਾਉਂਦੇ ਹਾਂ ਤਾਂ ਕੈਪਟਨ ਫੈਗੋ ਦੀ ਟੋਲੀ ਨੂੰ ਵੋਟ ਦਿਉ ਅਤੇ ਦੇਖੋ ਕਿ ਕਿਸ ਤਰ੍ਹਾਂ ਕੰਟਰੋਲ ਅਸੀਂ ਆਪਣੇ ਹੱਥਾਂ ਵਿੱਚ ਲੈ ਲੈਂਦੇ ਹਾਂ ।

6. ਸਨੀ ਸਪਾਇਰੋ (Spirogyra hyaline)



Sunny Spiro

ਮੈਂ ਹਾਂ ਮਸਤਮੌਲਾ ਹਰਾ ਨਾਇਕ ਜੋ ਸਾਫ ਪਾਣੀ ਦੀਆਂ ਝੀਲਾਂ ਅਤੇ ਤਲਾਬਾਂ 'ਤੇ ਤੈਰਦਾ ਰਹਿੰਦਾ ਹੈ । ਮੈਂ ਸੂਰਜ ਦੀ ਰੋਸ਼ਨੀ ਵਿੱਚ, ਕਾਰਬਨ ਨੂੰ ਸੋਖਣ ਅਤੇ ਜਲਵਾਯੂ ਪਰਿਵਰਤਨ ਦੀ ਉਦਾਸੀ ਨੂੰ ਦੂਰ ਭਜਾਉਂਦਾ ਹਾਂ । ਮੈਂ 21ਵੀਂ ਸ਼ਤਾਬਦੀ ਦਾ ਖੁਸ਼ ਮਿਜਾਜ ਸਪਾਇਰੋ ਹਾਂ । ਜੇ ਤੁਸੀਂ ਮੈਨੂੰ ਵੋਟ ਨਹੀਂ ਦਿਉਗੇ ਤਾਂ ਧਰਤੀ ਦਾ ਨੁਕਸਾਨ ਕਰੋਗੇ ਅਤੇ ਧਰਤੀ ਬਹੁਤ ਗਰਮ ਹੋ ਜਾਵੇਗੀ ।


7. ਕਿੰਗ ਕੋਲਾਈ (Escherichia coli K-12)



King Coli

ਮੈਂ ਆਂਦਰਾਂ ਦਾ ਰਾਜਾ ਹਾਂ । ਮੈਂ ਏਨੀ ਤੇਜ਼ੀ ਨਾਲ ਵਧਦਾ ਹਾਂ ਕਿ ਸਾਰੇ ਗੰਦੇ ਕੀੜਿਆਂ ਨੂੰ ਮਾਰ ਦਿੰਦਾ ਹਾਂ, ਮੇਰਾ ਸਿਰਫ ਭਾਰ ਹੀ ਨਹੀਂ ਹੈ ਤਾਕਤ ਵੀ ਹੈ । ਮੈਂ ਇੱਕ ਮਹੱਤਵਪੂਰਣ ਵਿਟਾਮਿਨ ਬਣਾਉਂਦਾ ਹਾਂ ਜਿਸ ਦੇ ਬਿਨਾਂ ਤੁਸੀਂ ਕਮਜ਼ੋਰ ਹੋ ਜਾਵੋਗੇ ਅਤੇ ਤੁਹਾਡੀ ਰੋਗਾਂ ਨਾਲ ਲੜਨ ਦੀ ਸ਼ਕਤੀ ਬਹੁਤ ਘਟ ਜਾਵੇਗੀ । ਮੈਂ ਹਾਂ ਮਹਾਨ ਰਾਜਾ ਕੋਲਾਈ । ਮੈਨੂੰ ਤੁਹਾਡਾ ਵੋਟ ਚਾਹੀਦਾ ਹੈ ਭਾਵੇਂ ਤੁਸੀਂ ਵੋਟ ਦੇਣ ਲਈ ਛੋਟੀ ਉਮਰ ਦੇ ਕਿਉਂ ਨਾ ਹੋਵੋ ।

8. ਲੌਂਗੀ ਲੈਕਟੋ (Lactobacillus bacteria)-



Longy Lacto

ਕੀ ਤੁਸੀਂ ਜਾਣਦੇ ਹੋ ਕਿ ਸਵਾਦੀ ਦਹੀਂ ਅਤੇ ਪਨੀਰ ਕੌਣ ਬਣਾਉਂਦਾ ਹੈ? ਕੌਣ ਤੁਹਾਡੀਆਂ ਆਂਦਰਾਂ ਨੂੰ ਸਿਹਤਮੰਦ ਅਤੇ ਗੰਦੇ ਕਿਟਾਣੂਆਂ ਤੋਂ ਦੂਰ ਭਜਾਉਂਦਾ ਹੈ? ਉਹ ਮੈਂ ਹਾਂ, ਲੰਬੇ ਲੈਕਟੋ ਨੂੰ ਵੋਟ ਦਿਉ । ਇਹ ਸਾਰੇ ਡਾਕਟਰ ਕਹਿੰਦੇ ਹਨ ।


ਜ਼ਾਹਿਰ ਹੈ ਇਸ ਅਦਭੁਤ ਚੋਣ ਪ੍ਰਕਿਰਿਆ ਵਿੱਚ ਪੜ੍ਹੇ-ਲਿਖੇ ਵੋਟਰਾਂ ਯਾਨਿ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਭਾਗ ਲਿਆ । ਪੂਰੇ ਦੇਸ਼ ਵਿੱਚ ਪਈਆਂ ਵੋਟਾਂ ਵਿੱਚੋਂ ਸਭ ਤੋਂ ਵੱਧ ਵੋਟਾ ਲੈ ਕੇ ਲੈਕਟੋਬੇਸੀਲਸ ਬੈਕਟੀਰੀਆ ਬਣਿਆ 'ਰਾਸ਼ਟਰੀ ਸੂਖਮ-ਜੀਵ' (National Microbe) ਦਾ ਹੱਕਦਾਰ । ਪਰ ਅਜੇ ਸਰਕਾਰੀ ਪੱਧਰ 'ਤੇ ਇਸ ਨਿੱਕੜੇ ਜੀਵ ਦੀ ਤਾਜ਼ਪੋਸ਼ੀ ਹੋਣੀ ਬਾਕੀ ਹੈ ।

98555-30721

ਜੁਲਾਈ-ਅਗਸਤ ਅੰਕ ਤੋਂ ਅੱਗੇ

ਲੜੀਵਾਰ ਪੁਸਤਕ

ਭੱਜੋ ਨਾ, ਦੁਨੀਆਂ ਨੂੰ ਬਦਲੋ



ਰਾਹੁਲ ਸਾਂਕ੍ਰਿਤਆਇਨ

ਦੁਖਰਾਮ: ਕਹਿਣ ਦੀ ਗੱਲ ਪੁੱਛ ਰਿਹੈ ਭਰਾ? ਉਸ ਕੰਮਚੋਰ ਨਾਲ ਗੱਲ ਵੀ ਨੀਂ ਕਰਾਂਗੇ, ਉਸਦੇ ਦੋਹੇਂ ਕੰਨ ਫੜ ਕੇ ਪਿੰਡੋਂ ਬਾਹਰ ਲੈ ਜਾਵਾਂਗੇ, ਤੇ ਮੂੰਹ ਤੇ ਜੋਰ ਨਾਲ ਦੋ-ਦੋ ਥੱਪੜ ਮਾਰਾਂਗੇ। ਫੇਰ ਕਹਾਂਗੇ, ਕੰਮਚੋਰ, ਜਾ ਮੂੰਹ ਕਾਲਾ ਕਰਕੇ ਚਲਾ ਜਾਹ, ਫੇਰ ਸਾਡੇ ਘਰ ਵੱਲ ਮੂੰਹ ਨਾ ਕਰੀ।

ਭਰਾ: ਤੇਰਾ ਬੇਟਾ ਜੀਵੇ ਦੁਖ ਭਰਾ! ਤੂੰ ਠੀਕ ਕੀਤਾ ਤੇ ਠੀਕ ਕਿਹਾ। ਕਿਸਾਨ, ਮਜ਼ਦੂਰ, ਕਾਮੇ ਐਂ, ਕੰਮਚੋਰ ਨਹੀਂ, ਉਹਨਾਂ ਪੱਲੇ ਪਿਆ ਇਕ ਰੁਪਇਆ ਬਾਰਾਂ ਆਨੇ ਤੇ ਸਵਾ ਅਠਾਰਾਂ ਰੁਪਏ ਕੰਮਚੋਰ ਦੇ ਹੱਥ ਵਿੱਚ ਗਏ, ਜੋ ਬਾਸਪਤੀ ਦੇ ਚੌਲ ਖਾਂਦੇ ਨੇ, ਜਿਸਦੀ ਥਾਲੀ ਵਿੱਚ ਗੋਰੀ ਛਮ-ਛਮ ਕਰਕੇ ਘਿਓ ਤੇ ਦਹੀ ਪਰੋਸਦੀ ਐ। ਉਹ ਤੁਹਾਥੋਂ ਮੰਗਣ ਨਹੀਂ ਆਉਂਦੇ, ਤੁਹਾਡੇ ਸਾਹਮਣੇ ਹੱਥ ਨਹੀਂ ਫੈਲਾਉਂਦੇ ਕਿ ਤੁਸੀਂ ਉਹਨਾਂ ਦਾ ਕੰਨ ਫੜ ਕੇ ਪਿੰਡ ਦੀ ਸੀਮਾ 'ਚੋਂ ਬਾਹਰ ਕਰ ਆਓ।

ਸੰਤੋਖੀ: ਭਰਾ! ਅਸੀਂ ਲੋਕ ਤਾਂ ਛੋਟੀਆਂ-ਛੋਟੀਆਂ ਦੁਕਾਨਾਂ ਕਰਦੇ ਆ, ਰੁਪਏ 'ਤੇ ਇੱਕ ਪੈਸਾ ਮਿਲ ਗਿਆ ਤਾਂ ਉਸਨੂੰ ਬਹੁਤ ਸਮਝਦੇ ਆਂ। ਪਰ ਅਸਲੀ ਕੰਮ ਕਰਨ ਵਾਲਿਆਂ ਨੂੰ ਦੋ ਰੁਪਏ ਫੜਾ ਕੇ ਅਠਾਰਾਂ ਰੁਪਏ ਆਪਣੀ ਜੇਬ ਵਿੱਚ ਰੱਖ ਲੈਣਾ ਇਹ ਰੋਜਗਾਰ ਨੀ ਐ ਭਰਾ! ਇਹ ਤਾਂ ਸਿੱਧੀ ਲੁੱਟ ਐ!!

ਭਰਾ: ਪਰ ਇਹ ਅਠਾਰਾਂ ਰੁਪਏ ਇਕ ਆਦਮੀ ਦੀ ਜੇਬ ਵਿੱਚ ਨਹੀਂ ਜਾਂਦੇ, ਸੰਤੋਖੀ ਭਰਾ। ਇਸ 'ਚੋਂ ਬਹੁਤ ਲੋਕਾਂ ਨੂੰ ਹਿੱਸਾ ਮਿਲਦੈ।

ਦੁਖਰਾਮ: ਚੋਰੀ ਦਾ ਮਾਲ ਕੱਲਾ ਨੀਂ ਨਾ ਪਚਾਉਂਦਾ।

ਭਰਾ: ਅੱਛਾ ਤਿੰਨ ਦਾ ਹਿਸਾਬ ਦੱਸਾ ਕਿ ਤੇਰਾਂ ਦਾ?

ਦੁਖਰਾਮ: ਤਿੰਨ-ਤੇਰਾਂ ਕੀ ਭਰਾ?

ਭਰਾ: ਓਏ ਇਹੀ ਪਹਿਲਾਂ ਲੜਾਈ, ਇਕ ਇਕ ਜੋੜੇ ਤੇ ਤਿੰਨ ਰੁਪਏ ਦੀ ਲੁੱਟ ਸੀ ਤੇ ਹੁਣ ਤੇਰਾਂ ਦੀ।

ਦੁਖਰਾਮ: ਪਹਿਲਾਂ ਤਿੰਨ ਬਾਰੇ ਈ ਦੱਸ ਭਰਾ। ਪਹਿਲੇ ਹਥੌੜੇ ਦੀ ਮਾਰ ਸਹਿ ਲਈਏ, ਫੇਰ ਘਣ ਦੀ ਸਹਾਂਗੇ।

ਭਰਾ: ਤਿੰਨ ਰੁਪਏ ਆਉਂਦੇ ਤਾਂ ਸਾਰੇ ਕੰਮਚੋਰਾਂ ਕੋਲ ਨੇ, ਪਰ ਉਹਨਾਂ ਚੋਂ ਚਾਰ ਆਨੇ ਚਲੇ ਜਾਂਦੇ ਨੇ ਕਲ ਮਸ਼ੀਨ ਬਣਾਉਣ ਵਾਲਿਆਂ ਕੋਲ। ਜਾਣਦੇ ਹੋ ਨਾ? ਕਲ ਮਸ਼ੀਨ ਵਿਲਾਇਤ ਤੋਂ ਬਣ ਕੇ ਆਉਂਦੀ ਐ?

ਦੁਖਰਾਮ: ਤਾਂ ਇਹ ਚਾਰ ਆਨੇ ਕਲ-ਮਸ਼ੀਨ ਬਣਾਉਣ ਵਾਲੇ ਮਜ਼ਦੂਰਾਂ ਕੋਲ ਚਲੇ ਜਾਂਦੇ ਐ?

ਭਰਾ: ਦੁਖ ਭਰਾ! ਕੀ ਤੂੰ ਸਮਝਦੈ, ਵਿਲਾਇਤ 'ਚ ਵਧੀਆ ਰਾਜ ਚਲ ਰਿਹਾ? ਦੁਨੀਆਂ ਵਿੱਚ ਸਭ ਤੋਂ ਵੱਧ ਜੋ ਜਾਨ ਮਾਰ ਕੇ ਕੰਮ ਕਰਦੇ ਐ, ਉਹੀ ਸਾਰਿਆਂ ਨਾਲੋਂ ਵੱਧ ਭੁੱਖੇ ਨੰਗੇ ਰਹਿੰਦੇ ਐ। ਵਿਲਾਇਤ ਦੇ ਮਜਦੂਰਾਂ ਨੂੰ ਇਕ ਦਿਨ ਦੇ ਦਸ-ਪੰਦਰਾਂ ਰੁਪਏ ਮਿਲ ਜਾਂਦੇ ਐ।

ਦੁਖਰਾਮ: ਸਾਡੇ ਇੱਥੋਂ ਦਾ ਇੱਕ ਮਹੀਨਾ ਤੇ ਉਥੋਂ ਦਾ ਇੱਕ ਦਿਨ ਬਰਾਬਰ ਐ।

ਭਰਾ: ਤੇ ਤੁਸੀਂ ਸਮਝਦੇ ਹੋ ਕਿ ਉਹਨਾਂ ਕੋਲ ਰੁਪਏ ਰੱਖਣ ਲਈ ਥਾਂ ਵੀ ਨਹੀਂ ਰਹਿਣੀ?

ਦੁਖਰਾਮ: ਹਾਂ ਭਰਾ! ਦੋ-ਦੋ ਢਾਈ-ਢਾਈ ਸੌ ਰੁਪਏ ਮਹੀਨੇ ਦੇ ਜਿਸ ਘਰ ਆਉਂਦੇ ਹੋਣ, ਉਸਦੇ ਘਰ ਵਿੱਚ ਤਾਂ ਤੌੜਿਆਂ ਦੇ ਤੌੜੇ ਭਰ ਜਾਂਦੇ ਹੋਣਗੇ।

ਭਰਾ: ਤੌੜੇ ਭਰਨ ਵਾਲੇ ਦੂਜੇ ਐ, ਉਹ ਸਾਰੇ ਵਿਲਾਇਤ ਦੇ ਕੰਮਚੋਰ ਐ। ਮੈਂ ਦੱਸਿਆ ਨਹੀਂ ਸੀ, ਕਿ ਬਾਰਾਂ ਆਨੇ ਵਿੱਚ ਤਾਂ ਉੱਥੇ ਇਕ ਚਾਹ ਦਾ ਕੱਪ ਤੇ ਇੱਕ ਟੁਕੜਾ ਰੋਟੀ ਮਿਲਦੀ ਐ, ਤੇ ਇਹ ਲੜਾਈ ਤੋਂ ਪਹਿਲਾਂ ਦੀ ਗੱਲ ਐ।

ਦੁਖਰਾਮ: ਤਾਂ ਕੀ ਬਚਦਾ ਹੋਵੇਗਾ ਵਿਚਾਰਿਆਂ ਕੋਲ?

ਭਰਾ: ਤੇ ਧੋਤੀ ਜੋੜੇ ਦੇ ਚਾਰ ਆਨੇ ਜੋ ਵਿਲਾਇਤ ਜਾਂਦੇ ਐ। ਉਹਨਾਂ 'ਚੋਂ ਇਕ ਆਨਾ ਪੁਰਜੇ ਬਣਾਉਣ ਵਾਲੇ

ਮਜਦੂਰਾਂ ਨੂੰ ਮਿਲਦਾ, ਤੇ ਤਿੰਨ ਆਨੇ ਉਥੋਂ ਦੇ ਕੰਮਚੋਰਾਂ ਦੀ ਜੇਬ 'ਚ।

ਸੰਤੋਖੀ: ਤਿੰਨ ਰੁਪਇਆਂ 'ਚੋਂ ਚਾਰ ਆਨੇ ਦਾ ਹਿਸਾਬ ਤਾਂ ਪਤਾ ਲਗ ਗਿਆ, ਬਾਕੀ ਪੌਣੇ ਤਿੰਨ ਦਾ?

ਭਰਾ: ਚਾਰ ਆਨੇ ਹੋਰ ਦੇਣ-ਲੈਣ ਤੇ ਵਿਆਜ ਵਿੱਚ ਚਲੇ ਜਾਂਦੇ ਐ, ਅੱਠ ਆਨੇ ਸਰਕਾਰੀ ਟੈਕਸ, ਫੁਟਕਲ ਵੇਚਣ ਵਾਲਿਆਂ ਦਾ ਨਫਾ ਰੱਖ ਲੋ, ਬਾਕੀ ਦੋ ਰੁਪਏ ਸਿੱਧੇ ਕਾਰਖਾਨੇ ਦੇ ਮਾਲਿਕ ਦੀ ਜੇਬ ਵਿੱਚ ਜਾਂਦੇ ਐ।

ਦੁਖਰਾਮ: ਫੇਰ ਵੀ ਭਰਾ! ਬਹੁਤ ਐ! ਮੈਂ ਤਾਂ ਕਿਸਾਨ ਆਂ, ਇਕ ਸਾਲ ਕਲਕੱਤੇ ਵਿੱਚ ਕਾਰਖਾਨੇ ਵਿੱਚ ਕੰਮ ਕਰਕੇ ਈਂ, ਮਜ਼ਦੂਰਾਂ ਦੇ ਦੁੱਖ ਜਾਣ ਗਿਆ। ਮਜਦੂਰਾਂ ਨੂੰ ਦਸ-ਬਾਰਾਂ ਆਨੇ ਮਿਲੇ ਤੇ ਸੇਠਾਂ ਨੇ ਦੋ ਰੁਪਏ ਆਪਣੀ ਜੇਬ ਵਿੱਚ ਰੱਖ ਲਏ, ਇਹ ਕੀ ਘੱਟ ਲੁੱਟ ਐ, ਪਰ ਤੇਰਾਂ ਰੁਪਏ ਦੀ ਲੁੱਟ ਦੇ ਸਾਹਮਣੇ ਤਾਂ ਇਹ ਕੁਝ ਵੀ ਨੀਂ। ਇਹ ਕਿਵੇਂ ਹੋਇਆ ਭਰਾ!

ਭਰਾ: ਲੜਾਈ ਤੋਂ ਪਹਿਲਾਂ ਜਿਸ ਧੋਤੀ ਜੋੜੇ ਦਾ ਮੁੱਲ ਚਾਰ-ਸਾਢੇ ਚਾਰ ਰੁਪਏ ਸੀ, ਹੁਣ ਚੌਂਦਾ ਹੋ ਗਿਆ। ਉਹ ਇਸ ਤਰ੍ਹਾਂ ਹੋਇਆ, ਸਰਕਾਰ ਨੇ ਪੁਰਜੇ ਬਣਾਉਣ ਵਾਲੇ ਮਾਲਿਕਾਂ ਨੂੰ ਕਿਹਾ, ਲੜਾਈ ਦੇ ਕਾਰਨ ਤੁਹਾਨੂੰ ਵੀ ਬਹੁਤ ਵੱਡਾ ਨਫਾ ਹੋਵੇਗਾ, ਇਸ ਲਈ ਅਸੀਂ ਤੁਹਾਥੋਂ ਟੈਕਸ ਲਵਾਂਗੇ।

ਸੰਤੋਖੀ: ਇਨਕਮ ਟੈਕਸ, ਭਰਾ।

ਭਰਾ: ਹਾਂ, ਇਨਕਮ ਟੈਕਸ, ਪਰ ਲੜਾਈ ਵਾਲਾ ਇਨਕਮ ਟੈਕਸ। ਸਰਕਾਰ ਨੇ ਕਿਹਾ ਕਿ ਰੁਪਏ ਵਿੱਚੋਂ ਪੌਣੇ ਪੰਦਰਾਂ ਆਨੇ ਸਾਡੇ ਤੇ ਪੰਜ ਪੈਸੇ ਤੁਹਾਡੇ।

ਦੁਖਰਾਮ: ਪਰ ਇਹ ਸੋਲਾਂ ਆਨੇ ਤਾਂ ਸਾਡੇ ਲੋਕਾਂ ਦੇ ਹੀ ਮੱਥੇ ਪਏ ਨਾ?

ਸੰਤੋਖੀ: ਜਿਹੜੇ ਜਿਹੜੇ ਕੱਪੜਾ ਪਹਿਨਦੇ ਐ, ਉਸੇ ਦੇ ਸਿਰ ਪਏ, ਇਸ ਵਿੱਚ ਵੀ ਕੋਈ ਪੁੱਛਣ ਵਾਲੀ ਗੱਲ ਐ।

ਭਰਾ: ਸਰਕਾਰ ਨੇ ਇਹ ਤਾਂ ਕਹਿ ਦਿੱਤਾ ਕਿ ਸੋਲਾਂ ਆਨੇ ਚੋਂ ਪੌਣੇ ਪੰਦਰਾਂ ਆਨੇ ਸਾਡੇ ਤੇ ਪੰਜ ਪੈਸੇ ਤੁਹਾਡੇ ਪਰ ਇਹ ਨਹੀਂ ਹੁਕਮ ਦਿੱਤਾ ਕਿ ਧੋਤੀ ਚਾਰ ਰੁਪਏ ਜੋੜਾ ਹੀ ਵੇਚਣੀ ਪਏਗੀ।

ਸੰਤੋਖੀ: ਤਾਂ ਮਿਲ ਵਾਲਿਆਂ ਦਾ ਹੱਥ ਖੁੱਲਾ ਛੱਡ ਦਿੱਤਾ।

ਭਰਾ: ਚਾਰ ਰੁਪਏ ਦੀ ਧੋਤੀ ਵੇਚਦੇ ਤਾਂ ਸਾਢੇ ਉਨੀਂ ਆਨੇ ਸਰਕਾਰ ਕੋਲ ਚਲੇ ਜਾਂਦੇ, ਤੇ ਕਾਰਖਾਨੇ ਵਾਲੇ ਨੂੰ ਮਿਲਦੇ ਦਸ ਪੈਸੇ। ਉਸਨੇ ਧੋਤੀ ਜੋੜੇ ਦਾ ਮੁੱਲ ਅੱਠ ਰੁਪਏ ਲਾ ਦਿੱਤਾ। ਹੁਣ ਉਸਨੂੰ ਮਿਲਣ ਲੱਗੇ ਪੰਜ ਆਨੇ। ਫੇਰ ਉਸਨੇ ਸੋਚਿਆ ਕਿ ਜਿੰਨੀਂ ਕੀਮਤ ਵਧੇਗੀ, ਉਹਨਾਂ ਈ ਸਾਡਾ ਪੈਸਾ ਵਧੇਗਾ। ਸੋਲਾਂ ਰੁਪਏ ਕਰਨ ਵਿੱਚ ਉਸਨੂੰ ਦਸ ਆਨੇ ਮਿਲਦੇ। ਸਰਕਾਰ ਨੂੰ ਵੀ ਨੁਕਸਾਨ ਨਹੀਂ ਸੀ, ਉਸਨੂੰ ਵੀ ਸੱਤ ਰੁਪਏ ਛੇ ਆਨੇ ਮਿਲ ਜਾਂਦੇ ਸੀ।

ਦੁਖਰਾਮ: ਹੁਣ ਪਤਾ ਲਗਿਆ ਭਰਾ! ਕਿਵੇਂ ਕੱਪੜਾ ਇੰਨ੍ਹਾਂ ਮਹਿੰਗਾ ਹੋਇਆ। (ਚਲਦਾ)

ਪੰਜਾਬੀ ਅਨੁਵਾਦ : ਰਵਿੰਦਰ ਰਾਹੀ ਜੈਤੋਂ

ਸੂਚਨਾ

ਲੇਖਕਾਂ ਨੂੰ ਬੇਨਤੀ ਹੈ ਕਿ 'ਤਰਕਸ਼ੀਲ' ਵਿੱਚ ਛੱਪਣ ਹਿਤ ਭੇਜੀ ਜਾਣ ਵਾਲੀ ਰਚਨਾ, ਉਦੋਂ ਤੀਕ ਕਿਸੇ ਹੋਰ ਅਦਾਰੇ ਨੂੰ ਨਾ ਭੇਜੀ ਜਾਵੇ ਜਦੋਂ ਤੀਕ ਇਹ ਇਸ ਮੈਗਜ਼ੀਨ ਵਿੱਚ ਨਹੀਂ ਛਪਦੀ। ਜੇਕਰ ਉਹ ਰਚਨਾ ਕਿਤੇ ਹੋਰ ਪਹਿਲਾਂ ਪ੍ਰਕਾਸ਼ਿਤ ਹੋਈ ਪਾਈ ਜਾਂਦੀ ਹੈ ਤਾਂ ਅਸੀਂ ਛਾਪਣ ਤੋਂ ਅਸਮਰਥ ਹੋਵਾਂਗੇ। ਰਚਨਾ ਦੀ ਚੋਣ ਜਾਂ ਰੱਦ ਹੋਣ ਸਬੰਧੀ ਨਿਰਣਾ ਸਮੁੱਚੇ ਸੰਪਾਦਕੀ ਮੰਡਲ ਵੱਲੋਂ ਕੀਤਾ ਜਾਂਦਾ ਹੈ। ਚੰਗਾ ਹੋਵੇਗਾ ਜੇਕਰ ਰਚਨਾ ਭੇਜਣ ਤੋਂ ਪਹਿਲਾਂ ਉਸ ਦੀ ਇੱਕ ਕਾਪੀ ਆਪਣੇ ਕੋਲ ਰੱਖ ਲਈ ਜਾਵੇ। ਭੇਜੀ ਹੋਈ ਰਚਨਾ ਰੱਦ ਹੋਣ ਦੀ ਸੂਰਤ ਵਿੱਚ ਜਵਾਬ ਸਮੇਤ ਉਦੋਂ ਹੀ ਲੇਖਕ ਨੂੰ ਡਾਕ ਰਾਹੀਂ ਵਾਪਸ ਭੇਜੀ ਜਾਂਦੀ ਹੈ, ਜੇਕਰ ਲੇਖਕ ਵੱਲੋਂ ਡਾਕ ਟਿਕਟ ਲੱਗਿਆ ਸਵੈ-ਪਤਾ ਲਿਫਾਫਾ ਰਚਨਾ ਨਾਲ ਭੇਜਿਆ ਗਿਆ ਹੋਵੇ।

ਵੱਲੋਂ: ਅਦਾਰਾ ਦੋ-ਮਾਸਿਕ 'ਤਰਕਸ਼ੀਲ'

ਭਗਤ ਸਿੰਘ ਦੀ ਵਿਚਾਰਧਾਰਾ ਤੇ ਗ਼ਦਰ ਪਾਰਟੀ ਦੀ ਸਾਂਝ

ਅੰਮ੍ਰਿਤ ਢਿੱਲੋਂ

ਬਰਤਾਨਵੀ ਹਕੂਮਤ ਖਿਲਾਫ਼ 1857 ਵਿੱਚ ਜਬਰਦਸਤ ਰੋਹ ਭਰਪੂਰ ਬਗਾਵਤ ਉੱਠੀ। ਜਿਸਨੂੰ ਬਰਤਾਨਵੀ ਸਰਕਾਰ (ਸਮਾਰਾਜ) ਨੇ ਗ਼ਦਰ (mutiny) ਦਾ ਨਾਮ ਦਿੱਤਾ। ਇਸ ਘਟਨਾ ਦੇ ਠੀਕ 50 ਸਾਲ ਬਾਅਦ 1907 ਵਿੱਚ ਭਗਤ ਸਿੰਘ ਦਾ ਜਨਮ ਹੋਇਆ। ਉਸ ਤੋਂ 6 ਸਾਲ ਬਾਅਦ ਹੀ ਅਮਰੀਕਾ ਵਿੱਚ Hindi association of Pacific Coast ਨਾਮ ਦੀ ਪਾਰਟੀ ਹੋਂਦ ਵਿੱਚ ਆਈ ਜਿਸ ਨੇ ਨਵੰਬਰ 1913 ਵਿੱਚ ਇੱਕ ਅਖਬਾਰ ਸ਼ੁਰੂ ਕੀਤਾ। ਜਿਸਦਾ ਨਾ 'ਗਦਰ ਦੀ ਗੂੰਜ' ਰੱਖਿਆ ਗਿਆ। ਉਸ ਸਮੇਂ ਉਹ ਇੰਨ੍ਹਾਂ ਹਰਮਨ ਪਿਆਰਾ ਹੋਇਆ। ਲੋਕ ਉਸ ਪਾਰਟੀ ਨੂੰ ਵੀ ਗਦਰ ਪਾਰਟੀ ਆਖਣ ਲਗ ਪਏ। ਪ੍ਰੋ. ਚਮਨ ਲਾਲ ਲਿਖਦੇ ਹਨ ਕਿ ਗ਼ਦਰ ਪਾਰਟੀ ਦੇ ਹੈਡਕੁਆਟਰ ਦਾ ਨਾਮ ਯੁਗਾਂਤਰ ਆਸ਼ਰਮ ਵੀ ਇੱਕ ਬੰਗਾਲੀ ਇਨਕਲਾਬੀ ਗਰੁੱਪ ਦੇ ਨਾਂਮ ਤੇ ਹੀ ਰੱਖਿਆ ਗਿਆ ਸੀ।

ਬਾਬਾ ਭਗਤ ਸਿੰਘ ਬਿਲਗਾ, ਆਪ ਗ਼ਦਰ ਪਾਰਟੀ ਦੇ ਮੈਂਬਰ ਸਨ, ਜਿੰਨ੍ਹਾਂ ਦਾ ਕੁੱਝ ਅਰਸਾ ਪਹਿਲਾ ਹੀ ਦੇਹਾਂਤ ਹੋਇਆ ਹੈ। ਉਹਨਾਂ ਦੇ ਮੁਤਾਬਕ ਗਦਰ ਪਾਰਟੀ ਦੇ ਖਿਆਲਾਂ ਦਾ ਬੀਜ ਅਜੀਤ ਸਿੰਘ ਦੀ ਬਣਾਈ ਭਾਰਤ ਮਾਤਾ ਸੁਸਾਇਟੀ ਵਿੱਚ ਸੀ ਜੋ ਕਿ ਉਨ੍ਹਾਂ ਨੇ 1905 ਵਿੱਚ ਸੂਰਤ (ਗੁਜਰਾਤ) ਕਾਂਗਰਸ ਸੈਸ਼ਨ ਤੋਂ ਬਾਅਦ ਬਣਾਈ। ਬਾਬਾ ਬਿਲਗਾ ਦੀ ਦਲੀਲ ਮੁਤਾਬਿਕ ਅਜੀਤ ਸਿੰਘ ਦੀ ਕਿਸਾਨਾਂ ਦੇ ਹੱਕਾਂ ਲਈ ਚਲਾਈ ਲਹਿਰ ਵਿੱਚ ਅੰਗਰੇਜ਼ ਸਾਮਰਾਜ ਦੇ ਵਿਰੁੱਧ ਤਕੜਾ ਰੋਸ਼ ਸੀ। (ਇਹ ਲਹਿਰ 'ਪਗੜੀ ਸੰਭਾਲ ਜੱਟਾ' ਦੇ ਨਾਂਮ ਨਾਲ ਮਸ਼ਹੂਰ ਹੈ) ਇਹੋ ਹੀ ਕਿਸਾਨ ਜਦੋਂ (1907 ਤੋਂ ਬਾਅਦ) ਅਮਰੀਕਾ ਮਾਈਗਰੇਟ ਹੋਏ ਤਾਂ ਇਹ ਰੋਹ ਗ਼ਦਰ ਪਾਰਟੀ ਦਾ ਰੂਪ ਧਾਰਨ ਕਰ ਗਿਆ। ਕੁਲਦੀਪ ਨਈਅਰ ਲਿਖਦਾ ਹੈ ਕਿ ਕਿਸ਼ਨ ਸਿੰਘ ਅਤੇ ਅਜੀਤ ਦੋਨੋਂ ਹੀ ਗਦਰ ਪਾਰਟੀ ਨਾਲ ਤਾਲਮੇਲ ਰਖਦੇ ਸਨ ਅਤੇ ਕਿਸ਼ਨ ਸਿੰਘ ਨੇ ਤਾਂ ਪਾਰਟੀ ਦੀ ਮਦਦ ਲਈ ਚੰਦਾ ਵੀ ਦਿੱਤਾ ਸੀ। ਇਸੇ ਹੀ ਖਿਆਲ ਦੀ ਤਸਦੀਕ ਪ੍ਰੋ. ਚਮਨ ਲਾਲ ਨੇ ਵੀ ਕੀਤੀ ਹੈ। ਭਗਤ ਸਿੰਘ ਇੱਕ 'ਵਿਚਾਰਵਾਨ ਇਨਕਲਾਬੀ' ਸਨ। ਪ੍ਰਸਿੱਧ ਪੱਤਰਕਾਰ ਕੁਲਦੀਪ ਨਈਅਰ ਲਿਖਦੇ ਹਨ :

S. Bhagat Singh declared, "Despite his best efforts he could not find any revolutionary party that had any clear idea about what it was fighting for. The only exception he said was the Gadhar Party." ਇਸੇ ਕਰਕੇ ਹੀ ਉਨ੍ਹਾਂ ਨੇ ਆਪਣੀ ਪਾਰਟੀ ਦਾ ਨਾਮ H.R.A. (Hindustan Republican Assoc.) ਤੋਂ ਬਦਲ ਕਿ ਰੱਖਿਆ-H.R.S.A. ਨਾਲ Socialism ਸ਼ਬਦ ਜੋੜ ਦਿੱਤਾ। ਸਮਾਜ ਵਿੱਚ ਸੰਪੂਰਨ ਤਬਦੀਲੀ ਦੀ ਗੱਲ ਕੀਤੀ।

ਗ਼ਦਰ ਪਾਰਟੀ ਦੇ ਨਕਸ਼ੇ ਕਦਮ ਤੇ ਹੀ ਉਨ੍ਹਾਂ ਨੇ ਹਰ ਤਰ੍ਹਾਂ ਦੀ Equality ਦੇ ਅਸੂਲਾਂ ਨੂੰ ਅਪਣਾਇਆ ਗ਼ਦਰ ਪਾਰਟੀ ਦੇ Secularism ਦੇ ਸੁਨੇਹੇ ਤੋਂ ਵੀ ਉਹ ਭਲੀ ਭਾਂਤੀ ਜਾਣੂ ਸਨ। ਉਸ ਵੇਲੇ ਹਿੰਦੋਸਤਾਨ ਵਿੱਚ ਮਹਾਂਰਾਸ਼ਟਰ ਵਿੱਚ ਸ਼ਿਵਾ ਜੀ ਦਾ ਅਸਰ ਲੋਕਾਂ ਨੂੰ ਹਿੰਦੂ ਸਵਰਾਜ ਵੱਲ ਲਜਾ ਰਿਹਾ ਸੀ। ਬੰਗਾਲ ਵਿੱਚ ਜੈ ਕਾਲੀ ਦੇਵੀ ਦੇ ਨਾਅਰੇ ਅਤੇ ਯੂ.ਪੀ. ਪੰਜਾਬ ਦੇ ਹਿੱਸਿਆਂ ਵਿੱਚ ਅਲੀ ਅਲੀ ਦੇ ਨਾਅਰੇ ਸਾਮਰਾਜ ਦੇ ਹੱਥ ਮਜਬੂਤ ਕਰ ਰਹੇ ਸਨ। ਦੂਜੇ ਪਾਸੇ ਗ਼ਦਰ ਪਾਰਟੀ ਦੀ secular ਸੋਚ ਉਸਦੀ ਮੈਂਬਰਸ਼ਿਪ ਦੇ ਨਾਂਵਾਂ ਤੋਂ ਪਤਾ ਲੱਗਦੀ ਹੈ ਜਿਵੇਂ ਕਿ ਰੂੜ ਸਿੰਘ, ਰਹਿਮਤ ਅਲੀ, ਰਾਸ ਬਿਹਾਰੀ ਆਦਿ।

ਵੈਨਕੂਵਰ ਵਿੱਚ ਗ਼ਦਰ ਪਾਰਟੀ ਦੇ ਮੈਂਬਰ ਸ਼ਹੀਦ ਮੇਵਾ ਸਿੰਘ ਦੀ ਫਾਂਸੀ ਵੇਲੇ ਗਰੰਥੀ ਮਿਤ ਸਿੰਘ ਨੇ ਜਦੋਂ ਉਸਨੂੰ ਦੱਸਿਆ ਕਿ ਬਾਹਰ ਅਣਗਿਣਤ ਲੋਕ ਖੜ੍ਹੇ ਹਨ, ਜੇ ਕਿਸੇ ਨੂੰ ਕੋਈ ਆਖਰੀ ਸੁਨੇਹਾ ਹੋਵੇ ਤਾਂ ਮੈਂ ਪਹੁੰਚਾ ਦਿਆਂਗਾ। ਮੇਵਾ ਸਿੰਘ ਨੇ ਕਿਹਾ ਕਿ ਲੋਕਾਂ ਲਈ ਮੇਰਾ ਆਖਰੀ ਸੁਨੇਹਾ ਇਹ ਹੈ ਕਿ ਭਰਾਵੋਂ ਗੁਲਾਮੀ ਬਹੁਤ ਬੁਰੀ ਬਲਾ ਹੈ। ਦੁਆਬਾ, ਮਾਝਾ ਅਤੇ ਮਾਲਵਾ ਦੇ ਇਲਾਕਾਵਾਦ ਦੇ ਖਿਆਲ ਨੂੰ ਛੱਡੋ, ਹੰਭਲਾ ਮਾਰੋ, ਅਜਾਦ ਹੋਵੋ। ਇਸਦੇ ਬਿਲਕੁਲ ਸਮਾਨਅੰਤਰ ਭਗਤ ਸਿੰਘ ਨੇ ਲਾਹੌਰ ਤੋਂ ਚਲ ਕੇ ਕਲਕੱਤਾ ਤੱਕ ਪੰਜਾਬ, ਯੂ.ਪੀ., ਬਿਹਾਰ, ਬੰਗਾਲ, ਮੱਧ ਪ੍ਰਦੇਸ਼ ਅਤੇ ਮਹਾਂਰਾਸ਼ਟਰ ਤੱਕ ਦੇ ਸਾਰੇ ਇਨਕਲਾਬੀਆਂ ਨੂੰ ਇਕੱਠਾ ਕੀਤਾ ਜੋ ਕਿ ਉਸ ਤੋਂ ਪਹਿਲਾਂ ਵੱਖਰੇ-ਵੱਖਰੇ ਛੋਟੇ-ਛੋਟੇ ਗਰੁੱਪਾਂ ਵਿੱਚ ਵੰਡੇ ਹੋਏ ਸਨ।

ਭਗਤ ਸਿੰਘ ਨੇ 'ਚਾਂਦ' ਅਤੇ 'ਕਿਰਤੀ' ਰਸਾਲੇ ਵਿੱਚ ਗਦਰੀ ਬਾਬਿਆਂ, ਬੱਬਰ ਅਕਾਲੀਆਂ ਦੇ ਜੀਵਨ ਬਾਰੇ ਲੇਖ ਲਿਖੇ। ਬੱਬਰ ਅਕਾਲੀ ਉਸ ਵੇਲੇ ਕਿਰਪਾਲੇ ਵਰਗੇ ਟੋਡੀਆਂ ਦਾ ਸਫਾਇਆ ਕਰ ਰਹੇ ਸਨ, ਫੜੇ ਜਾਂਦੇ ਤਾਂ ਫਾਂਸੀ ਹੁੰਦੀ। ਹੋਲੀ ਵਾਲੇ ਦਿਨ 5 ਬੱਬਰ ਅਕਾਲੀਆਂ ਨੂੰ ਫਾਂਸੀ ਲਟਕਾ ਦਿੱਤਾ। ਲਾਸ਼ਾਂ ਜੇਲ੍ਹ ਤੋਂ ਬਾਹਰ ਸੁੱਟ ਦਿੱਤੀਆਂ। ਕੋਈ ਜੁਰਅਤ ਨਹੀਂ ਸੀ ਕਰ ਰਿਹਾ ਲਾਸ਼ਾਂ ਚੁੱਕਣ ਲਈ ਕਿਸ਼ਨ ਸਿੰਘ ਗੱਡਾ ਜੋੜ ਕੇ ਲੈ ਆਏ। ਬਾਕੀ ਸਾਰਾ ਮੁਲਕ ਹੋਲੀ ਖੇਡਣ ਵਿੱਚ ਲੱਗਾ ਸੀ। ਭਗਤ ਸਿੰਘ ਦਾ ਲੇਖ ਛਪਿਆ 'ਹੋਲੀ ਦੇ ਦਿਨ ਖ਼ੂਨ ਦੇ ਛਿੱਟੇ'। ਉਸ ਦੀ ਜੰਗ ਸਾਮਰਾਜਵਾਦ ਦੀ ਕੁੱਖ ਵਿੱਚੋਂ ਪੈਦਾ ਹੋਣ ਵਾਲੀ ਭੁੱਖ, ਗਰੀਬੀ ਅਤੇ ਬੇਇਜ਼ਤੀ ਨਾਲ ਸੀ। ਉਸ ਇਨਸਾਨ ਦੀ ਬਰਾਬਰੀ ਦੇ ਸੁਪਨੇ ਦੇਖਦਾ ਸੀ। ਨਾ ਉਹ ਉਸ ਦਿਨ ਇਕੱਲਾ ਸੀ ਅਤੇ ਨਾ ਅੱਜ ਇਕੱਲਾ ਹੈ। ਇਹ ਸੁਪਨਾ ਹਰ ਅਗਲੀ ਪੀੜੀ ਦਾ ਅਮਾਨਤ ਹੈ। ਇਹ ਸੁਪਨਾ ਸਾਥੋਂ ਕੋਈ ਖੋਹ ਨਹੀਂ ਸਕਦਾ, ਫਾਂਸੀ ਦੇ ਤਖਤੇ ਤੇ ਵੀ ਨਹੀਂ।

ਟਰਾਂਟੋ

ਜਾਦੂ ਨਾਲ ਅੱਗ ਪੈਦਾ ਕਰਨਾ

ਲੋੜੀਂਦੀ ਸਮੱਗਰੀ : ਕਾਗਜ ਦੇ ਸੁੱਕੇ ਟੁਕੜੇ, ਇੱਕ ਧਾਤ ਦੀ ਪਲੇਟ (20 ਸਮ ਵਿਆਸ), ਪੋਟਾਸੀਅਮ ਪਰਮੈਗਾਨੇਟ ਪਾਊਡਰ, ਗਲਿਸਰੀਨ

ਤਿਆਰੀ : 1. ਧਾਤ ਦੀ ਪਲੇਟ 'ਤੇ ਕਾਗਜ ਦੇ ਕੁੱਝ ਟੁਕੜੇ ਰੱਖੋ ।

2. ਕਾਗਜ ਦਾ ਇੱਕ ਟੁਕੜਾ, ਪੋਟਾਸੀਅਮ ਪਰਮੈਗਾਨੇਟ ਲਗਾ ਕੇ ਕੇਂਦਰ ਵਿੱਚ ਰੱਖੋ ।


ਪੇਸ਼ਕਾਰੀ : 1. ਪੋਟਾਸੀਅਮ ਪਰਮੈਗਾਨੇਟ ਪਾਊਡਰ ਤੇ ਗਲਿਸਰੀਨ ਦੇ 2 ਜਾਂ 3 ਤੁਬਕੇ ਇਹ ਅਦਾਕਾਰੀ ਕਰਦੇ ਹੋਏ ਪਾਓ, ਕਿ ਤੁਸੀਂ ਉਸ ਉੱਪਰ ਘੀ ਪਾ ਰਹੇ ਹੋ ।

2. ਗਲਿਸਰੀਨ, ਪੋਟਾਸੀਅਮ ਪਰਮੈਗਾਨੇਟ ਨਾਲ ਪ੍ਰਤੀਕਿਰਿਆ ਕਰੇਗੀ । ਪਹਿਲਾਂ ਧੂੰਆਂ ਪੈਦਾ ਹੋਵੇਗਾ, ਫਿਰ ਕਾਗਜ ਦੇ ਟੁਕੜੇ ਲਾਟ ਬਣਕੇ ਬਲਣ ਲੱਗਣਗੇ ।

ਵਿਆਖਿਆ : ਪੋਟਾਸੀਅਮ ਪਰਮੈਗਾਨੇਟ ਅਤੇ ਗਲਿਸਰੀਨ ਦੀ ਪ੍ਰਤੀਕ੍ਰਿਆ ਵਿੱਚੋਂ ਲੋੜੀਂਦਾ ਤਾਪ ਪੈਦਾ ਹੋਇਆ । ਇਸ ਤਾਪ ਨਾਲ ਕਾਗਜ ਦੇ ਟੁਕੜੇ ਬਲਦੇ ਹਨ ।

ਸਾਵਧਾਨੀਆਂ : 1. ਪੋਟਾਸੀਅਮ ਪਰਮੈਗਾਨੇਟ ਦੇ ਵਧੀਆ ਟੁਕੜੇ ਹੀ ਪਾਊਡਰ ਬਣਾਉਣ ਲਈ ਵਰਤੋ ।

2. ਢੁਕਵੀਂ ਮਾਤਰਾ ਵਿੱਚ ਗਲਿਸਰੀਨ ਵਰਤੋ (1-2 ਭਰੇ ਹੋਏ ਚਮਚ)



ਇਕਾਈਆਂ ਲਈ ਸਹਾਇਤਾ

ਭਾਈ ਰੂਪਾ ਇਕਾਈ

ਸ਼ਾਮ ਕੌਰ ਪਤਨੀ ਚੰਦ ਸਿੰਘ ਲੌਂਡਘਰੀਏ ਭਾਈਰੂਪਾ ਦੀ ਯਾਦ 'ਚ ਪਰਿਵਾਰ ਵੱਲੋਂ 500

ਸੁਖਦੇਵ ਸਿੰਘ ਪੁੱਤਰ ਗੁਲਾਬ ਸਿੰਘ ਪਿਤਾ ਦੇ ਸ਼ਰਧਾਂਜਲੀ ਸਮਾਗਮ 'ਤੇ 1100

ਰਤਨਾਗਰ ਸਿੰਘ ਪੁੱਤਰ ਪ੍ਰਾਣਜੀਤ ਸਿੰਘ ਭਾਈਰੂਪਾ ਬੇਟੀ ਅਵਰੀਤ ਦੇ ਜਨਮ 'ਤੇ 500

ਮਾ.ਮੁਕੰਦ ਸਿੰਘ ਬੇਟੀ ਸਚਰੀਤ ਕੌਰ ਦੀ ਸ਼ਾਦੀ 'ਤੇ 500

ਇਕਾਈ ਬਠਿੰਡਾ

ਰਣਧੀਰ ਸਿੰਘ ਲੈਕਚਰਾਰ ਬਠਿੰਡਾ ਸਰਕਾਰੀ ਸਕੂਲ, ਬਹਿਮਣ ਦੀਵਾਨਾ 500

ਮੈਨੇਜਮੈਂਟ ਆਰੀਆ ਮਾਡਲ ਸਕੂਲ, ਬਠਿੰਡਾ 3100

ਮਾਇਆ ਦੇਵੀ ਮੈਮੋਰੀਅਲ ਸੈਕੰਡਰੀ ਸਕੂਲ,ਕੇਰਾਖੇੜਾ 500

ਇਕਾਈ ਲੌਂਗੋਵਾਲ

ਗੁਰਮੀਤ ਸਿੰਘ, ਇਲੈਕਟ੍ਰੌਨਿਕਸ ਵਿਭਾਗ, ਸਲਾਈਟ ਲੌਂਗੋਵਾਲ ਵੱਲੋਂ ਆਪਣੇ ਪੁੱਤਰ ਸੋਮਿਤ ਦੇ ਐਨ.ਆਈ.ਟੀ., ਸ੍ਰੀ ਨਗਰ ਵਿੱਚ ਹੋਏ ਦਾਖਲੇ ਦੀ ਖੁਸ਼ੀ ਵਿੱਚ : 500

ਮੈਡਮ ਕਿਰਨ ਯਾਦਵ ਪਤਨੀ ਪ੍ਰੋ. ਆਰ.ਕੇ. ਯਾਦਵ, ਸਲਾਈਟ ਲੌਂਗੋਵਾਲ : 500

ਇਕਾਈ ਕੁਲਰੀਆਂ

ਲਾਭ ਬੱਪੀਆਣਾ (ਦਾਦੀ ਦੇ ਸਤਿਕਾਰ ਸਮਾਗਮ ਤੇ) : 2000

ਇੱਕ ਰਿਪੋਰਟ

ਸੂਬਾਈ ਛਿਮਾਹੀ ਇਕੱਤਰਤਾ ਸੰਪੰਨ

3 ਸਤੰਬਰ, 2013 ਨੂੰ ਅੰਧ-ਸ਼ਰਧਾ ਨਿਰਮੂਲਨ ਸੰਮਤੀ, ਮਹਾਂਰਾਸ਼ਟਰ ਦੇ ਪ੍ਰਧਾਨ ਡਾ. ਨਾਰੇਂਦਰ ਦਾਭੋਲਕਰ ਦੇ ਕਾਤਲਾਂ ਨੂੰ ਸਜ਼ਾਵਾਂ ਦਿਵਾਉਣ ਲਈ ਜਲੰਧਰ ਵਿਖੇ ਕੀਤੇ ਰੋਸ ਪ੍ਰਦਰਸ਼ਨ ਤੇ ਮਾਰਚ ਦੇ ਉਤਸ਼ਾਹ ਨਾਲ ਭਰੇ ਰਾਜ ਭਰ ਦੇ ਤਰਕਸ਼ੀਲ ਡੈਲੀਗੇਟਾਂ ਤੇ ਦਰਸ਼ਕਾਂ ਨੇ ਅੰਮ੍ਰਿਤਸਰ ਦੇ ਮਹੇਸ਼ ਹਾਊਸ ਵਿਖੇ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਦੀ ਸੂਬਾ ਕਾਰਜਕਾਰਨੀ ਦੇ ਸੱਦੇ ਤੇ ਹੋਈ ਸੂਬਾਈ ਛਿਮਾਹੀ ਇਕੱਤਰਤਾ 'ਚ ਸਰਗਰਮੀਂ ਨਾਲ ਭਾਗ ਲਿਆ। ਇਕੱਤਰਤਾ ਵਿੱਚ ਰਾਜ ਦੀਆਂ ਕੁੱਲ 82 ਇਕਾਈਆਂ 'ਚੋਂ ਕਰੀਬ 120 ਡੈਲੀਗੇਟ/ਦਰਸ਼ਕ ਹਾਜ਼ਰ ਹੋਏ।

ਇਕੱਤਰਤਾ ਦਾ ਪਹਿਲਾ ਸੈਸ਼ਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਅੰਗਰੇਜ਼ੀ ਵਿਭਾਗ ਦੇ ਸਾਬਕਾ ਮੁਖੀ ਡਾ. ਪਰਮਿੰਦਰ ਸਿੰਘ ਦੀ ਕੁੰਜੀਵਤ ਤਕਰੀਰ ਨਾਲ ਸ਼ੁਰੂ ਹੋਇਆ। ਉਨ੍ਹਾਂ 'ਵਿਗਿਆਨਕ ਵਿਚਾਰਧਾਰਾ ਦੇ ਪ੍ਰਚਾਰ-ਪਸਾਰ 'ਚ ਆ ਰਹੀਆਂ ਮੁਸ਼ਕਲਾਂ ਤੇ ਉਨ੍ਹਾਂ ਦੇ ਹੱਲ' ਵਿਸ਼ੇ ਤੇ ਬੋਲਦਿਆਂ ਕਿ ਮਨੁੱਖੀ ਜੀਵਨ ਨੂੰ ਚੰਗੇਰਾ ਬਨਾਉਣ ਲਈ ਜੁਟੇ ਲੋਕਾਂ ਤੇ ਲਗਾਤਾਰ ਹਮਲੇ ਹੋ ਰਹੇ ਹਨ। ਜਿਸ ਲਈ ਤਰਕਸ਼ੀਲਾਂ ਨੂੰ ਲੋਕ ਪੱਖੀ ਸਮਾਜ ਦੀ ਉਸਾਰੀ ਲਈ ਤੁਰੇ ਜਮਹੂਰੀ ਜਮਹੂਰੀ ਹਲਕਿਆਂ ਨਾਲ ਸਾਂਝ ਦੀ ਤੰਦ ਮਜਬੂਤ ਕਰਨੀ ਚਾਹੀਦੀ ਹੈ। ਉਨ੍ਹਾਂ ਡਾ. ਨਰੇਂਦਰ ਦਾਭੋਲਕਰ ਦੇ ਫਿਰਕੂ ਕਾਤਲਾਂ ਦੇ ਬੁਜ਼ਦਿਲਾਨਾਂ ਕਾਰਜ ਦੀ ਨਿੰਦਾ ਕਰਦਿਆਂ ਕਿਹਾ ਕਿ ਇਸ ਕਤਾਰ 'ਚ ਡਾ. ਰਾਮਾਨਾਥਨ ਦਾ ਆਂਧਰਾ ਪ੍ਰਦੇਸ਼ ਸਰਕਾਰ ਵੱਲੋਂ ਬਣਾਇਆ ਗਿਆ ਝੂਠਾ ਪੁਲਿਸ ਮੁਕਾਬਲਾ, ਡਾ. ਵਿਨਾਇਕ ਸੇਨ ਨੂੰ ਦਿੱਤੀ ਗਈ ਸਜ਼ਾ ਵੀ ਆਉਂਦੀ ਹੈ। ਵਿਗਿਆਨਕ ਦ੍ਰਿਸ਼ਟੀਕੋਣ ਦੇ ਨਾਲ-ਨਾਲ ਮਸਲਾ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਤੇ ਜਮਹੂਰੀ ਹੱਕਾਂ ਦਾ ਵੀ ਹੈ। ਊਨ੍ਹਾਂ ਕਿਹਾ ਕਿ ਅਗਿਆਨੀ ਲੋਕ ਹਮੇਸ਼ਾ ਸਥਾਪਤੀ ਦੇ ਹੱਕ ਵਿੱਚ ਖੜ੍ਹਦੇ ਹਨ ਤੇ ਰਾਜ ਕਰਨ ਵਾਲੀਆਂ ਧਿਰਾਂ ਵਿਗਿਆਨਕ ਪਹੁੰਚ ਦੇ ਖਿਲਾਫ਼ ਕਾਲੀਆਂ ਤਾਕਤਾਂ ਨੂੰ ਮਜਬੂਤ ਕਰਨ ਲਈ ਤਾਣ ਲਾਉਂਦੀ ਹੈ। ਉਨ੍ਹਾਂ ਸੱਪਸ਼ਟ ਕੀਤੇ ਕਿ ਅੰਧਵਿਸਵਾਸ਼ ਤੇ ਅਗਿਆਨਤਾ ਦੇ ਨਾਲ-ਨਾਲ ਜ਼ਿੰਦਗੀ ਬਰਾਬਰੀ ਤੇ ਜਮਹੂਰੀ ਹੱਕਾਂ ਦੇ ਮੁੱਦਿਆਂ ਤੇ ਵੀ ਗੱਲ ਕਰਨੀ ਬਣਦੀ ਹੈ। ਜ਼ਿੰਦਗੀ ਦੇ ਬੁਨਿਆਦੀ ਮਸਲਿਆਂ ਨੂੰ ਸਮਝ ਕੇ ਹੀ ਵਿਗਿਆਨਕ ਦ੍ਰਿਸ਼ਟੀਕੋਣ ਦਾ ਵਿਕਾਸ ਕੀਤਾ ਜਾ ਸਕਦਾ ਹੈ।

ਇਸੇ ਸੈਸ਼ਨ 'ਚ ਤਰਕਸ਼ੀਲ ਡੈਲੀਗੇਟਾਂ ਨੂੰ ਜੀ ਆਇਆਂ ਆਖਦਿਆਂ ਸੁਸਾਇਟੀ ਦੇ ਸੂਬਾਈ ਜਥੇਬੰਦਕ ਮੁਖੀ ਰਾਜਿੰਦਰ ਭਦੌੜ ਨੇ ਸਮਾਜ 'ਚ ਪ੍ਰਚਲਿਤ ਅੰਧ-ਵਿਸ਼ਵਾਸੀ ਧਾਰਨਾਵਾਂ ਤੇ ਜਨਮਾਂ-ਕਰਮਾਂ ਦੇ ਫਲਸਫੇ ਖਿਲਾਫ਼ ਤਰਕਸ਼ੀਲਤਾ ਦੇ ਚਾਨਣ ਨਾਲ ਚੰਗੇਰੇ ਸਮਾਜ ਲਈ ਸੰਘਰਸ਼ ਤੇ ਸਿਦਕਦਿਲੀ ਨਾਲ ਤੁਰਦੇ ਰਹਿਣ ਲਈ ਪ੍ਰੇਰਿਆ। ਉਨ੍ਹਾਂ ਆਖਿਆ ਕਿ ਲੋਕਾਂ ਨੂੰ ਇਸ ਜਨਮ ਨੂੰ ਹੀ ਸੁਧਾਰਨ ਲਈ ਚੇਤੰਨ ਕਰਨਾ ਸਾਡੀ ਜ਼ਿੰਮੇਵਾਰੀ ਹੈ। ਉਨ੍ਹਾਂ ਨੇ ਤਰਕਸ਼ੀਲਤਾ ਦੇ ਚਾਨਣ ਨਾਲ ਅਗਿਆਨਤਾ ਨੂੰ ਮਾਤ ਦੇਣ ਤੇ ਲੋਕ ਮਨਾਂ ਨੂੰ ਰੁਸ਼ਨਾਉਣ ਦਾ ਸੱਦਾ ਦਿੱਤਾ। ਇਸ ਮੁਢਲੇ ਸੈਸ਼ਨ 'ਚ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਸੂਬਾ ਮੀਡੀਆ ਮੁਖੀ ਰਾਮ ਸਵਰਨ ਲੱਖੇਵਾਲੀ ਨੇ ਨਿਭਾਈ ਜਦਕਿ ਸੂਬਾ ਕਾਰਜਕਾਰਨੀ ਦੇ ਮੈਂਬਰ ਪ੍ਰਧਾਨਗੀ ਮੰਡਲ 'ਚ ਸ਼ਾਮਲ ਹੋਏ।

ਇੱਕਤਰਤਾ ਵਿਚ ਜੁੜੇ ਡੈਲੀਗੇਟਾਂ ਸਾਹਵੇਂ ਰਾਜ ਭਰ ਦੇ 11 ਜੋਨ ਪ੍ਰਧਾਨਾਂ ਨੇ ਆਪੋ ਆਪਣੇ ਇਲਾਕੇ ਦੀਆਂ ਤਰਕਸ਼ੀਲ ਸਰਗਰਮੀਆਂ ਦਾ ਲੇਖਾ-ਜੋਖਾ ਪੇਸ਼ ਕੀਤਾ ਜਿਸ ਦੌਰਾਨ ਚੰਡੀਗੜ੍ਹ ਜ਼ੋਨ ਵੱਲੋਂ ਨਿਯਮਬੱਧ ਢੰਗ ਨਾਲ ਕੀਤੀਆਂ ਸਰਗਰਮੀਆਂ ਚਰਚਾ ਤੇ ਪ੍ਰਸ਼ੰਸ਼ਾ ਦਾ ਵਿਸ਼ਾ ਬਣੀਆਂ। ਬਠਿੰਡਾ ਜ਼ੋਨ 'ਚ ਚਲਾਏ ਜਾ ਰਹੇ ਕ੍ਰਿਸ਼ਨ ਬਰਗਾੜੀ ਯਾਦਗਾਰੀ ਮਾਨਸਿਕ ਸਿਹਤ ਕੇਂਦਰ ਤੇ ਚੰਨਣ ਵਾਂਦਰ ਵੱਲੋਂ ਜੁਟਾਏ ਜਾ ਰਹੇ ਯਤਨਾਂ ਨੂੰ ਵੀ ਡੈਲੀਗੇਟਾਂ ਨੇ ਸਰਾਹਿਆ। ਤਰਕਸ਼ੀਲ ਸਰਗਰਮੀਆਂ ਦੇ ਨਾਲ-ਨਾਲ ਸਾਹਿਤ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਯਤਨ ਤੇਜ਼ ਕਰਨ ਦੀ ਮੰਗ ਵੀ ਉੱਭਰੀ। ਤਰਕਸ਼ੀਲ ਸਾਹਿਤ ਤੇ ਮੈਗਜ਼ੀਨ ਨੂੰ ਵਧੇਰੇ ਹੱਥਾਂ ਤੱਕ ਪਹੁੰਚਾਉਣ ਲਈ ਅਜੀਤ ਪ੍ਰਦੇਸੀ ਦੀਆਂ ਕੋਸ਼ਿਸ਼ਾਂ ਨੂੰ ਡੈਲੀਗੇਟਾਂ ਨੇ ਭਰਪੂਰ ਦਾਦ ਦਿੱਤੀ। ਇਸ ਸੈਸ਼ਨ 'ਚ ਜਸਵੀਰ ਸੋਨੀ ਬੁਢਲਾਡਾ, ਗੁਰਪ੍ਰੀਤ ਭਦੌੜ, ਮੁਖਤਿਆਰ ਗੋਪਾਲਪੁਰਾ, ਮੁਖਵਿੰਦਰ ਚੋਹਲਾ, ਰਾਮ ਕੁਮਾਰ ਪਟਿਆਲਾ, ਪਰਮਵੇਦ ਸੰਗਰੂਰ, ਸੁਖਦੇਵ ਧੂਰੀ ਤੇ ਅੰਮ੍ਰਿਤ ਰਿਸ਼ੀ ਨੇ ਵੀ ਚਰਚਾ 'ਚ ਭਾਗ ਲਿਆ। ਬੁਲਾਰਿਆਂ ਨੇ

ਮੈਂਬਰਾਂ ਦੀ ਵਿਚਾਰਧਾਰਕ ਪਕਿਆਈ ਲਈ ਇਕਾਈ ਪੱਧਰ ਤੱਕ ਸੁਹਿਰਦ ਯਤਨ ਜੁਟਾਉਣ ਦੀ ਲੋੜ ਤੇ ਜ਼ੋਰ ਦਿੱਤਾ।

ਸਭਿਆਚਾਰਕ ਵਿਭਾਗ ਦੇ ਮੁਖੀ ਸੁਖਦੇਵ ਫਗਵਾੜਾ ਨੇ ਵੇਲਾ ਵਿਹਾ ਚੁੱਕੀਆਂ ਰਸਮਾਂ ਦੇ ਤਿਆਗ ਲਈ ਤਰਕਸ਼ੀਲ ਸਭਿਆਚਾਰ ਦੀ ਲੋੜ ਸਬੰਧੀ ਪੇਪਰ ਪੜ੍ਹਿਆ। ਉਨ੍ਹਾਂ ਵੱਲੋਂ ਪੜ੍ਹੇ ਗਏ ਪਰਚੇ ਤੇ ਡਾ. ਸ਼ਿਆਮ ਸੁੰਦਰ ਦੀਪਤੀ, ਭੂਰਾ ਸਿੰਘ ਮਹਿਮਾ ਸਰਜਾ, ਸੰਦੀਪ ਧਾਰੀਵਾਲ ਭੋਜਾਂ, ਰਾਜਵੰਤ ਬਾਗੜੀਆਂ ਤੇ ਹੇਮ ਰਾਜ ਸਟੈਨੋ ਨੇ ਵੀ ਆਪਣੇ ਵਿਚਾਰ ਰੱਖੇ। ਚਰਚਾ ਉਪਰੰਤ ਤਰਕਸ਼ੀਲ ਸਭਿਆਚਾਰ ਸਬੰਧੀ ਸੂਬਾ ਕਾਰਜਕਾਰਨੀ ਵਿੱਚ ਵਿਚਾਰ ਕੇ ਫੈਸਲਾ ਲੈਣ ਬਾਰੇ ਪ੍ਰਧਾਨਗੀ ਮੰਡਲ ਵੱਲੋਂ ਨੋਟ ਕੀਤਾ ਗਿਆ। ਆਉਣ ਵਾਲੇ ਸਮੇਂ ਦੀ ਕਾਰਜ ਵਿਉਂਤ ਲਈ ਪੁਸਤਕ ਸਭਿਆਚਾਰ ਨੂੰ ਪ੍ਰਫੁਲਿਤ ਕਰਨ ਹਿਤ ਚਲਾਈ ਜਾਣ ਵਾਲੀ ਤਰਕਸ਼ੀਲ ਮੋਬਾਇਲ ਵੈਨ, ਇਕਾਈਆਂ ਦਾ ਵਿਚਾਰਧਾਰਕ ਪੱਧਰ ਉੱਚਾ ਚੁੱਕਣ, ਫਿਰਕਾਪ੍ਰਸਤੀ ਖਿਲਾਫ਼ ਡਟਣ ਤੇ ਵਿਗਿਆਨਕ ਵਿਚਾਰਾਂ ਦੀ ਮਸ਼ਾਲ ਨਾਲ ਅਗਿਆਨਤਾ ਦੇ ਹਨੇਰੇ ਨੂੰ ਖਿੰਡਾਉਣ ਲਈ ਵਿਉਂਤਬੰਦੀ ਕੀਤੀ ਗਈ। ਇੱਕਤਰਤਾ ਦੇ ਅੰਤ 'ਚ ਅੰਮ੍ਰਿਤਸਰ ਜੋਨ ਦੇ ਪ੍ਰਬੰਧਾਂ ਦੀ ਸਰਾਹਣਾ ਕਰਦਿਆਂ ਸਕੂਲੀ ਪਾਠਕ੍ਰਮ 'ਚੋਂ ਅੰਧਵਿਸ਼ਵਾਸੀ ਸਿਲੇਬਸ ਦਾ ਮੁਕੰਮਲ ਖਾਤਮਾ ਕਰਨ ਤੇ ਵਿਗਿਆਨ ਦੇ ਖੋਜੇ ਸਾਧਨਾਂ ਰਾਹੀਂ ਅੰਧਵਿਸ਼ਵਾਸਾਂ ਦਾ ਕੀਤਾ ਜਾ ਰਿਹਾ ਪ੍ਰਚਾਰ ਬੰਦ ਕਰਨ, ਆਸਾਰਾਮ ਕਾਂਡ ਦੀ ਉੱਚ ਪੱਧਰੀ ਜਾਂਚ ਕਰਕੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦੇਣ ਤੇ ਫਿਰਕੂ ਦੰਗਿਆਂ ਲਈ ਜ਼ਿੰਮੇਵਾਰ ਤਾਕਤਾਂ ਨੂੰ ਕਰੜੇ ਹੱਥੀ ਸਿੱਝਣ ਦੇ ਮਤੇ ਪੜ੍ਹੇ ਗਏ ਜਿਨ੍ਹਾਂ ਨੂੰ ਹਾਜ਼ਰ ਡੈਲੀਗੇਟਾਂ ਨੇ ਸਰਵਸੰਮਤੀ ਨਾਲ ਪ੍ਰਵਾਨ ਕੀਤਾ। ਵੱਖ-ਵੱਖ ਸ਼ੈਸ਼ਨਾਂ ਦੌਰਾਨ ਸੁਖਵਿੰਦਰ ਬਾਗਪੁਰ, ਜਸਵਿੰਦਰ ਪਟਵਾਰੀ, ਬਲਵੀਰ ਚੰਦ ਲੌਂਗੋਵਾਲ, ਹਰਿੰਦਰ ਲਾਲੀ, ਡਾ. ਮੁਖਵਿੰਦਰ ਚੋਹਲਾ, ਰਣਜੀਤ ਬਠਿੰਡਾ, ਚੰਨਣ ਵਾਂਦਰ, ਅਜੀਤ ਪ੍ਰਦੇਸੀ, ਸਤਾਲ ਸਲੋਹ, ਮਾਸਟਰ ਪਰਮਵੇਦ, ਨਰਿੰਦਰ ਸ਼ੇਖ ਚੱਕ, ਤਰਲੋਚਨ ਸਿੰਘ ਗੁਰਦਾਸਪੁਰ, ਜੁਝਾਰ ਲੌਂਗੋਵਾਲ, ਸੁਰਜੀਤ ਮੋਹਾਲੀ, ਗੁਰਮੀਤ ਖਰੜ ਤੇ ਦਲਬੀਰ ਕਟਾਣੀ ਆਦਿ ਆਗੂਆਂ ਨੇ ਵੀ ਬਹਿਸ 'ਚ ਭਾਗ ਲੈਂਦਿਆਂ ਉਸਾਰੂ ਰੋਲ ਨਿਭਾਇਆ। ਸਰਾਹੁਣਯੋਗ ਰੋਲ ਅਦਾ ਕੀਤਾ।

ਇਕੱਤਰਤਾ ਦੌਰਾਨ ਸੁਚੱਜੇ ਪ੍ਰਬੰਧਾਂ ਲਈ ਅੰਮ੍ਰਿਤਸਰ ਜ਼ੋਨ ਦੇ ਆਗੂਆਂ ਰਣਜੀਤ ਕੌਰ, ਸਤਨਾਮ ਜੰਡਿਆਲਾ, ਗੁਰਸੇਵਕ ਨੌਸ਼ਹਿਰਾ ਪੰਨੂਆਂ, ਬਲਵੰਤ ਸਿੰਘ ਤੇ ਲਖਵਿੰਦਰ ਗੋਪਾਲਪੁਰਾ ਤੋਂ ਇਲਾਵਾ ਸਮੁੱਚੀ ਟੀਮ ਦੇ ਯਤਨ ਸਰਾਹੁਣਯੋਗ ਸਨ। ਹਾਲ ਵਿੱਚ ਲੱਗੀਆਂ ਪੁਸਤਕ ਪ੍ਰਦਰਸ਼ਨੀਆਂ ਤੇ ਵੀ ਚਾਹ ਪਾਣੀ ਦੇ ਸ਼ੈਸ਼ਨਾਂ ਦੌਰਾਨ ਪਾਠਕਾਂ ਦੀ ਭੀੜ ਜੁਟੀ ਰਹੀ। ਪੁਸਤਕਾਂ ਖਰੀਦਣ 'ਚ ਡੈਲੀਗੇਟਾਂ ਤੇ ਹਾਜ਼ਰ ਦਰਸ਼ਕਾਂ ਨੇ ਭਰਵੀਂ ਰੁਚੀ ਵਿਖਾਈ। 4 ਸਤੰਬਰ ਦੀ ਸਵੇਰ ਨੂੰ ਵਿਗਿਆਨਕ ਵਿਚਾਰਾਂ ਦੀ ਰੁਸ਼ਨਾਈ ਨਾਲ ਸਮਾਜ 'ਚੋਂ ਅਗਿਆਨਤਾ ਦੇ ਹਨੇਰੇ ਨੂੰ ਖ਼ਤਮ ਕਰਨ ਦੇ ਅਹਿਦ ਨਾਲ ਇਹ ਸੂਬਾਈ ਛਿਮਾਹੀ ਇਕੱਤਰਤਾ ਸੰਪਨ ਹੋਈ।

ਰਾਮ ਸਵਰਨ ਲੱਖੇਵਾਲੀ

ਸੂਬਾ ਮੀਡੀਆ ਮੁਖੀ, 94173-62085

ਤਰਕਸ਼ੀਲ

ਜਨਤਾ ਦੇਸ਼ ਦੀ ਲੱਗੀ ਪਿੱਛੇ ਜੋਤਸ਼ੀਆਂ ਦੇ,
ਐਵੇਂ ਜਨਮ ਕੁੰਡਲੀਆਂ ਤੇ ਟੇਵੇ ਬਣਵਾਈ ਜਾਵੇ।
ਹੱਥ ਰੇਖਾਵਾਂ ਵਿੱਚ ਹੁੰਦੀ ਨਾ ਕਦੇ ਕੋਈ ਕਿਸਮਤ,
ਹੱਕ ਹਲਾਲ ਦੀ ਕਮਾਈ ਲੁਟਾਈ ਜਾਵੇ।
ਨਹੀਂ ਵਿਦਿਆ ਕੋਈ, ਨਿਰਾ ਹੀ ਝੂਠ ਜੋਤਿਸ਼,
ਤੀਰ ਤੁੱਕੇ ਨਾਲ ਜੋਤਸ਼ੀ ਭਰਮਾਈ ਜਾਵੇ।
ਲੋਕ ਪਹਿਲਾਂਹੀ ਫਸੇ ਅੰਧ ਵਿਸ਼ਵਾਸਾਂ ਦੇ ਵਿਚ,
ਮੀਡੀਆ ਜੋਤਿਸ਼ ਦਾ ਪ੍ਰਸਾਰਨ ਕਰਵਾਈ ਜਾਵੇ।
ਲੁੱਟ ਤੋਂ ਬਚਣਾ ਹੈ ਤਾਂ ਵਿਗਿਆਨਕ ਸੋਚ ਰੱਖੋ,
ਤਰਕਸ਼ੀਲ ਲੋਕਾਂ ਨੂੰ ਰੋਜ ਦੁਹਾਈ ਪਾਵੇ।

ਸੁਮੀਤ ਸਿੰਘ ਅੰਮ੍ਰਿਤਸਰ, 97792-30173

ਅਖੌਤੀ ਤਾਂਤਰਿਕ ਮੋਇਨ ਜੀ ਸਮਰਾਟ ਅਤੇ ਉਸਦੇ ਸਹਾਇਕਾਂ ਦਾ ਪਰਦਾਫਾਸ਼

ਜਸਵੰਤ ਜੀਰਖ

ਅਖਬਾਰਾਂ ਅਤੇ ਟੀ.ਵੀ. ਚੈਨਲਾਂ ਵਿੱਚ ਵਸੀਕਰਨ, ਵਿਦੇਸ਼ ਜਾਣ, ਸੰਤਾਨ ਪ੍ਰਾਪਤੀ, ਘਰੇਲੂ ਦੁੱਖ ਕਲੇਸ਼, ਮੁਕੱਦਮੇਬਾਜ਼ੀ, ਜਾਦੂ-ਟੂਣੇ ਆਦਿ ਸਮੱਸਿਆਵਾਂ ਦਾ ਹੱਲ ਤਾਂਤਰਿਕ ਵਿਧੀ ਨਾਲ ਕਰਨ ਦੇ ਦਾਅਵੇ ਕਰਕੇ ਇਸ਼ਤਿਹਾਰ ਦੇਣ ਵਾਲੇ ਤਾਂਤਰਿਕ ਮੋਇਨ ਜੀ ਸਮਰਾਟ ਉੱਪਰ ਕੇਸ ਦਰਜ ਕਰਵਾਉਣ ਅਤੇ ਉਸਦੇ ਸਹਾਇਕਾਂ ਅਬਦੁਲ ਰਹਿਮਾਨ ਅਤੇ ਗੌਰਵ ਨੂੰ ਮੌਕੇ ਤੇ ਗ੍ਰਿਫਤਾਰ ਕਰਵਾਕੇ ਜੇਲ੍ਹ ਭੇਜਣ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ (ਇਕਾਈ ਲੁਧਿਆਣਾ) ਸਫਲ ਹੋਈ ਹੈ। ਮੋਇਨ ਜੀ ਸਮਰਾਟ ਕਹਾਉਣ ਵਾਲੇ ਮੁੱਖ ਅਖੌਤੀ ਤਾਂਤਰਿਕ ਦੀ ਪੁਲੀਸ ਭਾਲ ਕਰ ਰਹੀ ਹੈ।

ਘਟਨਾ ਇਸ ਤਰ੍ਹਾਂ ਵਾਪਰੀ ਕਿ ਲੁਧਿਆਣੇ ਵਿੱਚ ਵੱਡੀ ਪੱਧਰ ਤੇ ਫੈਲੇ ਤਾਂਤਰਿਕਾਂ ਅਤੇ ਜੋਤਸ਼ੀਆਂ ਵੱਲੋਂ ਆਮ ਲੋਕਾਂ ਨਾਲ ਮਾਰੀਆਂ ਜਾਂਦੀਆਂ ਠੱਗੀਆਂ ਦੇ ਕੁੱਝ ਕੇਸ ਮੈਂ ਹਿੰਦੋਸਤਾਨ ਟਾਈਮਜ ਦੀ ਸੀਨੀਅਰ ਪੱਤਰਕਾਰ ਅੰਸੂ ਸੇਠ ਨਾਲ ਸਾਂਝੇ ਕੀਤੇ। ਉਹਨਾਂ ਨੇ ਇਹ ਸਭ ਕੁੱਝ ਬੰਦ ਕਰਵਾਉਣ ਅਤੇ ਲੋਕਾਂ ਨੂੰ ਅਸਲੀਅਤ ਬਾਰੇ ਜਾਣੂ ਕਰਵਾਉਣ ਹਿੱਤ ਸਟਿੰਗ ਅਪ੍ਰੇਸ਼ਨ ਕਰਨ ਦੀ ਸਲਾਹ ਦਿੱਤੀ ਅਤੇ ਇਹ ਕਰਨ ਦੀ ਜ਼ੁੰਮੇਵਾਰੀ ਵੀ ਲਈ। ਇਸ ਸਟਿੰਗ ਅਪ੍ਰੇਸ਼ਨ ਦੀ ਵਿਉਂਤਬੰਦੀ ਅਧੀਨ ਅਮਰਜੀਤ ਕੌਰ ਵਾਸੀ ਕੁਹਾੜਾ (ਫਰਜੀ ਨਾਮ) ਉਪਰੋਕਤ ਤਾਂਤਰਿਕ ਮੋਇਨ ਜੀ ਸਮਰਾਟ ਦੇ ਨਾਂ ਤੇ ਅਖਬਾਰਾਂ ਵਿੱਚ ਦਿੱਤੀ ਇਸ਼ਤਿਹਾਰਬਾਜੀ ਅਨੁਸਾਰ ਆਪਣੀ ਘਰੇਲੂ ਸਮੱਸਿਆ (ਔਲਾਦ ਨਾ ਹੋਣ) ਬਾਰੇ ਤਾਂਤਰਿਕ ਦੇ ਮਾਲ ਪਲਾਜਾ ਲੁਧਿਆਣਾ ਵਿਚ ਚਲਾਏ ਜਾ ਰਹੇ ਦਫਤਰ ਵਿਚ ਗਈ। ਇਸ ਸਮੇਂ ਉਹਨਾਂ ਦੇ ਨਾਲ ਇਸ ਇਕਾਈ ਦੇ ਮੈਂਬਰ ਮੋਹਣਜੀਤ ਥਰੀਕੇ ਭਰਾ ਦੇ ਤੌਰ ਤੇ ਗਏ ਅਤੇ ਮੈਂ ਬਾਹਰ ਦੀ ਸਥਿਤੀ ਭਾਂਪਣ ਪੱਖੋਂ ਦਫਤਰ ਦੇ ਬਾਹਰ ਹੀ ਰਿਹਾ। ਦਫਤਰ ਵਿੱਚ ਮੋਇਨ ਜੀ ਸਮਰਾਟ ਦੀ ਥਾਂ ਤੇ ਉਸ ਦਾ ਸਹਾਇਕ ਅਬਦੁਲ ਰਹਿਮਾਨ ਨਾਂ ਦਾ ਲੜਕਾ ਬੈਠਾ ਸੀ ਜਿਸ ਦੇ ਨਾਮ ਬਾਰੇ ਬਾਅਦ ਵਿੱਚ ਪੁਲੀਸ ਦੀ ਪੁੱਛ-ਗਿੱਛ ਰਾਹੀਂ ਪਤਾ ਲੱਗਾ। ਅਮਰਜੀਤ ਕੌਰ ਨੇ ਆਪਣੀ ਸਮੱਸਿਆ ਬਾਰੇ ਦੱਸਦਿਆਂ ਕਿਹਾ ਕਿ ਉਹਨਾਂ ਦੀ ਸ਼ਾਦੀ ਹੋਇਆਂ 10 ਸਾਲ ਹੋ ਗਏ ਹਨ, ਪਰ ਕੋਈ ਬੱਚਾ ਨਹੀਂ ਹੋਇਆ। ਇਸ ਕਰਕੇ ਘਰ ਵਿੱਚ ਕਲੇਸ਼ ਖੜਾ ਹੋ ਗਿਆ ਹੈ ਅਤੇ ਪਤੀ ਵੱਲੋਂ ਦੂਜੀ ਸ਼ਾਦੀ ਕਰਵਾਉਣ ਲਈ ਦਬਾਓ ਬਣਾਇਆ ਜਾ ਰਿਹਾ ਹੈ। ਉਪਰੋਕਤ ਤਾਂਤਰਿਕ ਨੇ ਸਾਰੀ ਗੱਲ ਸੁਣਨ ਬਾਅਦ ਮੋਹਣਜੀਤ ਥਰੀਕੇ ਨੂੰ ਕਿਹਾ ਕਿ ਉਹ ਲੜਕੀ ਨਾਲ ਇਕੱਲਿਆਂ ਗੱਲ ਕਰਨਾ ਚਾਹੁੰਦਾ ਹੈ, ਇਸ ਲਈ ਤੁਸੀਂ ਬਾਹਰ ਬੈਠ ਜਾਓ। ਇਸ ਇਕੱਲਤਾ ਵਿਚ ਤਾਂਤਰਿਕ ਨੇ ਅਮਰਜੀਤ ਕੌਰ ਨੂੰ ਕਿਹਾ ਕਿ ਤੁਹਾਡੀ ਕੁੱਖ ਬੰਨੀ ਹੋਈ ਹੈ ਇਸ ਲਈ ਤੁਹਾਡੇ ਸ਼ਰੀਰ ਦੀ ਸ਼ੁੱਧੀ ਕਰਨੀ ਪਏਗੀ। ਇਹ ਸ਼ੁੱਧੀ ਕਰਨ ਲਈ ਤੁਹਾਡੇ ਸਾਰੇ ਕੱਪੜੇ ਉਤਾਰਕੇ ਸ਼ਰੀਰ ਉਪਰ ਇਕ ਭਭੂਤੀ ਵਾਲਾ ਤਵੀਜ ਮਲਨਾ ਪਏਗਾ ਅਤੇ ਉਸਤੋਂ ਬਾਅਦ ਮੈਂ ਖੁਦ ਤੁਹਾਡਾ ਇਸ਼ਨਾਨ ਕਰਵਾਵਾਂਗਾ ਤੇ ਫਿਰ ਪੂਜਾ ਕਰਨੀ ਪਏਗੀ। ਇਸ ਸਭ ਕੁੱਝ ਤੇ 9660 ਰੁਪਏ ਸਮੇਤ ਸਮੱਗਰੀ ਖਰਚ ਆਵੇਗਾ ਅਤੇ ਪੂਜਾ ਉਪਰੰਤ ਤੁਹਾਡੀ ਦੇਵਤੇ ਨਾਲ ਸਿੱਧੀ ਗੱਲਬਾਤ ਕਰਵਾਈ ਜਾਵੇਗੀ। ਇਸ ਸਮੇਂ ਉਸਨੇ ਪਾਣੀ ਵਿੱਚ ਇੱਕ ਕਾਗਜ ਦਾ ਟੁਕੜਾ ਵੀ ਪਾਇਆ ਜਿਸਨੂੰ ਅੱਗ ਲੱਗ ਗਈ। ਅਮਰਜੀਤ ਕੌਰ ਨੇ ਕਿਹਾ ਕਿ ਪੂਜਾ ਆਦਿ ਤਾਂ ਕਰਵਾਈ ਜਾ ਸਕਦੀ ਹੈ ਪਰ ਹੋਰ ਜੋ ਤੁਸੀਂ ਕਹਿੰਦੇ ਹੋ ਉਹ ਨਹੀਂ ਹੋ ਸਕਦਾ। ਤਾਂਤਰਿਕ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਸ਼ਰੀਰਕ ਸ਼ੁੱਧੀ ਕਰਨ ਬਾਅਦ ਹੀ ਪੂਜਾ ਸਫਲ ਹੋ ਸਕਦੀ ਹੈ। ਪਰ ਅਮਰਜੀਤ ਨੇ ਇਹ ਕਹਿਕੇ ਆਪਣਾ ਪੱਲਾ ਛੁਡਾਇਆ ਕਿ ਮੈਂ ਆਪਣੇ ਘਰ ਜਾ ਕੇ ਸਲਾਹ ਕਰਾਂਗੀ, ਫਿਰ ਹੀ ਕੁੱਝ ਕਹਿ ਸਕਦੀ ਹਾਂ। ਤਾਂਤਰਿਕ ਨੇ ਕਿਹਾ ਕਿ ਠੀਕ ਹੈ ਤੁਸੀਂ 9660 ਰੁ: ਜਮਾਂ ਕਰਵਾ ਜਾਵੋ ਤੇ ਕੱਲ੍ਹ ਸਲਾਹ ਕਰਕੇ ਆ ਜਾਣਾ। ਉਸ ਸਮੇਂ ਮੋਹਣਜੀਤ ਨੂੰ ਵੀ ਅੰਦਰ ਬੁਲਾ ਲਿਆ ਅਤੇ ਪੈਸੇ ਜਮਾਂ ਕਰਵਾਉਣ ਲਈ ਕਿਹਾ। ਉਹਨਾਂ ਨੇ ਮੌਕੇ ਤੇ 5000 ਰੁਪਏ ਜਮਾਂ ਕਰਵਾ ਦਿੱਤੇ ਜੋ ਉਸਨੇ ਆਪਣੇ ਘਰੇਲੂ ਸਮਾਨ ਆਦਿ ਖਰੀਦਣ ਲਈ ਰੱਖੇ ਹੋਏ

ਸਨ ਅਤੇ ਬਾਕੀ ਰੁਪਏ ਅਗਲੇ ਦਿਨ 27-9-13 ਨੂੰ ਦੇਣ ਦਾ ਵਾਅਦਾ ਕਰ ਲਿਆ।

ਤਾਂਤਰਿਕ ਨੇ ਅਗਲੇ ਦਿਨ ਕੁੱਝ ਹੋਰ ਵਸਤਾਂ ਜਿਵੇਂ ਅਮਰਜੀਤ ਕੌਰ ਦੀ ਸੱਸ ਅਤੇ ਪਤੀ ਦੀ ਫੋਟੋ, 2 ਨਿੰਬੂ, ਦੋ ਚਿੱਟੇ ਰੁਮਾਲ, ਫੁੱਲਾਂ ਦੇ ਹਾਰ ਅਤੇ ਅਗਰਬੱਤੀ ਆਦਿ ਦੇ ਪੈਕਟ ਵੀ ਨਾਲ ਲਿਆਉਣ ਲਈ ਕਿਹਾ। ਇਸ ਸਾਰੀ ਘਟਨਾ ਬਾਰੇ ਪੁਲੀਸ ਨੂੰ ਸੂਚਤ ਕਰ ਦਿੱਤਾ ਗਿਆ ਅਤੇ ਅਗਲੇ ਦਿਨ ਤਰਕਸ਼ੀਲ ਮੈਂਬਰਾਂ ਨੂੰ ਵੀ ਸਾਰਾ ਦ੍ਰਿਸ਼ ਦੇਖਣ ਲਈ ਬੁਲਾ ਲਿਆ ਗਿਆ।

ਜਦੋਂ ਦੂਜੇ ਦਿਨ ਤਾਂਤਰਿਕ ਕੋਲ ਗਏ ਤਾਂ ਸਭ ਤੋਂ ਪਹਿਲਾਂ ਉਸਨੇ ਬਾਕੀ ਰਹਿੰਦੇ ਰੁਪਏ ਅਤੇ ਹੋਰ ਦੱਸਿਆ ਗਿਆ ਸਮਾਨ ਦੇਣ ਲਈ ਕਿਹਾ। ਮੋਹਣਜੀਤ ਨੇ ਇਸ ਵੇਲੇ 5000/- ਰੁ: ਅਤੇ ਫੋਟੋ ਆਦਿ ਦੇ ਦਿੱਤੇ। ਅਮਰਜੀਤ ਕੌਰ ਨੇ ਬਾਕੀ ਵਸਤਾਂ ਨਾ ਲਿਆਉਣ ਦੇ ਕਾਰਨ ਬਾਰੇ ਦੱਸਦਿਆਂ ਤਾਂਤਰਿਕ ਨੂੰ ਕਿਹਾ ਕਿ ਰਾਤੀਂ ਉਸਨੂੰ ਬਹੁਤ ਡਰਾਉਣੇ ਸੁਪਨੇ ਆਉਂਦੇ ਰਹੇ ਹਨ ਇਸ ਕਰਕੇ ਹੋਰ ਚੀਜਾਂ ਨਹੀਂ ਲਿਆਂਦੀਆਂ। ਇਹ ਚੀਜਾਂ ਮੰਗਵਾਉਣ ਲਈ 500 ਰੁਪਏ ਹੋਰ ਦਿੰਦਿਆਂ ਕਿਹਾ ਕਿ ਹੋਰ ਜੋ ਕੁੱਝ ਤੁਸੀਂ ਚਾਹੁੰਦੇ ਹੋ ਮੰਗਵਾ ਲਓ। ਤਾਂਤਰਿਕ ਨੇ ਇਹ 500 ਰੁਪਏ ਲੈ ਕੇ ਨਾਲ ਹੀ ਬੈਠੇ ਇਕ ਲੜਕੇ ਨੂੰ ਫੜਾ ਕੇ ਸਬੰਧਤ ਚੀਜਾਂ ਲਿਆਉਣ ਲਈ ਕਿਹਾ। ਪਰ ਇਹ ਵਸਤਾਂ ਲੈਣ ਗਿਆ ਲੜਕਾ ਜਦੋਂ ਕਾਫੀ ਸਮਾਂ ਬੀਤਣ ਬਾਅਦ ਵੀ ਨਾ ਮੁੜਿਆ ਤਾਂ ਹੋਰ ਉਡੀਕ ਕਰਨ ਦੀ ਬਜਾਏ ਪੁਲੀਸ ਬੁਲਾਕੇ ਇਸਦਾ ਸਾਰਾ ਢੋਂਗ ਨੰਗਾ ਕਰਨਾ ਠੀਕ ਸਮਝਿਆ। ਉਸ ਵੇਲੇ ਪੁਲੀਸ ਨੇ ਤਾਂਤਰਿਕ ਅਬਦੁਲ ਰਹਿਮਾਨ ਅਤੇ ਉਸਦੇ ਇਕ ਹੋਰ ਸਾਥੀ ਗੌਰਵ ਨੂੰ ਤੁਰੰਤ ਗ੍ਰਿਫਤਾਰ ਕਰ ਲਿਆ। ਜਿਹਨਾਂ ਖਿਲਾਫ ਧਾਰਾ 420 ਅਤੇ 354 IPC ਤਹਿਤ ਕੇਸ ਦਰਜ ਕਰ ਦਿੱਤਾ ਗਿਆ ਹੈ। ਇਹਨਾਂ ਦੋਨਾਂ ਦਾ 14 ਦਿਨਾਂ ਲਈ ਜੁਡੀਸ਼ੀਅਲ ਰੀਮਾਂਡ ਹੋ ਚੁੱਕਾ ਹੈ ਅਤੇ ਸੈਂਟਰਲ ਜੇਲ ਲੁਧਿਆਣਾ ਵਿੱਚ ਭੇਜ ਦਿੱਤਾ ਗਿਆ ਹੈ। ਅਸਲ ਤਾਂਤਰਿਕ ਮੋਇਨ ਜੀ ਸਮਰਾਟ ਜੋ ਮੌਕੇ ਤੇ ਦਫਤਰ ਵਿੱਚ ਨਾ ਹੋਣ ਕਰਕੇ ਗ੍ਰਿਫਤਾਰ ਕਰਨੋਂ ਬਾਕੀ ਹੈ ਜਿਸਦੀ ਪੁਲੀਸ ਵੱਲੋਂ ਭਾਲ ਜਾਰੀ ਹੈ। ਇਸ ਸਮੇਂ ਤਰਕਸ਼ੀਲ ਸੁਸਾਇਟੀ ਦੇ ਮੈਂਬਰ ਪ੍ਰਿੰ. ਹਰਭਜਨ ਸਿੰਘ, ਆਤਮਾ ਸਿੰਘ, ਦਲਬੀਰ ਕਟਾਣੀ, ਹਰਚੰਦ ਸਿੰਘ, ਰਣਜੋਧ ਸਿੰਘ, ਬਿੱਟੂ, ਸੁਖਵਿੰਦਰ ਲੀਲ ਸਮੇਤ ਕਈ ਹਮਦਰਦ ਕਰਨਲ (ਰਿਟਾ.) ਜੇ.ਐਸ. ਬਰਾੜ ਆਦਿ ਵੀ ਹਾਜਰ ਸਨ। ਲੁਧਿਆਣਾ ਪੁਲੀਸ ਦੀ ਭੂਮਿਕਾ ਇਸ ਕੇਸ ਸਬੰਧੀ ਬਹੁਤ ਹੀ ਸ਼ਲਾਘਾਯੋਗ ਰਹੀ ਜਿਹਨਾਂ ਨੇ ਅੱਗੇ ਲਈ ਵੀ ਅਜਿਹੇ ਠੱਗ ਲੋਕਾਂ ਖਿਲਾਫ ਕਾਰਵਾਈ ਕਰਦੇ ਰਹਿਣ ਲਈ ਤਰਕਸ਼ੀਲ ਸੁਸਾਇਟੀ ਨੂੰ ਹਰ ਤਰ੍ਹਾਂ ਨਾਲ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

98151-69825

ਤਰਕਸ਼ੀਲ ਭਵਨ ਵਿਖੇ ਹਾਲ ਦੀ ਉਸਾਰੀ ਲਈ ਆਰਥਿਕ ਸਹਾਇਤਾ ਸਬੰਧੀ ਅਪੀਲ

ਤਰਕਸ਼ੀਲ ਸੁਸਾਇਟੀ ਪੰਜਾਬ ਰਜਿ: ਵੱਲੋਂ ਤਰਕਸ਼ੀਲ ਭਵਨ ਬਰਨਾਲਾ ਵਿਖੇ ਉਸਾਰੇ ਜਾ ਰਹੇ ਹਾਲ ਉੱਪਰ ਲਗਭਗ 35 ਲੱਖ ਰੁਪਏ ਖਰਚਾ ਹੋਵੇਗਾ । ਇਹ ਹਾਲ 300 ਕੁਰਸੀਆਂ ਦਾ ਹੋਵੇਗਾ । ਇਸ ਦੇ ਹੇਠਾਂ ਪਾਰਕਿੰਗ, ਨਾਲ ਹੀ ਲਾਇਬਰੇਰੀ ਅਤੇ ਹੋਰ ਲੋੜੀਂਦੇ ਕਮਰੇ ਹੋਣਗੇ । ਸਾਰੇ ਜ਼ੋਨਾਂ, ਇਕਾਈਆਂ, ਭਰਾਤਰੀ ਜਥੇਬੰਦੀਆਂ, ਦੇਸ਼ ਵਿਦੇਸ਼ ਵਿੱਚ ਬੈਠੇ ਪਾਠਕਾਂ, ਸਹਿਯੋਗੀਆਂ ਅਤੇ ਤਰਕਸ਼ੀਲ ਲਹਿਰ ਦੇ ਸ਼ੁਭ-ਚਿੰਤਕਾਂ ਨੂੰ ਇਸ ਕਾਰਜ ਲਈ ਵੱਧ ਤੋਂ ਵੱਧ ਆਰਥਿਕ ਸਹਾਇਤਾ ਭੇਜਣ ਦੀ ਅਪੀਲ ਕੀਤੀ ਜਾਂਦੀ ਹੈ । ਪ੍ਰਾਪਤ ਸਹਾਇਤਾ ਮੈਗਜ਼ੀਨ ਵਿੱਚ ਲੜੀਵਾਰ ਛਾਪੀ ਜਾ ਰਹੀ ਹੈ । ਸਹਾਇਤਾ ਚੈੱਕ, ਡਰਾਫਟ ਰਾਹੀਂ ਭੇਜੀ ਜਾ ਸਕਦੀ ਹੈ ਜੋ ਤਰਕਸ਼ੀਲ ਸੁਸਾਇਟੀ ਪੰਜਾਬ ਰਜਿ: ਦੇ ਨਾਮ ਹੋਵੇ ਜਾਂ ਮੁੱਖ ਦਫ਼ਤਰ ਵਿੱਚ ਨਕਦ ਜਮ੍ਹਾਂ ਕਰਵਾਈ ਜਾ ਸਕਦੀ ਹੈ। ਸੁਸਾਇਟੀ ਦੇ ਖਾਤਾ ਨੰਬਰ 0044000100282234, ਪੰਜਾਬ ਨੈਸ਼ਨਲ ਬੈਂਕ ਵਿੱਚ ਤੁਸੀਂ ਸਿੱਧੇ ਵੀ ਸਹਾਇਤਾ ਜਮ੍ਹਾਂ ਕਰਵਾ ਸਕਦੇ ਹੋ ਪਰ ਜਮ੍ਹਾਂ ਕਰਵਾਉਣ ਉਪਰੰਤ ਮੁੱਖ ਦਫ਼ਤਰ ਨੂੰ ਫੋਨ 'ਤੇ ਜ਼ਰੂਰ ਸੂਚਿਤ ਕਰ ਦਿੱਤਾ ਜਾਵੇ ।

ਵੱਲੋਂ : ਸੂਬਾ ਕਮੇਟੀ

? ਦਸ ਸਵਾਲ ?

ਪਿਛਲੇ ਅੰਕ ਵਿੱਚ ਪੁੱਛੇ ਗਏ ਸਾਰੇ ਸੁਆਲਾਂ ਦੇ ਦੋ ਬੱਚਿਆਂ ਨੇ ਠੀਕ ਜੁਆਬ ਦਿੱਤੇ ਹਨ। ਨੌਂ ਜਾਂ ਨੌਂ ਤੋਂ ਵੱਧ ਠੀਕ ਜੁਆਬ ਦੇਣ ਵਾਲੇ ਬੱਚਿਆਂ ਦੇ ਨਾਂ ਹੇਠ ਛਾਪ ਰਹੇ ਹਾਂ। ਇੰਨ੍ਹਾਂ ਚੋਂ ਇਨਾਮਯੋਗ ਪਹਿਲੇ ਚਾਰ ਬੱਚਿਆਂ ਨੂੰ ਕਿਤਾਬਾਂ ਦੇ ਰੂਪ ਵਿੱਚ ਢੁਕਵੇਂ ਇਨਾਮ ਭੇਜ ਦਿੱਤੇ ਜਾਣਗੇ।

1. ਜਸਪ੍ਰੀਤ ਕੌਰ, ਗਿਆਰਵੀਂ,
   ਸ.ਮਾ.ਸ.ਸ. ਸਕੂਲ, ਖਰੜ, ਮੋਹਾਲੀ
2. ਰਮਨਪ੍ਰੀਤ ਕੌਰ, ਗਿਆਰਵੀਂ,
   ਸ.ਮਾ.ਸ.ਸ. ਸਕੂਲ, ਖਰੜ, ਮੋਹਾਲੀ
3. ਗੌਰਵ ਚੰਮ, ਗਿਆਰਵੀਂ,
   ਡੀ.ਏ.ਵੀ. ਪਬਲਿਕ ਸਕੂਲ, ਮਾਨਸਾ
4. ਜਸਪ੍ਰੀਤ ਸ਼ਰਮਾ, ਨੌਂਵੀਂ,
   ਸ.ਸ.ਸ. ਸਕੂਲ, ਉਲਾਣਾ, ਪਟਿਆਲਾ
5. ਅਰਸ਼ਦੀਪ ਵਰਮਾ, ਨੌਂਵੀਂ,
   ਸੈਕਰਡ ਹਾਰਟ ਕਾਨਵੈਂਟ ਸਕੂਲ, ਮਾਛੀਵਾੜਾ
6. ਰਸ਼ਵਿੰਦਰ ਕੌਰ, ਅੱਠਵੀਂ
   ਸ.ਮਾ.ਸ.ਸ. ਸਕੂਲ, ਮੰਡਵੀ, ਸੰਗਰੂਰ
7. ਗੁਰਪ੍ਰੀਤ ਕੌਰ, ਅੱਠਵੀਂ
   ਸ.ਮਾ.ਸ.ਸ. ਸਕੂਲ ਮੰਡਵੀ, ਸੰਗਰੂਰ
8. ਸੋਨੀਆਂ, ਅੱਠਵੀਂ,
   ਸ.ਹਾ. ਸਕੂਲ ਹੁਲਕਾ, ਮੋਹਾਲੀ
9. ਸਿਮਰਨਜੀਤ ਕੌਰ, ਅੱਠਵੀਂ,
   ਸ.ਹਾ. ਸਕੂਲ ਹੁਲਕਾ, ਮੋਹਾਲੀ

ਇਸਤੋਂ ਬਿਨਾਂ ਸ. ਹਾਈ ਸਕੂਲ ਮੰਗੂਵਾਲ ਜ਼ਿਲ੍ਹਾ ਕਪੂਰਥਲਾ, ਸ.ਸ.ਸ. ਸਕੂਲ ਹੁਸ਼ਿਆਰਪੁਰ ਜ਼ਿਲ੍ਹਾ ਮੋਹਾਲੀ ਦੇ ਵਿਦਿਆਰਥੀਆਂ ਨੇ ਵੀ ਪ੍ਰਤਿਯੋਗਤਾ ਵਿੱਚ ਭਾਗ ਲਿਆ।

ਸਤੰਬਰ-ਅਕਤੂਬਰ ਅੰਕ ਵਿੱਚ ਪੁੱਛੇ ਗਏ ਪ੍ਰਸ਼ਨਾਂ ਦੇ ਸਹੀ ਉੱਤਰ -

1. ਕਾਲਾ ਸੋਨਾ ਪੈਟ੍ਰੋਲੀਅਮ ਨੂੰ ਕਹਿੰਦੇ ਹਨ।
2. ਲੈਕਟੋਬੇਸੀਲਸ ਬੈਕਟੀਰੀਆ (Lactobacillus) ਦੁੱਧ ਨੂੰ ਦਹੀਂ ਵਿੱਚ ਬਦਲ ਦਿੰਦਾ ਹੈ।
3. 'ਉਡਦਿਆਂ ਬਾਜ਼ਾਂ ਮਗਰ' ਅਵਤਾਰ ਪਾਸ਼ ਦਾ ਕਾਵਿ-ਸੰਗ੍ਰਹਿ ਹੈ।
4. ਮਈ-ਜੂਨ 2011 ਦਾ ਤਰਕਸ਼ੀਲ ਮੈਗਜ਼ੀਨ ਸਿਲਵਰ ਜੁਬਲੀ ਅੰਕ ਸੀ।
5. ਭਾਰਤ ਵਿੱਚ ਪੋਲੀਓ ਦਾ ਆਖਰੀ ਮਰੀਜ਼ 13 ਜਨਵਰੀ 2011 ਨੂੰ ਮਿਲਿਆ।
6. ਐਸਕੇਪ ਵੈਲੋਸਿਟੀ 11.2 ਕਿ.ਮੀ./ਸੈਕਿੰਡ
7. ਖ਼ੂਨ ਦੇ ਅਲੱਗ-ਅਲੱਗ ਗਰੁੱਪ ਹੋਣ ਦੀ ਖੋਜ਼ ਕਾਰਲ ਲੈਂਡਸਟੇਨਰ ਨੇ ਸੰਨ 1900 ਵਿੱਚ ਕੀਤੀ।
8. ਲੋਹਾ 1538 ਡਿਗਰੀ ਸੈਂਟੀਗ੍ਰੇਡ ਤੇ ਪਿਘਲਦਾ ਹੈ।
9. WHO ਦਾ ਪੂਰਾ ਨਾਂ World Health Organization ਹੈ।
10. ਹਰਗੋਬਿੰਦ ਖੁਰਾਣਾ

ਅਗਲੇ ਦਸ ਸੁਆਲ

1. 'ਭਾਰਤ ਇਕ ਖੋਜ' ਕਿਸ ਦੀ ਰਚਨਾ ਹੈਂ?
2. ਇੱਕ ਸਮ-ਭੁਜ ਤ੍ਰਿਕੋਣ (Equilateral triangle), ਇੱਕ ਵਰਗ (Square) ਅਤੇ ਇੱਕ ਚੱਕਰ (Circle) ਦਾ ਘੇਰਾ ਬਰਾਬਰ-ਬਰਾਬਰ ਹੈ। ਕਿਸਦਾ ਖੇਤਰਫਲ (Area) ਸਭ ਤੋਂ ਜਿਆਦਾ ਹੋਵੇਗਾ?
3. 'ਬੋਲਿਆਂ ਨੂੰ ਸੁਨਾਉਣ ਲਈ ਉੱਚੀ ਆਵਾਜ਼ ਦੀ ਲੋੜ ਪੈਂਦੀ ਹੈ।' ਇਹ ਬਿਆਨ ਕਿਸ ਆਜ਼ਾਦੀ-ਸੰਗਰਾਮੀਏ ਨਾਲ ਜੁੜਿਆ ਹੋਇਆ ਹੈ?
4. ਇਕ ਧਾਤ (Metal) ਆਕਸੀਜਨ ਅਤੇ ਪਾਣੀ ਨਾਲ ਏਨੀ ਕਿਰਿਆਸ਼ੀਲ ਹੈ ਕਿ ਇਸ ਨੂੰ ਹਵਾ ਵਿੱਚ ਆਮ ਹਾਲਤਾਂ ਵਿੱਚ ਅੱਗ ਲੱਗ ਜਾਂਦੀ ਹੈ? ਧਾਤ ਦਾ ਨਾਂ ਦੱਸੋ?
5. ਕਿਸੇ ਪਦਾਰਥ ਦੀ ਇਕ ਕਿਲੋਗ੍ਰਾਮ ਮਾਤਰਾ ਦੇ

ਬਲਣ ਨਾਲ ਪੈਦਾ ਹੁੰਦੀ ਤਾਪ ਊਰਜਾ ਦੀ ਮਾਤਰਾ ਨੂੰ ਕੈਲੋਰੀਫਿਕ ਵੈਲਯੂ (Calorific Value) ਦੇ ਹਨ। ਗੋਹੇ ਅਤੇ ਰਸੋਈ ਗੈਸ (LPG) ਦੀ ਕੈਲੋਰੀਫਿਕ ਵੈਲਯੂ ਕਿੰਨੀ ਹੁੰਦੀ ਹੈ?

6. Forest Research Institute ਕਦੋਂ ਅਤੇ ਕਿੱਥੇ ਸਥਾਪਤ ਕੀਤੀ ਗਈ?

7. ਡੇਂਗੂ ਵਾਇਰਸ ਕਿਸ ਮੱਛਰ ਰਾਹੀਂ ਫੈਲਦਾ ਹੈ?

8. ਕਾਵੇਰੀ ਨਦੀ ਦਾ ਜਲ ਵਿਵਾਦ ਕਿੰਨ੍ਹਾਂ ਦੋ ਰਾਜਾਂ ਨਾਲ ਸਬੰਧਤ ਹੈ?

9. ਆਦਮੀ ਦਾ ਸਭ ਤੋਂ ਪਹਿਲਾਂ ਜਾਨਵਰ ਕਿਹੜਾ ਸੀ?

10. ਇਹ ਤਸਵੀਰ ਕਿਸਦੀ ਹੈ?



ਇੰਨ੍ਹਾਂ ਸੁਆਲਾਂ ਦੇ ਉੱਤਰ ਸਾਦੇ ਕਾਗਜ਼ ਜਾਂ ਪੋਸਟ ਕਾਰਡ ਉੱਪਰ ਆਪਣਾ ਨਾਂ, ਜਮਾਤ, ਸਕੂਲ ਦਾ ਨਾਂ ਅਤੇ ਫੋਨ ਨੰਬਰ ਲਿਖਕੇ ਡਾਕ ਰਾਹੀਂ ਹੇਠ ਲਿਖੇ ਪਤੇ ਤੇ ਭੇਜੇ ਜਾਣ। ਜੁਆਬ 4 ਦਸੰਬਰ ਤੱਕ ਪਹੁੰਚ ਜਾਣੇ ਚਾਹੀਦੇ ਹਨ।

ਜਸਵੰਤ ਸਿੰਘ, ਮਕਾਨ ਨੰ: ਐੱਚ.ਐਲ. 107, ਫੇਜ-1, ਮੋਹਾਲੀ

ਇੰਝ ਪੜ੍ਹੀਏ ਪੁਸਤਕਾਂ

ਆਈਨਸਟਾਇਨ ਦੇ ਸਮਾਜਿਕ ਸਰੋਕਾਰ

ਪਰਮਿੰਦਰ ਕੌਰ



ਆਇਨਸਟਾਈਨ ਅਤੇ ਉਸਦੇ ਸਮਾਜਿਕ ਸਰੋਕਾਰ ਕਿਤਾਬ ਜੋ ਕਿ ਲੇਖਕ ਰਾਜਪਾਲ ਸਿੰਘ ਦੁਆਰਾ ਲਿਖੀ ਗਈ ਹੈ, ਇੱਕ ਬਹੁਤ ਵਧੀਆ ਜ਼ਰੀਆ ਹੈ, ਐਲਬਰਟ ਆਇਨਸਟਾਇਨ ਬਾਰੇ ਜਾਨਣ ਦਾ। ਇਹ ਕਿਤਾਬ ਪੜ੍ਹਨ ਤੋਂ ਪਹਿਲਾਂ ਮੈਂ ਆਇਨਸਟਾਇਨ ਬਾਰੇ ਖਾਸ ਨਹੀਂ ਜਾਣਦੀ ਸੀ। ਪਰ ਪੜ੍ਹਨ ਤੋਂ ਬਾਅਦ ਮੈਨੂੰ ਬਹੁਤ ਸਾਰੀ ਜਾਣਕਾਰੀ ਪ੍ਰਾਪਤ ਹੋਈ।

ਆਇਨਸਟਾਇਨ ਇੱਕ ਵਿਲੱਖਣ ਪ੍ਰਤਿਭਾ ਦੇ ਮਾਲਕ ਸਨ। ਬਚਪਨ ਵਿੱਚ ਉਹਨਾਂ ਨੂੰ ਆਪਣਾ ਸਕੂਲ ਪਸੰਦ ਨਹੀਂ ਸੀ। ਕਿਉਂਕਿ ਉੱਥੇ ਰੱਟੇ ਵਾਲੇ ਤਰੀਕੇ ਨਾਲ ਪੜ੍ਹਾਇਆ ਜਾਂਦਾ ਸੀ। ਉਹਨਾਂ ਨੂੰ ਫੌਜ ਵਿੱਚ ਵੀ ਦਿਲਚਸਪੀ ਨਹੀਂ ਸੀ। ਇਸਲਈ ਉਹਨਾਂ ਨੇ ਪਾਲੀਟੈਕਨਿਕ ਕਾਲਜ ਵਿੱਚ ਦਾਖਲਾ ਲਿਆ। ਉਹ ਸਾਦਗੀ ਵਾਲਾ ਜੀਵਨ ਬਤੀਤ ਕਰਦੇ ਸਨ। ਉਹਨਾਂ ਦਾ ਖਿਆਲ ਸੀ ਕਿ ਮਨੁੱਖ ਨੂੰ ਆਪਣੀਆਂ ਇੱਛਾਵਾਂ ਨੂੰ ਘਟਾਕੇ ਅਜ਼ਾਦੀ ਵਧਾਉਣੀ ਚਾਹੀਦੀ ਹੈ। ਉਹ ਸ਼ਾਂਤੀ ਪਸੰਦ ਸਨ ਅਤੇ ਯੁੱਧ ਅਤੇ ਅਸ਼ਾਂਤੀ ਦੇ ਖਿਲਾਫ਼ ਸਨ। ਮੰਨਿਆ ਜਾਂਦਾ ਹੈ ਕਿ ਪ੍ਰਮਾਣੂ ਬੰਬ ਬਣਾਉਣ ਚ ਉਹਨਾਂ ਦਾ ਖਾਸ ਰੋਲ ਹੈ, ਪਰ ਉਹਨਾਂ ਦਾ ਸੂਤਰ ਸਿਰਫ ਮਾਦੇ ਦੇ ਨਸ਼ਟ ਹੋਣ ਤੇ ਊਰਜਾ ਦੀ ਮਾਤਰਾ ਹੀ ਦੱਸਦਾ ਹੈ।

ਉਹ ਸਰਲ ਸੁਭਾਅ ਦੇ ਸਨ ਅਤੇ ਬੱਚਿਆਂ ਵਾਂਗ ਹੱਸਦੇ ਸਨ। ਉਹ ਵਿਗਿਆਨੀ ਸਨ, ਪਰ ਸਮਾਜਿਕ ਸਰੋਕਾਰਾਂ ਤੋਂ ਨਿਰਲੇਪ ਨਹੀਂ ਸਨ। ਉਹਨਾਂ ਦਾ ਵਿਚਾਰ ਸੀ ਕਿ ਉਸਦੀ ਜਿੰਦਗੀ ਉਹਨਾਂ ਲੱਖਾਂ ਲੋਕਾਂ ਦੀ ਮਿਹਨਤ ਅਤੇ ਪ੍ਰਾਪਤੀਆਂ ਦੇ ਕਾਰਣ ਹੀ ਸੰਭਵ ਹੈ ਜੋ ਸਾਰੇ ਦੇ ਸਾਰੇ ਇਸ ਛੋਟੇ ਜਿਹੇ ਸ਼ਬਦ ਸਮਾਜ ਦੇ ਪਿੱਛੇ ਛੁਪੇ ਹੋਏ ਹਨ। ਆਇਨਸਟਾਇਨ ਦੇ ਪੇਟ ਵਿੱਚ ਇੱਕ ਨਾੜੀ ਫਟਣ ਕਾਰਨ ਅੰਦਰ ਖੂਨ ਚੱਲ ਪਿਆ। 1948 ਵਿੱਚ ਸਰਜਰੀ ਨਾਲ ਠੀਕ ਹੋ ਗਏ। ਪਰ ਫਿਰ ਨਾਲੀ ਫਟ ਗਈ, ਪਰ ਉਹਨਾਂ ਨੇ ਸਰਜਰੀ ਤੋਂ ਨਾਂਹ ਕਰ ਦਿੱਤੀ ਅਤੇ ਕਿਹਾ, ਮੈਂ ਹੁਣ ਜਾਣਾ ਚਾਹੁੰਦਾ ਹਾਂ। ਇਉਂ ਬਣਾਉਟੀ ਢੰਗ ਨਾਲ ਜਿੰਦਗੀ ਨੂੰ ਲੰਬਾ ਖਿੱਚਣਾ ਸਵਾਦ ਵਾਲੀ ਗੱਲ ਨਹੀਂ। ਹੁਣ ਮੈਂ ਜਾਣਾ ਚਾਹੁੰਦਾ ਹਾਂ। ਮੈਂ ਸਨਮਾਨ ਪੂਰਵਕ ਮਰਾਂਗਾ।ਅਗਲੇ ਦਿਨ ਉਹਨਾਂ ਨੇ ਪ੍ਰਾਣ ਤਿਆਗ ਦਿੱਤੇ। ਉਹਨਾਂ ਨੇ ਆਪਣੀ ਵਸੀਅਤ ਵਿੱਚ ਲਿਖਿਆ ਕਿ **ਉਹਨਾਂ ਦਾ ਅੰਤਿਮ ਸੰਸਕਾਰ ਬਗੈਰ ਕਿਸੇ ਧਾਰਮਿਕ ਰਸਮ ਤੋਂ ਕੀਤਾ ਜਾਵੇ ਅਤੇ ਗੁਪਤ ਹੀ ਰੱਖਿਆ ਜਾਵੇ। ਉਹਨਾਂ ਦੀ ਰਾਖ਼ ਅਗਿਆਤ ਸਥਾਨ ਤੇ ਖਿਲਾਰ ਦਿੱਤੀ ਜਾਵੇ। ਤਾਂ ਜੋ ਲੋਕ ਉਹਨਾਂ ਦੀਆਂ ਹੱਡੀਆਂ ਦੀ ਪੂਜਾ ਨਾ ਕਰਨ।**

ਉਹਨਾਂ ਵੱਲੋਂ ਕੀਤੇ ਵਿਗਿਆਨਕ ਕੰਮਾਂ ਜਿੰਨਾ ਹੀ ਮਹੱਤਵ ਹੈ ਉਹਨਾਂ ਦਾ ਮਾਨਵ ਜਾਤੀ ਨਾਲ ਸਬੰਧਿਤ ਸਰੋਕਾਰਾਂ ਨਾਲ ਜੁੜੇ ਹੋਣਾ। ਜਿਸ ਵਿੱਚ ਅਮਨ, ਸਮਾਜਵਾਦ, ਮਾਨਵੀ ਵਿਕਾਸ ਆਦਿ ਅਹਿਮ ਮੁੱਦੇ ਸਨ। ਨਿਸ਼ਚੇ ਹੀ ਆਇਨਸਟਾਈਨ ਪਿਛਲੀ ਸਦੀ ਦੀ ਬਹੁਤ ਮਹੱਤਵਪੂਰਨ ਅਤੇ ਚਰਚਿਤ ਸਖ਼ਸ਼ੀਅਤ ਸੀ।

ਸੰਤ ਬਾਬਾ ਅਤਰ ਸਿੰਘ ਸੀਨੀ. ਸੈਕੰ. ਸਕੂਲ, ਹਰਿਆਊ (ਲਹਿਰਾਗਾਗਾ)

ਵਿਸ਼ੇਸ਼ ਰਿਪੋਰਟ

ਦਾਭੋਲਕਰ ਦੇ ਹੱਕ 'ਚ ਰੋਸ ਰੈਲੀ ਤੇ ਮਾਰਚ

ਰਾਮ ਸਵਰਨ ਲੱਖੇਵਾਲੀ

ਹਮੇਸ਼ਾ ਹੀ ਲੋਕ ਪੱਖੀ ਸਰਗਰਮੀਆਂ ਦਾ ਕੇਂਦਰ ਰਹਿੰਦੇ ਦੇਸ਼ ਭਗਤ ਹਾਲ ਜਲੰਧਰ 'ਚ 3 ਸਤੰਬਰ, 2013 ਨੂੰ ਰੋਹ ਦਾ ਮਾਹੌਲ ਸੀ ਜਦ ਰਾਜ ਭਰ ਤੋਂ ਆਏ ਤਰਕਸ਼ੀਲ, ਲਹਿਰ ਦੇ ਸਨੇਹੀ ਤੇ ਲੋਕ ਪੱਖੀ ਜਮਹੂਰੀ ਲਹਿਰ ਦੇ ਕਾਮੇ ਵਿਗਿਆਨਕ ਚੇਤਨਾ ਕਾਫ਼ਲੇ ਦੇ ਮੋਹਰੀ ਡਾ. ਨਰੇਂਦਰ ਦਾਭੋਲਕਰ ਦੇ ਕਤਲ ਉਪਰੰਤ ਦੇਸ਼ ਭਰ 'ਚ ਅੰਧ ਵਿਸ਼ਵਾਸਾਂ ਖਿਲਾਫ਼ ਕਾਨੂੰਨ ਬਣਾਉਣ ਤੇ ਸਮਾਜ 'ਚੋਂ ਅਗਿਆਨਤਾ ਦਾ ਹਨੇਰਾ ਦੂਰ ਕਰਨ ਲਈ ਉੱਠ ਰਹੀ ਆਵਾਜ਼ ਨੂੰ ਹੋਰ ਬੁਲੰਦ ਕਰਨ ਲਈ ਇਕੱਤਰ ਹੋਏ। ਰੈਲੀ ਨੂੰ ਸੰਬੋਧਨ ਕਰਦਿਆਂ ਸੁਸਾਇਟੀ ਦੇ ਸੂਬਾਈ ਮੁਖੀ ਰਾਜਿੰਦਰ ਭਦੌੜ ਨੇ ਆਖਿਆ ਕਿ ਡਾ. ਨਰੇਂਦਰ ਦਾਭੋਲਕਰ ਦਾ ਕਤਲ ਉਨ੍ਹਾਂ ਫਿਰਕੂ ਸੰਗਠਨਾਂ ਦਾ ਕਾਰਾ ਹੈ ਜਿਹੜੇ ਸਮਾਜ ਵਿੱਚ ਅੰਧਵਿਸ਼ਵਾਸਾਂ ਤੇ ਅਗਿਆਨਤਾ ਦੇ ਸਹਾਰੇ ਲੋਕਾਈ ਨੂੰ ਗੁੰਮਰਾਹ ਕਰਕੇ ਕਿਸਮਤ ਕਰਮਾਂ ਦੇ ਚੱਕਰਵਿਊ 'ਚ ਫਸਾਈ ਰੱਖਣਾ ਲੋਚਦੇ ਹਨ। ਉਨ੍ਹਾਂ ਕਿਹਾ ਕਿ ਡਾ. ਦਾਭੋਲਕਰ ਦੇ ਮਿਸ਼ਨ ਤੇ ਆਦਰਸ਼ਾਂ ਦੀ ਪੂਰਤੀ ਲਈ ਪੰਜਾਬ ਦੇ ਤਰਕਸ਼ੀਲ ਵਿਗਿਆਨਕ ਦ੍ਰਿਸ਼ਟੀਕੋਣ ਦੇ ਪ੍ਰਚਾਰ ਨੂੰ ਹਰ ਦਰ ਤੇ ਲੈ ਕੇ ਜਾਣਗੇ।

ਰੈਲੀ ਨੂੰ ਸੰਬੋਧਨ ਕਰਦਿਆਂ ਸੁਸਾਇਟੀ ਦੇ ਸੂਬਾਈ ਆਗੂਆਂ ਸੁਖਦੇਵ ਫ਼ਗਵਾੜਾ, ਬਲਵੀਰ ਚੰਦ ਲੌਂਗੋਵਾਲ, ਸੁਖਵਿੰਦਰ ਬਾਗਪੁਰ ਤੇ ਭੂਰਾ ਸਿੰਘ ਮਹਿਮਾ ਸਰਜਾ ਨੇ ਸਪੱਸ਼ਟ ਕੀਤਾ ਕਿ ਲੋਕਾਈ ਨੂੰ ਜਗਾਉਣ ਤੁਰੇ ਵਿਗਿਆਨੀਆਂ, ਚਿੰਤਕਾਂ ਤੇ ਤਰਕਸ਼ੀਲਤਾ ਦੇ ਪ੍ਰਚਾਰਕਾਂ ਨੂੰ ਮੁੱਢ ਕਦੀਮ ਤੋਂ ਹੀ ਅਗਿਆਨਤਾ ਦੇ ਵਪਾਰੀਆਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ ਪਰ ਸੱਚ ਕਦੇ ਨਹੀਂ ਹਰਿਆ। ਉਨ੍ਹਾਂ ਆਖਿਆ ਕਿ ਵਿਗਿਆਨ ਦੇ ਯੁੱਗ ਵਿੱਚ ਅੰਧਵਿਸ਼ਵਾਸਾਂ ਦਾ ਪ੍ਰਚਾਰ ਇੱਕ ਸੋਚੀ ਸਮਝੀ ਸਾਜਿਸ਼ ਦਾ ਸਿੱਟਾ ਹੈ। ਬੁਲਾਰਿਆਂ ਨੇ ਆਖਿਆ ਕਿ ਗੋਲੀਆਂ ਨਾਲ ਸੱਚ ਦੀ ਆਵਾਜ਼ ਨੂੰ ਨਹੀਂ ਦਬਾਇਆ ਜਾ ਸਕਦਾ। ਉਨ੍ਹਾਂ ਦੇਸ਼ ਭਰ ਵਿੱਚ ਅੰਧਵਿਸ਼ਵਾਸਾਂ ਖਿਲਾਫ਼ ਸਖ਼ਤ ਕਾਨੂੰਨ ਬਣਾਉਣ ਦੀ ਮੰਗ ਕਰਦਿਆਂ ਆਖਿਆ ਕਿ ਹਰ ਕਦਮ ਤੇ ਪਸਰੇ ਅੰਧਵਿਸ਼ਵਾਸਾਂ ਤੇ ਅਗਿਆਨਤਾ ਨੂੰ ਖ਼ਤਮ ਕਰਨ ਦੀ ਬਜਾਏ ਹੁਕਮਰਾਨਾਂ ਵੱਲੋਂ ਆਪਣੇ ਰਾਜ ਭਾਗ ਦੀ ਉਮਰ ਲੰਮੀ ਕਰਨ ਲਈ ਇਸ ਨੂੰ ਇੱਕ ਢਾਲ ਵਾਂਗੂੰ ਵਰਤਿਆ ਜਾ ਰਿਹਾ ਹੈ, ਜਿਸ ਦੀ ਜਿਉਂਦੀ ਜਾਗਦੀ ਉਦਾਹਰਣ ਇਲੈੱਕਟ੍ਰਾਨਿਕ ਮੀਡੀਆ ਰਾਹੀਂ ਅਖੌਤੀ ਧਰਮ ਗੁਰੂਆਂ ਦੇ ਕਥਿਤ ਪ੍ਰਵਚਨਾਂ ਤੇ ਸੀਰੀਅਲਾਂ, ਫਿਲਮਾਂ ਤੇ ਇਸ਼ਤਿਹਾਰਬਾਜੀ ਰਾਹੀਂ ਅੰਧਵਿਸ਼ਵਾਸਾਂ ਦੇ ਕੀਤੇ ਜਾ ਰਹੇ ਕੂੜ ਪ੍ਰਚਾਰ ਤੋਂ ਸਹਿਜੇ ਹੀ ਵੇਖੀ ਜਾ ਸਕਦੀ ਹੈ। ਹੇਮ ਰਾਜ ਸਟੈਨੋ ਨੇ ਆਪਣੇ ਸੰਬੋਧਨ ਦੌਰਾਨ ਫਿਰਕੂ, ਫ਼ਾਸ਼ੀ ਜਥੇਬੰਦੀਆਂ ਦੇ ਲੋਕ ਵਿਰੋਧੀ ਏਜੰਡੇ ਨੂੰ ਸਪੱਸ਼ਟ ਕੀਤਾ। ਇਸ ਮੌਕੇ ਪੰਜਾਬ ਲੋਕ ਸਭਿਆਚਾਰਕ ਮੰਚ ਦੇ ਸੂਬਾਈ ਪ੍ਰਧਾਨ ਅਮੋਲਕ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਆਖਿਆ ਕਿ ਵਿਗਿਆਨਕ ਸੋਚ, ਸੁਹਜਤਾ, ਕਲਾ, ਕਲਮ ਅਤੇ ਸਮਾਜ ਹਿਤੂ ਵਿਚਾਰਾਂ ਦੀ ਹੱਤਿਆ ਕਰ ਸਕਣਾ ਨਿਰਾ ਭਰਮ ਹੈ। ਹਨੇਰੇ ਅਤੇ ਰੌਸ਼ਨੀ ਦੀ ਸਦੀਵੀ ਟੱਕਰ 'ਚ ਅੰਤਮ ਜਿੱਤ ਰੌਸ਼ਨੀ ਦੀ ਹੋਏਗੀ। ਲੋਕ ਮੋਰਚਾ ਪੰਜਾਬ ਦੇ ਸਕੱਤਰ ਜਗਮੇਲ ਸਿੰਘ, ਇਨਕਲਾਬੀ ਕੇਂਦਰ ਦੇ ਕੰਵਲਜੀਤ ਖੰਨਾ, ਗੁਰਮੀਤ ਕਨਵੀਨਰ ਗਦਰ ਸ਼ਤਾਬਦੀ ਕਮੇਟੀ, ਸ਼੍ਰੀਮਤੀ ਰਘਵੀਰ ਕੌਰ, ਸਕੱਤਰ ਦੇਸ਼ ਭਗਤ ਯਾਦਗਾਰ ਕਮੇਟੀ, ਜਮਹੂਰੀ ਅਧਿਕਾਰ ਸਭਾ ਦੇ ਨਰਭਿੰਦਰ ਸਿੰਘ ਅਤੇ ਕਾਮਰੇਡ ਮੰਗਤ ਰਾਮ ਪਾਸਲਾ ਨੇ ਆਪਣੇ ਸੰਬੋਧਨ ਦੌਰਾਨ ਕਾਲੀਆਂ ਤਾਕਤਾਂ ਨੂੰ ਮਾਤ ਦੇਣ ਲਈ ਕਲਾਕਾਰਾਂ, ਬੁੱਧੀਜੀਵੀਆਂ, ਤਰਕਸ਼ੀਲਾਂ ਤੇ ਮਜ਼ਦੂਰਾਂ ਕਿਸਾਨਾਂ ਦੀ ਏਕਤਾ ਤੇ ਜ਼ੋਰ ਦਿੰਦਿਆਂ ਸਾਮਰਾਜੀ ਮੁਲਕਾਂ ਦੇ ਹੱਲਿਆਂ ਨੂੰ ਮਾਤ ਦੇਣ ਲਈ ਸੰਘਰਸ਼ਾਂ ਦੇ ਪਿੜ ਮੱਲਣ ਦਾ ਸੱਦਾ ਦਿੱਤਾ। ਬੁਲਾਰਿਆਂ ਨੇ ਤਰਕਸ਼ੀਲਾਂ ਦੇ ਇਸ ਉੱਦਮ ਦੀ ਸਰਾਹਨਾ ਕਰਦਿਆਂ ਚੰਗੇਰੇ ਸਮਾਜ ਦੀ ਸਿਰਜਣਾ ਲਈ ਸਾਥ ਨਿਭਾਉਣ ਦਾ ਅਹਿਦ ਲਿਆ।

ਰੋਸ ਰੈਲੀ ਉਪਰੰਤ ਤਰਕਸ਼ੀਲਾਂ ਨੇ ਇੱਕ ਲੰਬੇ ਕਾਫ਼ਲੇ ਦੀ ਸ਼ਕਲ 'ਚ ਡਿਪਟੀ ਕਮਿਸ਼ਨਰ ਦਫ਼ਤਰ ਵੱਲ ਰੁਖ ਕੀਤਾ। ਦੇਸ਼ ਭਗਤ ਹਾਲ ਤੋਂ ਲੈ ਕੇ ਡਿਪਟੀ ਕਮਿਸ਼ਨਰ ਦੇ ਦਫ਼ਤਰ ਤੱਕ ਅਨੁਸਾਸ਼ਨ ਬੱਧ ਕਾਫ਼ਲੇ ਨੇ ਸੜਕਾਂ ਤੇ ਮਾਰਚ ਕਰਦਿਆ ਨਾਅਰਿਆਂ ਨਾਲ ਕਾਫ਼ਲੇ 'ਚ ਉਤਸ਼ਾਹ ਭਰਿਆ। ਕਮਿਸ਼ਨਰ ਦੇ ਦਫ਼ਤਰ ਆਕਾਸ਼ ਗੂੰਜਾਊ ਨਾਅਰਿਆਂ ਨਾਲ ਦੇਸ਼ ਦੇ ਪ੍ਰਧਾਨ

ਮੰਤਰੀ ਨੂੰ ਭੇਜੇ ਗਏ ਮੰਗ ਪੱਤਰ ਵਿੱਚ ਡਾ. ਦਾਭੋਲਕਰ ਦੇ ਕਾਤਲਾਂ ਨੂੰ ਗਿਰਫ਼ਤਾਰ ਕਰਕੇ ਸਖ਼ਤ ਸਜ਼ਾਵਾਂ ਦੇਣ, ਦੇਸ਼ ਭਰ 'ਚ ਅੰਧਵਿਸ਼ਵਾਸ ਵਿਰੋਧੀ ਕਾਨੂੰਨ ਬਣਾਉਣ, ਪ੍ਰੈੱਸ ਅਤੇ ਮੀਡੀਆ ਰਾਹੀਂ ਕੀਤੇ ਜਾ ਰਹੇ ਗੈਰ ਵਿਗਿਆਨਕ ਪ੍ਰਚਾਰ ਨੂੰ ਰੋਕਣ, ਸਿਲੇਬਸ ਵਿੱਚੋਂ ਅੰਧਵਿਸ਼ਵਾਸੀ ਤੇ ਰੂੜੀਵਾਦੀ ਸਾਹਿਤ ਕੱਢਣ, ਅਖੌਤੀ ਤਾਂਤਰਿਕਾਂ ਦਾ ਗੈਰ ਕਾਨੂੰਨੀ ਧੰਦਾ ਬੰਦ ਕਰਵਾਉਣ ਦੀ ਮੰਗ ਕੀਤੀ ਗਈ। ਮੰਗ ਪੱਤਰ ਸੌਂਪਣ ਉਪਰੰਤ ਸੂਬਾਈ ਜਥੇਬੰਦਕ ਮੁਖੀ ਰਾਜਿੰਦਰ ਭਦੌੜ ਨੇ ਰੋਸ ਰੈਲੀ ਤੇ ਮਾਰਚ 'ਚ ਵੱਡੀ ਗਿਣਤੀ 'ਚ ਪੰਜਾਬ ਦੇ ਵੱਖ ਵੱਖ ਕੋਨਿਆਂ ਤੋਂ ਪਹੁੰਚੇ ਤਰਕਸ਼ੀਲਾਂ ਤੇ ਹੋਰਨਾਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਸੁਸਾਇਟੀ ਦੇ ਸੂਬਾਈ ਮੀਡੀਆ ਮੁਖੀ ਰਾਮ ਸਵਰਨ ਲੱਖੇਵਾਲੀ ਨੇ ਨਿਭਾਈ ਜਦਕਿ ਸਮਾਗਮ ਦੇ ਸੁਚੱਜੇ ਪ੍ਰਬੰਧਾਂ ਤੇ ਮਾਰਚ ਦੀ ਜ਼ਿੰਮੇਵਾਰੀ ਜਲੰਧਰ ਜ਼ੋਨ ਤੇ ਪ੍ਰਿੰਟਿੰਗ ਵਿਭਾਗ ਦੇ ਮੁਖੀ ਸੁਖਵਿੰਦਰ ਬਾਗਪੁਰ ਨੇ ਨਿਭਾਈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਕਹਾਣੀਕਾਰ ਅਤਰਜੀਤ, ਸਤਪਾਲ ਸਲੋਹ, ਸ਼ਾਇਰ ਜਾਗੀਰ ਜੋਸਣ, ਚੰਨਣ ਵਾਂਦਰ, ਯਸ਼ਪਾਲ, ਜਰਨੈਲ ਕ੍ਰਾਂਤੀ, ਸਤਪਾਲ ਸਲੋਹ, ਡਾ. ਜੋਗਿੰਦਰ ਕੁੱਲੇਵਾਲ, ਗੁਰਮੀਤ ਖਰੜ, ਸੁਖਦੇਵ ਧੂਰੀ, ਰਾਮ ਕੁਮਾਰ ਪਟਿਆਲਾ, ਸੰਦੀਪ ਧਾਰੀਵਾਲ ਭੋਜਾਂ, ਜਸਵਿੰਦਰ ਪਟਵਾਰੀ, ਰਣਜੀਤ ਬਠਿੰਡਾ, ਜਸਵੰਤ ਮੋਹਾਲੀ, ਦਲਬੀਰ ਕਟਾਣੀ, ਹਰਚੰਦ ਭਿੰਡਰ, ਪ੍ਰਵੀਨ ਜੰਡਵਾਲਾ, ਆਦਿ ਤਰਕਸ਼ੀਲ ਆਗੂ, ਚਿੰਤਕ ਤੇ ਬੁੱਧੀਜੀਵੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਸਮਾਰੋਹ ਦੌਰਾਨ ਡਾ. ਦਾਭੋਲਕਰ ਨੂੰ ਸਮਰਪਿਤ ਤਰਕਸ਼ੀਲ ਮੈਗਜ਼ੀਨ ਦਾ ਨਵਾਂ ਅੰਕ ਮੰਚ ਤੋਂ ਤਰਕਸ਼ੀਲ ਤੇ ਹਾਜ਼ਰ ਲੋਕ ਪੱਖੀ ਆਗੂਆਂ ਵੱਲੋਂ ਰਿਲੀਜ਼ ਕੀਤਾ ਗਿਆ।

ਝਲਕੀਆਂ:

➢ ਹਾਲ ਅੰਦਰ ਜਾਂਦਿਆਂ ਸ਼ਾਇਰ ਜਾਗੀਰ ਜੋਸਣ ਦੀ ਪਹਿਲ ਕਦਮੀਂ ਤੇ ਲੋਕ ਕਵੀਆਂ ਤੇ ਅਦੀਬਾਂ ਦੀਆਂ ਟੂਕਾਂ ਨਾਲ ਸਜੀ ਪ੍ਰਦਰਸ਼ਨੀ ਹਰੇਕ ਦਾ ਧਿਆਨ ਖਿਚਦੀ ਸੀ।

➢ ਰੋਸ ਰੈਲੀ ਦੌਰਾਨ ਪੰਡਾਲ ਖਚਾ-ਖਚ ਭਰਨ ਤੇ ਪਹੁੰਚੇ ਤਰਕਸ਼ੀਲ ਲਹਿਰ ਦੇ ਕਾਮਿਆਂ, ਸਨੇਹੀਆਂ ਤੇ ਅਗਾਂਹਵਧੂ ਲੋਕਾਂ ਦਾ ਹਾਲ ਦੇ ਬਾਹਰ ਜੁੜਿਆ ਇਕੱਠ ਮੰਚ ਤੋਂ ਬੋਲ ਰਹੇ ਬੁਲਾਰਿਆਂ ਨੂੰ ਸੰਜੀਦਗੀ ਨਾਲ ਸੁਣਦਾ ਰਿਹਾ।

➢ ਰੈਲੀ ਦੌਰਾਨ ਹਰਬੰਸ ਸੋਨੂੰ ਪਟਿਆਲਾ, ਅੰਮ੍ਰਿਤਪਾਲ ਬੰਗੇ ਤੇ ਜਗਸੀਰ ਜੀਦਾ ਵੱਲੋਂ ਗਾਏ ਗੀਤਾਂ ਤੇ ਬੋਲੀਆਂ ਨੇ ਉਤਸ਼ਾਹੀ ਹੁਲਾਰਾ ਦਿੱਤਾ।

➢ ਰਾਜ ਭਰ ਤੋਂ ਆਏ ਤਰਕਸ਼ੀਲਾਂ ਨੇ ਜਾਬਤਾ ਬੱਧ ਢੰਗ ਨਾਲ ਡਿਪਟੀ ਕਮਿਸ਼ਨਰ ਦਫ਼ਤਰ ਤੱਕ ਕੀਤੇ ਗਏ ਰੋਸ ਮਾਰਚ 'ਚ ਭਾਗ ਲਿਆ। ਹੱਥਾਂ 'ਚ ਫੜ੍ਹੇ ਬੈਨਰਾਂ, ਤਖਤੀਆਂ ਤੇ ਲਗਾਏ ਜਾ ਰਹੇ ਨਾਅਰਿਆਂ ਨੇ ਸ਼ਹਿਰ ਦੀ ਫਿਜ਼ਾ 'ਚ ਡਾ. ਦਾਭੋਲਕਰ ਦੇ ਕਾਤਲਾਂ ਨੂੰ ਲਾਹਣਤ ਪਾਉਂਦਿਆਂ ਹੱਕ, ਸੱਚ ਤੇ ਇਨਸਾਫ਼ ਦੀ ਆਵਾਜ਼ ਗੂੰਜਾਈ। ਇਹ ਰੋਸ ਰੈਲੀ ਤੇ ਮਾਰਚ ਆਪਣੇ ਮਿਥੇ ਉਦੇਸ਼ ਦੀ ਪੂਰਤੀ ਲਈ ਹਰ ਪੱਖੋਂ ਸਫ਼ਲ ਤੇ ਯਾਦਗਾਰੀ ਹੋ ਨਿੱਬੜਿਆ।

94173-62085

ਸ਼ੋਕ ਸਮਾਗਮ : ਇਕਾਈ ਰੋਪੜ ਦੇ ਵਿੱਤ ਵਿਭਾਗ ਮੁਖੀ ਮਾ. ਪ੍ਰੀਤਮ ਕੁਮਾਰ ਜੀ ਦੇ ਪਿਤਾ ਸ੍ਰੀ ਮਨੀ ਰਾਮ ਦੀ ਮੌਤ ਮਿਤੀ 14-09-2013 ਨੂੰ ਪਿੰਡ ਤਾਰਾਗੜ੍ਹ (ਬਟਾਲਾ) ਵਿਖੇ ਹੋਈ । ਮੌਤ 'ਤੇ ਸਬੰਧਤ ਪਰਿਵਾਰ ਵੱਲੋਂ ਸ਼ੋਕ ਸਮਾਗਮ ਮਿਤੀ : 22-09-2013 ਨੂੰ ਕਰਵਾਇਆ ਗਿਆ । ਸਮਾਗਮ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਆਗੂ ਮਾ. ਰਜਿੰਦਰ ਭਦੌੜ ਵੱਲੋਂ ਦੁਖੀ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ । ਉਹਨਾਂ ਨੇ ਜਨਮ ਅਤੇ ਮੌਤ ਨਾਲ ਜੁੜੇ ਬੇਲੋੜੇ ਰਸਮਾਂ-ਰਿਵਾਜਾਂ ਬਾਰੇ ਦੱਸਿਆ ।

ਹੁੰਦੀ ਏ ਮਹਿਲਾਂ ਵਿੱਚ, ਹਰ ਰਾਤ ਦੀਵਾਲੀ ਜਿਹੀ
ਪਰ ਰਾਤ ਦੀਵਾਲੀ ਦੀ ਵੀ, ਹਨੇਰ੍ਹੇ ਢੋਂਹਦੀਆਂ ਕੁੱਲੀਆਂ।
-ਮਾਸਟਰ ਜਗਦੀਸ਼ ਰਾਏਪੁਰ ਡੱਬਾ

ਵੇਖੋ ਲੋਕੋ ਉਸ ਬਾਬੇ ਦੇ ਘਰ, ਜੰਮੀਆਂ ਨੇ ਤਿੰਨ ਕੁੜੀਆਂ
ਆਪ ਲੋਕਾਂ ਨੂੰ ਵੰਡਦਾ ਫਿਰਦਾ, ਮੁੰਡੇ ਜੰਮਣ ਦੀਆਂ ਪੁੜੀਆਂ।
ਸੁਖਵਿੰਦਰ ਲੀਲ੍ਹ


ਮੈਗਜ਼ੀਨ ਫੰਡ

ਡਾ.ਆਰ.ਸੀ.ਬਾਂਸਲ, ਧਨੌਲਾ	1000

Capitalism : A Structural Genocide, Garry Leech, Zed Books 2012

ਬਿਨ੍ਹਾਂ ਸ਼ੱਕ ਵਿਸ਼ਵ ਪੱਧਰ 'ਤੇ ਭਿਆਨਕ ਗੱਲਾਂ ਵਾਪਰ ਰਹੀਆਂ ਹਨ, ਪਰ ਉਦਾਰਵਾਦੀਆਂ ਅਤੇ ਪੁਰਾਤਨ ਪੰਥੀਆਂ ਦਾ ਇਹ ਆਮ ਪ੍ਰਤੀਕਰਮ ਹੁੰਦਾ ਹੈ ਕਿ ਕਾਲ, ਪਲੇਗ, ਯੁੱਧ ਆਦਿ ਕੁਦਰਤੀ ਆਫਤਾਂ ਹਨ, ਇਨ੍ਹਾਂ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ । ਬੇਸ਼ੱਕ ਮਨੁੱਖੀ ਦੁੱਖ ਭਿਅੰਕਰ ਹਨ, ਪਰ ਹਨ ਇਹ ਅਟੱਲ ।

ਗੈਰੀ ਲੀਚ ਇਸ ਧਾਰਨਾ ਨਾਲ ਸਹਿਮਤ ਨਹੀਂ । ਉਹ ਤਰਕ ਦਿੰਦਾ ਹੈ ਕਿ, 'ਸੰਰਚਨਾਤਮਕ ਹਿੰਸਾ' ਪੂੰਜੀਵਾਦੀ ਪ੍ਰਬੰਧ 'ਚ ਨਿਹਤ (inherent) ਹੈ । ਇਹ ਗਰੀਬਾਂ 'ਤੇ ਮਾਰ ਕਰਦੀ ਹੈ ਅਤੇ ਵਰਗ ਅਧਾਰਿਤ ਨਸਲਕੁਸ਼ੀ ਹੈ ।



'ਸੰਰਚਨਾਤਮਕ ਹਿੰਸਾ' ਤੋਂ ਲੀਚ ਦਾ ਭਾਵ, ਸਮਾਜਿਕ ਪ੍ਰਬੰਧਾਂ ਰਾਹੀਂ ਲੋਕਾਂ ਨੂੰ ਉਹਨਾਂ ਦੀਆਂ ਬੁਨਿਆਦੀ ਲੋੜਾਂ ਤੋਂ ਮਹਿਰੂਮ ਕਰਕੇ ਉਹਨਾਂ ਦਾ ਘਾਣ ਕਰਨਾ ਹੈ । ਸਪੱਸ਼ਟ ਉਦਾਹਰਣ ਵਜੋਂ ਖੁਰਾਕ ਜਾਂ ਦੁਆਈਆਂ ਨੂੰ ਵਪਾਰਕ ਗਰਜਾਂ ਖਾਤਰ ਮੰਡੀ 'ਚੋਂ ਬਾਹਰ ਰੱਖ ਕੇ ਜਾਂ ਮਹਿੰਗੀਆਂ ਕਰਕੇ ਭੁੱਖ ਜਾਂ ਰੋਗਾਂ ਨੂੰ ਫੈਲਾਉਣਾ ਹੈ । ਜਦੋਂ ਅਜਿਹੀ ਹਿੰਸਾ ਵੱਡੀ ਪੱਧਰ 'ਤੇ ਮੌਤਾਂ ਲਿਆਉਂਦੀ ਹੈ ਤਾਂ ਇਸਨੂੰ ਸੰਰਚਨਾਤਮਕ ਨਸਲਕੁਸ਼ੀ ਹੀ ਕਹਿਣਾ ਬਣਦਾ ਹੈ ।

ਪੂੰਜੀਵਾਦ ਦਾ ਮੂਲ : ਵਿਸ਼ਲੇਸ਼ਣ ਅਤੇ ਕਈ ਵਰਤਾਰਿਆਂ ਦੇ ਅਧਿਐਨ 'ਤੇ ਅਧਾਰਿਤ ਇਸ ਕਿਤਾਬ 'ਚ ਇਹ ਦਿਖਾਇਆ ਗਿਆ ਹੈ ਕਿ ਪੂੰਜੀਵਾਦ ਸੁਭਾਅ ਵਜੋਂ, ਲੱਖਾਂ ਮਨੁੱਖਾਂ ਨੂੰ ਉਹਨਾਂ ਦੀਆਂ ਬੁਨਿਆਦੀ ਲੋੜਾਂ ਤੋਂ ਮਹਿਰੂਮ ਕਰਦਾ ਹੈ । ਉਦਾਹਰਣ ਵਜੋਂ : ਦੁਨੀਆਂ ਵਿੱਚ ਹਰ ਤੀਜੇ ਸੈਕਿੰਡ ਰੋਗ ਜਾਂ ਭੁੱਖ ਨਾਲ ਇੱਕ ਬੱਚਾ ਮਰਦਾ ਹੈ ਜਦੋਂ ਕਿ ਹਰ ਤੀਜੇ ਸੈਕਿੰਡ ਫੌਜੀ ਅਦਾਰੇ 1,20,000 ਡਾਲਰ ਹਥਿਆਰਾਂ 'ਤੇ ਖਰਚਦੇ ਹਨ ।

ਖੁਰਾਕ ਅਤੇ ਦੁਆਈਆਂ 'ਤੇ ਪੈਸਾ ਖਰਚਣਾ ਕਿਸੇ ਵੀ ਮਨੁੱਖੀ ਪਹਿਲੂ ਤੋਂ ਤਰਕਮਈ ਨਹੀਂ ਹੈ ਪਰ ਇਸਦੀ ਤੁਕ ਬਣਦੀ ਹੈ ਜੇ ਸ਼ਕਤੀ ਤੇ ਧਨ 'ਚ ਨਾਬਰਾਬਰੀ 'ਤੇ ਅਧਾਰਿਤ ਪੂੰਜੀ ਦੇ ਹਿੱਤਾਂ ਦੀ ਰਖਵਾਲੀ ਕਰਨਾ ਹੀ ਮੁੱਖ ਉਦੇਸ਼ ਹੋਵੇ ।

ਲੀਚ ਅੰਦਾਜ਼ਾ ਲਾਉਂਦਾ ਹੈ ਕਿ 'ਪੂੰਜੀਵਾਦੀ ਨਸਲਕੁਸ਼ੀ' ਕਰਕੇ ਹਰ ਸਾਲ ਦਸ ਮਿਲੀਅਨ ਬੰਦੇ ਮਰਦੇ ਹਨ ਜਿੰਨ੍ਹਾਂ ਵਿੱਚ ਮੈਕਸੀਕੋ, ਭਾਰਤ, ਅਫਰੀਕੀ ਮੁਲਕਾਂ ਦਾ ਸ਼ੁਮਾਰ ਆਉਂਦਾ ਹੈ । ਕੋਈ ਵੀ ਇਨਸਾਫ ਪਸੰਦ ਬੰਦਾ ਇਹ ਸੋਚੇ ਬਿਨ੍ਹਾਂ ਨਹੀਂ ਰਹਿ ਸਕਦਾ ਕਿ ਇਸ ਸਭ ਕਾਸੇ ਲਈ ਜਿੰਮੇਵਾਰ ਪ੍ਰਬੰਧ ਨੂੰ ਖਤਮ ਕਰਨਾ ਚਾਹੀਦਾ ਹੈ ।

ਇਸ ਦਾ ਬਦਲ ਕੀ ਹੈ? ਬਹੁਤੀਆਂ ਕਿਤਾਬਾਂ ਵਾਂਗ ਜੋ ਸਿਰਫ ਸਮਾਜਕ ਸਮੱਸਿਆਵਾਂ ਉਭਾਰਦੀਆਂ ਹਨ, ਲੀਚ, ਕਿਊਬਾ, ਵੈਨਜ਼ੂਏਲਾ, ਬੁਲੇਵੀਆ ਦਾ ਹਵਾਲਾ ਦਿੰਦਿਆਂ, ਸਮਾਜਵਾਦ ਦੀ ਉਸਾਰੀ ਦੇ ਹੱਕ ਵਿੱਚ ਦਲੀਲਾਂ ਦਿੰਦਾ ਹੈ । ਇੰਨ੍ਹਾਂ ਮੁਲਕਾਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਸਪੱਸ਼ਟ ਹੁੰਦਿਆਂ ਹੋਇਆਂ ਵੀ, ਉਹ ਆਸ਼ਾਵਾਦੀ ਹੈ ਕਿ, "ਪੈਦਾਵਾਰ ਮੁਨਾਫ਼ੇ ਲਈ ਦੀ ਥਾਂ, ਪੈਦਾਵਾਰ ਲੋੜ ਲਈ" ਕਰਨ ਵਾਲੇ ਪ੍ਰਬੰਧ ਨੂੰ ਉਸਾਰਨ ਲਈ ਕੋਸ਼ਿਸਾਂ ਕਰਦੇ ਰਹਿਣਾ ਚਾਹੀਦਾ ਹੈ । ਬਹੁਤੇ ਲੋਕ 'ਸੰਰਚਨਾਤਮਕ ਹਿੰਸਾ' ਨੂੰ ਅਸਲੀ ਹਿੰਸਾ ਅਤੇ ਨਸਲਕੁਸ਼ੀ ਤੋਂ ਘਟਾ ਕੇ ਵੀ ਦੇਖ ਸਕਦੇ ਹਨ ।

ਸੁਝਾਅ : ਮੋਟੇ ਤੌਰ 'ਤੇ ਇਹ ਕਿਤਾਬ ਮੁੱਲਵਾਨ ਅਤੇ ਅੰਤਰ-ਦ੍ਰਿਸ਼ਟੀਆਂ ਨਾਲ ਭਰਪੂਰ ਹੈ । 'ਤਰਕਸ਼ੀਲ' ਦੇ ਪਾਠਕ, ਜੋ ਮੌਜੂਦਾ ਅਰਥਚਾਰੇ ਨੂੰ ਸਮਝਣਾ ਚਾਹੁੰਦੇ ਹਨ, ਨੂੰ ਦੋ ਕਿਤਾਬਾਂ ਖਰੀਦਣੀਆਂ ਚਾਹੀਦੀਆਂ ਹਨ । ਇੱਕ ਆਪਣੀ ਜਾਣਕਾਰੀ ਲਈ, ਅਤੇ ਦੂਜੀ ਆਪਣੇ ਉਹਨਾਂ ਦੋਸਤਾਂ ਲਈ, ਜੋ ਮਾਰੂ ਪੂੰਜੀਵਾਦੀ ਪ੍ਰਬੰਧ ਨੂੰ ਬਚਾਉਣ ਲਈ ਹਾਲੇ ਵੀ ਆਸ਼ਵੰਦ ਹਨ।

-ਅਵਤਾਰ ਗੋਂਦਾਰਾ



ਪ੍ਰਤੀਕਰਮ

ਸੰਪਾਦਕ 'ਤਰਕਸ਼ੀਲ'
ਮੁੱਖ ਦਫਤਰ,
ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਬਰਨਾਲਾ-148101 (ਪੰਜਾਬ)
E-mail : tarkshiloffice@gmail.com



ਜੁਲਾਈ-ਅਗਸਤ, 2013 ਦੇ ਅੰਕ ਵਿੱਚ ਮੇਰੇ ਵੱਲੋਂ ਲਿਖੇ **ਲੇਖ** "ਮੌਤ ਦੀ ਸਜ਼ਾ" ਦੇ ਮੁੱਦੇ 'ਤੇ ਗੋਦਾਰਾ ਜੀ ਦਾ ਪ੍ਰਤੀਕਰਮ ਆਇਆ ਹੈ। ਇਸ ਬਾਰੇ ਸਪੱਸ਼ਟੀਕਰਣ ਪੇਸ਼ ਹੈ।

ਪਹਿਲੀ ਗੱਲ ਤਾਂ ਇਹ ਹੈ ਕਿ ਜਦੋਂ ਪ੍ਰੋ.ਭੁੱਲਰ ਦੀ ਫਾਂਸੀ ਦੀ ਸਜ਼ਾ ਦਾ ਮੁੱਦਾ ਗਰਮਾਇਆ ਹੋਇਆ ਸੀ ਤਾਂ ਉਦੋਂ ਸਾਡੀ ਜਥੇਬੰਦੀ ਦੀ ਇਸਤੋਂ ਪਹਿਲਾਂ ਵਾਲੀ ਸੂਬਾ ਕਮੇਟੀ ਨੇ ਇਹ ਸਮਝ ਬਣਾਈ ਸੀ ਕਿ ਮੌਤ ਦੀ ਸਜ਼ਾ ਵਾਲਾ ਕਾਨੂੰਨ ਰੱਦ ਹੋਣਾ ਚਾਹੀਦਾ ਹੈ ਅਤੇ ਇਸ ਬਾਰੇ ਅਖਬਾਰਾਂ ਵਿੱਚ ਬਿਆਨ ਵੀ ਜਾਰੀ ਕੀਤਾ ਸੀ। ਇਸ ਲਈ ਇਹ ਆਪਣੀ ਜਥੇਬੰਦੀ ਦੀ ਸਮਝ ਹੀ ਹੈ।

ਅੱਗੇ ਮੌਤ ਦੀ ਸਜ਼ਾ ਦੇਣ ਜਾਂ ਨਾ ਦੇਣ ਦੇ ਮੁੱਦੇ ਦਾ ਕਾਨੂੰਨਾਂ ਦੇ ਪੱਖਪਾਤੀ ਹੋਣ ਜਾਂ ਨਾ ਹੋਣ ਨਾਲ ਕੋਈ ਸਬੰਧ ਨਾ ਦਸਦਿਆਂ **ਉਹਨਾਂ** ਨੇ ਲਿਖਿਆ ਹੈ ਕਿ " ਇਸ 'ਚੋਂ ਤਾਰਕਿਕ ਸਿੱਟਾ ਇਹ ਨਿਕਲਦਾ ਹੈ ਕਿ ਜਦੋਂ ਜਮਾਤ-ਰਹਿਤ ਸਮਾਜ ਬਣ ਗਿਆ ਜਾਂ ਕਾਨੂੰਨ ਨਿਰਪੱਖ ਹੋਏ ਤਾਂ ਮੌਤ ਦੀ ਸਜ਼ਾ ਜਾਇਜ ਹੋਵੇਗੀ।" ਹੁਣ ਇਸ ਬਾਰੇ।

ਪਹਿਲੀ ਗੱਲ ਤਾਂ ਇਹ ਹੈ ਕਿ ਕਨੂੰਨ ਕਦੇ ਨਿਰਪੱਖ ਹੁੰਦੇ ਹੀ ਨਹੀਂ, ਨਾ ਹੋਏ ਹਨ ਅਤੇ ਨਾ ਹੁਣ ਹਨ ਅਤੇ ਨਾ ਹੀ ਭਵਿੱਖ ਵਿੱਚ ਹੋਣਗੇ ਅਤੇ ਨਾ ਹੀ ਕਾਨੂੰਨ ਨਿਰਪੱਖ ਹੋ ਸਕਦੇ ਹਨ। ਕਾਨੂੰਨਾਂ ਦੇ ਨਿਰਪੱਖ ਹੋਣ ਦੀ ਸੋਚ ਇੱਕ ਪਰਿ-ਕਲਪਨਾ **(Hypothesis)** ਹੈ ਜੋ ਜੀਵਨ ਦੀ ਹਕੀਕਤ ਕਦੇ ਨਹੀਂ ਬਣ ਸਕਦੀ।

ਅੱਗੇ ਇਹ ਕਿ ਜਦੋਂ ਜਮਾਤ-ਰਹਿਤ ਸਮਾਜ ਉਸਰ ਗਿਆ ਤਾਂ ਉਹ ਸਮਾਜ, ਰਾਜ-ਰਹਿਤ ਅਤੇ ਕਾਨੂੰਨ-ਰਹਿਤ ਸਮਾਜ ਹੋਵੇਗਾ। ਜਦੋਂ ਕਾਨੂੰਨ ਹੀ ਨਾ ਹੋਏ ਤਾਂ ਕਾਨੂੰਨ ਦੇ ਨਿਰਪੱਖ ਜਾਂ ਪੱਖਪਾਤੀ ਹੋਣ ਦਾ ਸਵਾਲ ਹੀ ਨਹੀਂ ਰਹੇਗਾ। ਇਸ ਲਈ ਜਮਾਤ-ਰਹਿਤ ਸਮਾਜ ਵਿੱਚ ਮੌਤ ਦੀ ਸਜ਼ਾ ਹੀ ਨਹੀਂ ਬਲਕਿ ਕਿਸੇ ਵੀ ਕਿਸਮ ਦੀ ਸਜ਼ਾ ਦਾ ਵੀ ਕੋਈ ਸਵਾਲ ਨਹੀਂ ਰਹੇਗਾ।

ਜਿੱਥੋਂ ਤੱਕ ਜਮਾਤਾਂ ਵਿੱਚ ਵੰਡੇ ਹੋਏ ਹੁਣ ਦੇ ਸਮਾਜਾਂ ਦੇ 97 ਮੁਲਕਾਂ 'ਚ ਮੌਤ ਦੀ ਸਜ਼ਾ ਰੱਦ ਕਰਨ ਦਾ ਸੁਆਲ ਹੈ , ਇਸ ਬਾਰੇ ਤਾਂ ਇਸ ਲਿਖਤ ਵਿੱਚ ਕਿ ਕਿਤੇ ਵੀ ਇਹ ਸਮਝ ਪੇਸ਼ ਹੀ ਨਹੀਂ ਕੀਤੀ ਗਈ ***ਕਿ ਜਮਾਤੀ ਸਮਾਜ ਅੰਦਰ ਹਰ ਹਾਲਤ 'ਚ ਮੌਤ ਦੀ ਸਜ਼ਾ ਦਾ ਕਾਨੂੰਨ ਰਹੇਗਾ ਹੀ ਰਹੇਗਾ।*** ਆਪਾਂ ਤਾਂ ਇਹ ਸਮਝ ਪੇਸ਼ ਕੀਤੀ ਹੈ ਕਿ ਜੇਕਰ ਮੌਤ ਦੀ ਸਜ਼ਾ ਦਾ ਕਾਨੂੰਨ ਰੱਦ ਵੀ ਹੋ ਜਾਂਦਾ ਹੈ ਤਾਂ ਲੋਟੂ ਤੇ ਲੋਕ-ਵਿਰੋਧੀ ਜਮਾਤਾਂ ਦਾ ਜ਼ਾਬਰ ਕਿਰਦਾਰ ਉਵੇਂ ਹੀ ਕਾਇਮ ਰਹੇਗਾ।

ਉਹਨਾਂਨੇ ਇੱਕ ਨੁਕਤਾ ਇਹ ਵੀ ਉਠਾਇਆ ਹੈ ਕਿ ਜੇਕਰ "ਸਜ਼ਾ ਨਾਲ ਅਪਰਾਧ ਖਤਮ ਨਹੀਂ ਹੁੰਦੇ ਤਾਂ ਫਿਰ ਮੌਤ ਹੀ ਕਿਉਂ ਹਰ ਕਿਸਮ ਦੀ ਸਜ਼ਾ ਹੀ ਗਲਤ ਹੈ।"

ਪਹਿਲੀ ਗੱਲ ਤਾਂ ਇਸ ਬਾਰੇ ਇਹ ਹੈ ਕਿ ਇੱਥੇ ਸਮੁੱਚੇ ਕਾਨੂੰਨਾਂ ਬਾਰੇ ਵਿਵਾਦ ਹੀ ਨਹੀਂ ਛਿੜਿਆ। ਜਿਸ ਕਾਨੂੰਨ ਬਾਰੇ ਵਿਵਾਦ ਭਖਿਆ ਹੋਇਆ ਹੈ, ਉਸ ਬਾਰੇ ਹੀ ਲਿਖਿਆ ਗਿਆ ਹੈ।

ਦੂਸਰੀ ਗੱਲ ਇਹ ਹੈ ਕਿ ਇਸ ਲੇਖ ਵਿੱਚ ਕਿਤੇ ਵੀ ਜ਼ਿਕਰ ਨਹੀਂ ਕਿ ਅਪਰਾਧੀ ਨੂੰ ਸਜ਼ਾ ਦਿੱਤੀ ਜਾਵੇ ਬਲਕਿ ਇਸ ਲਿਖਤ ਵਿੱਚ ਇਹ ਸਮਝ ਪੇਸ਼ ਕੀਤੀ ਗਈ ਹੈ ਕਿ ***"ਨਿਆਂ ਦਾ ਉਦੇਸ਼ ਅਪਰਾਧੀ ਨੂੰ ਇਹੋ-ਜਿਹੇ ਮਾਹੌਲ 'ਚ ਭੇਜਣਾ ਹੋਣਾ ਚਾਹੀਦਾ ਹੈ ਜੋ ਉਸਦੇ ਸੁਧਰਨ ਲਈ ਮੌਕਾ ਪੈਦਾ ਹੋਵੇ।"*** ਇਹ ਸਜ਼ਾ ਦੀ ਕੈਟਾਗਿਰੀ 'ਚ ਨਹੀਂ ਆਉਂਦਾ।

ਮੌਤ ਦੀ ਸਜ਼ਾ ਦਾ ਮੁੱਦਾ ਹਿੰਸਾ ਦੇ ਮੁੱਦੇ 'ਚ ਬਦਲਣ ਬਾਰੇ: ਗੱਲ ਇਹ ਹੈ ਕਿ ਜਦੋਂ ਮੌਤ ਦੀ ਸਜ਼ਾ 'ਤੇ ਆਪਣੀ ਜਥੇਬੰਦੀ ਦਾ ਬਿਆਨ ਅਖਬਾਰਾਂ ਵਿੱਚ ਛਪਿਆ ਤਾਂ ਕਈ ਚਿੰਤਕਾਂ ਨਾਲ ਵਿਚਾਰ-ਵਟਾਂਦਰੇ ਦੌਰਾਨ ਇਹ ਮੁੱਦਾ ਖੜਾ ਹੋਇਆ ਕਿ ਜੇਕਰ ਭਗਤ ਸਿੰਘ ਮੌਤ ਦੀ ਸਜ਼ਾ ਦੇ ਖਿਲਾਫ ਸੀ ਤਾਂ ਉਸਨੇ ਸਾਂਡਰਸ ਨੂੰ ਕਿਉਂ ਮਾਰਿਆ? ਇੱਕ ਦਿਲਚੱਸਪ ਤੱਥ ਹੋਰ। ਜਦੋਂ ਇਹ ਲੇਖ ਕੋਈ ਪਾਠਕ ਪੜ੍ਹ ਰਿਹਾ ਸੀ ਤਾਂ ਉਹ ਜਦੋਂ ਭਗਤ ਸਿੰਘ ਦੀ ਨਿਆਂ ਦੇ ਉਦੇਸ਼ ਦੀ ਟੂਕ 'ਤੇ ਪਹੁੰਚਿਆ ਤਾਂ ਉਸਨੇ ਝੱਟਪੱਟ ਮੈਨੂੰ ਟੈਲੀਫੋਨ ਕਰਕੇ ਕਿਹਾ ਕਿ ਜੇਕਰ ਭਗਤ ਸਿੰਘ ਮੌਤ ਦੀ ਸਜ਼ਾ ਦੇ ਵਿਰੁੱਧ ਸੀ ਤਾਂ ਉਸਨੇ ਸਾਂਡਰਸ ਨੂੰ ਕਿਉਂ ਮਾਰਿਆਂ? ਕਹਿਣ ਤੋਂ ਭਾਵ ਕਿ ਹਿੰਸਾ ਸਬੰਧੀ ਕੁੱਝ ਪ੍ਰਸੰਗਿਕ ਹਿੱਸਾ ਇਸ ਲੇਖ ਵਿੱਚ ਜੋੜਨਾ ਜ਼ਰੂਰੀ ਸੀ ਤਾਂਕਿ ਪਾਠਕਾਂ ਦੀ ਸਹੀ ਸਮਝ ਬਣ ਸਕੇ। ਜਿੱਥੋਂ ਤੱਕ ਹਿੰਸਾ ਬਾਰੇ ਵੱਖਰੇ ਲੇਖ ਦੀ ਗੱਲ ਹੈ, ਉਹਨਾਂ ਨੂੰ ਯਾਦ ਹੀ ਹੋਵੇਗਾ ਕਿ ਉਨ੍ਹਾਂ ਦੇ ਕਹਿਣ 'ਤੇ ਮੇਰੇ ਦੁਆਰਾ ਹਿੰਸਾ ਦੇ ਵਿਸ਼ੇ 'ਤੇ

ਵਿਸਥਾਰਤ ਲੇਖ ਉਨ੍ਹਾਂ ਦੀ ਸੰਪਾਦਨਾ ਹੇਠ ਆਪਣੇ ਮੈਗਜ਼ੀਨ ਵਿੱਚ ਪਹਿਲਾਂ ਹੀ ਛਪ ਚੁੱਕਿਆ ਹੈ।

ਰਹੀ ਗੱਲ ਕਿਰਨਜੀਤ ਕਾਂਡ ਦੀ ਕਿ ਉਦੋਂ ਆਪਣੀ ਜਥੇਬੰਦੀ ਨੇ ਮੌਤ ਦੀ ਸਜ਼ਾ ਬਾਰੇ ਕੋਈ ਅਸਹਿਮਤੀ ਨੋਟ ਕਿਉਂ ਨਹੀਂ ਦਿੱਤਾ। ਇਹ ਆਪਣੀ ਜਥੇਬੰਦੀ ਦਾ ਅੰਦਰੂਨੀ ਮਸਲਾ ਹੈ, ਇਸ ਲਈ ਇਸ 'ਤੇ ਜਨਤਕ ਤੌਰ 'ਤੇ ਕੁੱਝ ਵੀ ਕਹਿਣਾ ਜ਼ਾਬਤੇ ਦੀ ਉਲੰਘਣਾ ਹੋਵੇਗਾ।

ਜਿੱਥੋਂ ਤੱਕ ਮਾਰਕਸਵਾਦੀ ਸਿਧਾਂਤ ਨੂੰ ਮੰਨਣ ਵਾਲੀਆਂ ਸਿਆਸੀ ਪਾਰਟੀਆਂ ਦੇ ਸ਼ਾਸਨ ਕਾਲ 'ਚ ਮੌਤ ਦੀ ਸਜ਼ਾ ਖਤਮ ਨਾ ਹੋਣ ਦਾ ਤੁਅੱਲਕ ਹੈ, ਇਹ ਕਮਿਊਨਿਸਟਾਂ ਦੇ ਸੋਚਣ-ਵਿਚਾਰਨ ਦਾ ਸੁਆਲ ਹੈ, ਆਪਣਾ ਨਹੀਂ।

ਰਹੀ ਗੱਲ ਉਹਨਾਂ ਦੀ ਭਾਵਨਾ ਵਾਲੀ ਗੱਲ। ਇਸ ਸਬੰਧੀ ਪਹਿਲੀ ਗੱਲ ਤਾਂ ਇਹ ਹੈ ਕਿ ਭਾਵਨਾ ਦਾ ਖਿਆਲ ਕਰਨਾ ਅਤੇ ਅਸੂਲੀ ਪੁਜੀਸ਼ਨ ਲੈਣਾ ਦੋ ਵੱਖੋ-ਵੱਖਰੀਆਂ ਗੱਲਾਂ ਹਨ ਮਿਸਾਲ ਵਜੋਂ ਆਪਾਂ ਧਾਰਮਿਕ ਭਾਵਨਾਵਾਂ ਦਾ ਖਿਆਲ ਤਾਂ ਰੱਖਦੇ ਹਾਂ ਪਰ ਫਿਰ ਵੀ ਧਾਰਮਿਕ ਵਿਚਾਰਧਾਰਾ ਦੇ ਪਿਛਾਖੜੀ ਰੋਲ ਵਾਲੀ ਭੂਮਿਕਾ ਦੀ ਅਸੂਲੀ ਪੁਜੀਸ਼ਨ ਬਣਾਈ ਰੱਖਦੇ ਹਾਂ। ਦੂਸਰੀ ਗੱਲ, ਇਹ ਕਿ ਮੈਂ ਉਹਨਾਂ ਦੀ ਨੇਕ ਭਾਵਨਾ ਨੂੰ ਬਹੁਤ ਗਹਿਰਾਈ ਤੋਂ ਸਮਝਦਾ ਹਾਂ ਅਤੇ ਉਨ੍ਹਾਂ ਦੀ ਇਸ ਭਾਵਨਾ ਦਾ ਹੱਦੋਂ-ਵੱਧ ਸਤਿਕਾਰ ਵੀ ਕਰਦਾ ਹਾਂ।

ਜਿੱਥੋਂ ਤੱਕ "ਵਿਸ਼ਾ, ਤਰਕ ਉਸਾਰੀ ਅਤੇ ਸਿੱਟਿਆਂ ਵਿਚਕਾਰ ਕੋਈ ਤਾਲਮੇਲ" ਨਾ ਰਹਿਣ ਬਾਰੇ ਗੱਲ ਹੈ ਇਸ ਬਾਰੇ ਤਾਂ **ਉਹਨਾਂ** ਨੂੰ ਮੈ ਸਿਰਫ ਯਕੀਨ ਹੀ ਦਿਵਾ ਸਕਦਾ ਹਾਂ ਕਿ ਮੈਂ ਉਨ੍ਹਾਂ ਦੁਆਰਾ ਦਿੱਤੀ ਸਲਾਹ ਪ੍ਰਤੀ ਸਦਾ ਵਿਚਾਰਸ਼ੀਲ **(Considerate)** ਰਹੂੰਗਾਂ।

ਹੇਮ ਰਾਜ ਸਟੈਨੋ

ਮੈਂ ਪਿਛਲੇ ਲੰਮੇ ਸਮੇਂ ਤੋਂ 'ਤਰਕਸ਼ੀਲ' ਮੈਗਜ਼ੀਨ ਦੀ ਪਾਠਕ ਹਾਂ ਤੇ ਹਰ ਵਾਰ ਜਦੋਂ ਵੀ ਮੈਨੂੰ ਨਵਾਂ ਅੰਕ ਪ੍ਰਾਪਤ ਹੁੰਦਾ ਹੈ ਤਾਂ ਇਸ ਦਾ ਮੈਟਰ ਪਿਛਲੇ ਮੈਗਜ਼ੀਨ ਤੋਂ ਬੇਹਤਰ ਲੱਗਦਾ ਹੈ ਜੋ ਕਿ ਕਾਬਲੇ ਤਾਰੀਫ਼ ਹੈ। ਇਸ ਲਈ ਮੈਗਜ਼ੀਨ ਦੇ ਸੰਪਾਦਕ ਬਲਬੀਰ ਚੰਦ ਲੌਂਗੋਵਾਲ ਅਤੇ ਸੰਪਾਦਕੀ ਮੰਡਲ ਦੇ ਕਾਮੇ ਵਧਾਈ ਦੇ ਪਾਤਰ ਹਨ। ਇਸ ਵਾਰ ਮੈਗਜ਼ੀਨ ਵਿੱਚ ਛਪਿਆ ਹੇਮਰਾਜ ਸਟੈਨੋ ਦਾ ਲੇਖ 'ਭਗਤ ਸਿੰਘ ਦਾ ਜਨਮ ਦਿਨ ਕਿਵੇਂ ਮਨਾਈਏ' ਬਹੁਤ ਵਧੀਆ ਲੱਗਾ। ਉਹਨਾਂ ਦਾ ਹਰ ਵਿਸ਼ੇ ਨੂੰ ਬਰੀਕੀ ਨਾਲ ਛੂਹਣਾ, ਉਸ ਦਾ ਸਾਰਥਿਕ ਨਿਚੋੜ ਕੱਢਣ ਦਾ ਢੰਗ ਲਾਜਵਾਬ ਹੁੰਦਾ ਹੈ ਅਤੇ ਉਹਨਾਂ ਦੀ ਵਿਸ਼ੇ ਤੱਕ ਜੋ ਪਦਾਰਥਵਾਦੀ ਪਹੁੰਚ ਹੈ, ਇਹ ਸਾਨੂੰ ਸਾਰਿਆਂ ਨੂੰ ਕਿਸੇ ਵਿਸ਼ੇ ਬਾਰੇ ਪਹੁੰਚ ਅਪਨਾਉਣ ਬਾਰੇ ਇੱਕ ਨਜ਼ਰੀਆ ਪੇਸ਼ ਕਰਦੀ ਹੈ। ਪਿਛਲੇ ਕੁੱਝ ਸਾਲਾਂ ਤੋਂ ਤਰਕਸ਼ੀਲ ਵਿਚਾਰਧਾਰਾ ਦਾ ਮਾਰਕਸਵਾਦ ਦੇ ਨੇੜੇ ਹੋਣਾ ਇੱਕ ਚੰਗਾ ਸੰਕੇਤ ਹੈ ਜੋ ਤਰਕਸ਼ੀਲ ਵਿਚਾਰਧਾਰਾ ਨੂੰ ਲੋਕਾਂ ਵਿੱਚ ਪੂਰੀ ਪਰਪੱਕਤਾ ਨਾਲ ਲੈ ਕੇ ਜਾਂਦੀ ਹੈ। ਅੱਗੇ ਮੈਗਜ਼ੀਨ ਵਿੱਚ ਡਾ. ਸ਼ਿਆਮ ਸੁੰਦਰ ਦੀਪਤੀ ਜੀ ਅਤੇ ਡਾ. ਅਵਤਾਰ ਸਿੰਘ ਢੀਂਡਸਾ ਦਾ ਲੇਖ 'ਬ੍ਰਹਿਮੰਡ ਯਾਤਰਾ' ਕਾਬਲੇ ਤਾਰੀਫ਼ ਹੈ। ਅਵਤਾਰ ਜੀ ਦਾ ਲੇਖ ਪੜ੍ਹਦਿਆਂ ਇਸ ਤਰ੍ਹਾਂ ਲੱਗਦਾ ਹੈ ਕਿ ਅਸੀਂ ਬ੍ਰਹਿਮੰਡ ਦੀ ਯਾਤਰਾ ਵਿੱਚ ਖ਼ੁਦ ਹੀ ਸ਼ਾਮਿਲ ਹੋਈਏ। ਬਾਕੀ ਦਾ ਸਾਰਾ ਮੈਟਰ ਵੀ ਕਾਬਲੇ ਤਾਰੀਫ਼ ਹੈ। ਇਸ 'ਤੇ ਅਦਾਰਾ ਵਧਾਈ ਦਾ ਪਾਤਰ ਹੈ।

- ਗੁਰਪ੍ਰੀਤ ਕੌਰ ਸਭਰਾਂ, (ਤਰਨਤਾਰਨ)

ਸਤੰਬਰ-ਅਕਤੂਬਰ ਅੰਕ ਪੜ੍ਹਿਆ। ਪਹਿਲੀ ਵਾਰ ਸ਼ਿੱਦਤ ਨਾਲ ਮਹਿਸੂਸ ਹੋਇਆ ਕਿ ਪ੍ਰਤੀਕਰਮ ਸਚਮੁੱਚ ਹੀ ਪ੍ਰਤੀਕਰਮ ਹੈ। ਅਜਿਹੇ ਪ੍ਰਤੀਕਰਮ 'ਤਰਕਸ਼ੀਲ' ਨੂੰ ਸੇਧ ਦੇਣ ਵਾਲੇ ਹੁੰਦੇ ਹਨ ਅਤੇ ਉਚਿਤ ਥਾਂ ਇਨ੍ਹਾਂ ਨੂੰ ਮਿਲਦੀ ਰਹਿਣੀ ਚਾਹੀਦੀ ਹੈ। ਖਾਸ ਕਰ ਕੇ ਅਵਤਾਰ ਗੋਦਾਰਾ ਅਤੇ ਸ਼ਹੀਦ ਭਗਤ ਸਿੰਘ ਵਿਚਾਰ ਮੰਚ ਦੇ ਵਿਚਾਰਾਂ ਨੇ ਟੁੰਬਿਆ। ਡਾ. ਨਰਿੰਦਰ ਦਾਭੋਲਕਰ ਬਾਰੇ ਸੰਪਾਦਕੀ ਅਤੇ ਜਸਵੰਤ ਮੋਹਾਲੀ ਦਾ ਲੇਖ ਪ੍ਰਭਾਵਸ਼ਾਲੀ ਸੀ। ਲੇਖਕ ਨੇ 'ਤੜਕੇ ਪਿਆ ਹਨੇਰ੍ਹ' ਵਿੱਚ ਠੀਕ ਸੰਕੇਤ ਦਿੱਤਾ ਹੈ ਕਿ ਤੜਕੇ ਦਾ ਸਮਾਂ ਜੋ ਚਾਨਣ ਉਗਮਣ ਦਾ ਹੁੰਦਾ ਹੈ, ਉਸ ਸਮੇਂ ਹੀ ਚਾਨਣ ਵੰਡਦੇ ਦਾਭੋਲਕਰ ਦਾ ਕਤਲ ਹੋਣਾ ਦਰਸਾਉਂਦਾ ਹੈ ਕਿ ਹਨੇਰ੍ਹੇ ਵਿੱਚ ਰਹਿਣ ਦੇ ਆਦੀ ਲੋਕ ਚਾਨਣ ਨੂੰ ਸਹਿਣ ਨਹੀਂ ਕਰ ਸਕਦੇ। ਸੁਮੀਤ ਸਿੰਘ ਅਤੇ ਰਾਮਸਵਰਨ ਲੱਖੇਵਾਲੀ ਦੇ ਲੇਖ ਵਿੱਚ ਜੂਝਦੇ ਯੋਧਿਆਂ ਡਾ. ਕਾਵੂਰ ਅਤੇ ਗੁਰਸ਼ਰਨ ਭਾਅ ਜੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਪ੍ਰੇਰਨਾ ਲੈਣ ਲਈ ਉਤਸ਼ਾਹਿਤ ਕੀਤਾ ਗਿਆ ਹੈ। ਡਾ. ਅਵਤਾਰ ਸਿੰਘ ਢੀਂਡਸਾ ਦੀ 'ਬ੍ਰਹਿਮੰਡ ਯਾਤਰਾ' ਦਿਲਚਸਪ ਅਤੇ ਰੌਚਿਕਤਾ ਭਰਪੂਰ ਹੈ। ਹੇਮ ਰਾਜ ਸਟੈਨੋ ਵੱਲੋਂ ਬਹੁਤ ਬਾਰੀਕੀ ਨਾਲ ਰਾਜਨੀਤਕ/ਸਮਾਜਿਕ ਨਿਘਰਦੀਆਂ ਹਾਲਤਾਂ ਵਿੱਚ ਭਗਤ ਸਿੰਘ ਦਾ ਜਨਮ ਦਿਨ ਮਨਾਉਣ ਲਈ ਹਾਲਤਾਂ ਨੂੰ ਸੁਧਾਰਨ ਹਿੱਤ ਯਤਨਸ਼ੀਲ ਹੋਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਹੈ। 'ਦਸ ਸਵਾਲ' ਕਾਲਮ ਵਿੱਚ ਸੁਆਲ ਸੌਖੇ ਪੁੱਛੇ ਜਾਣ ਤਾਂ ਜੋ ਵੱਧ ਤੋਂ ਵੱਧ ਬੱਚਿਆਂ ਦਾ ਉਤਸ਼ਾਹ ਵਧ ਸਕੇ ਅਤੇ ਉਹ ਮੈਗਜ਼ੀਨ ਨਾਲ ਜੁੜ ਸਕਣ। ਸੁਝਾਅ ਹੈ ਕਿ ਤਰਕਸ਼ੀਲ ਨਜ਼ਰੀਏ ਨੂੰ ਲੈ ਕੇ ਬਾਲ-ਇਕਾਂਗੀਆਂ ਨੂੰ ਲਗਾਤਾਰ ਪ੍ਰਕਾਸ਼ਿਤ ਕੀਤਾ ਜਾਵੇ। ਇਸ ਨਾਲ ਸਕੂਲਾਂ ਦੇ ਵਿਦਿਆਰਥੀਆਂ ਨੂੰ ਸਟੇਜਾਂ 'ਤੇ ਨਾਟਕ ਕਰਨ ਲਈ ਉਸਾਰੂ ਸਮੱਗਰੀ ਮਿਲ ਸਕੇਗੀ।

- ਕੁਲਵਿੰਦਰ ਸਿੰਘ, ਮਲੋਟ (ਮੁਕਤਸਰ)

ਤਰਕਸ਼ੀਲ ਜੁਲਾਈ-ਅਗਸਤ 13 ਪੜ੍ਹਿਆ । ਇਸ ਦਾ ਸਾਰਾ ਮਟੀਰੀਅਲ ਹੀ ਵਾਰ-ਵਾਰ ਪੜ੍ਹਨ ਅਤੇ ਸਾਂਭਣ ਯੋਗ ਹੈ । ਮੌਤ ਦੀ ਸਜ਼ਾ ਬਾਰੇ ਬੇਸ਼ੱਕ ਡੂੰਘਾਈ ਭਰਿਆ ਲੇਖ ਸੀ, ਪਰ ਬਹੁਤ ਹੀ ਕਾਬਲੇ ਗੌਰ ਸੀ ।'ਬ੍ਰਹਿਮੰਡ ਯਾਤਰਾ' ਸਬੰਧੀ ਪੜ੍ਹੇ ਲਿਖੇ ਅਨਪੜ੍ਹ ਲੋਕਾਂ ਨੂੰ ਗਿਆਨ ਹੋ ਜਾਣਾ ਚਾਹੀਦਾ ਹੈ ਕਿ ਅਸੀਂ ਸਾਧਾਂ ਸੰਤਾਂ ਦਾ ਖਹਿੜਾ ਛੱਡ ਕੇ ਬ੍ਰਹਿਮੰਡ ਨੂੰ ਜਾਣੀਏ ।'ਜਗਿਆਸਾ' ਜਾਣਕਾਰੀ ਹਾਸਲ ਕਰਨ ਤੇ ਮਨੋਰੰਜਨ ਦਾ ਵਧੀਆ ਸਾਧਨ ਹੈ । ਕੇਸ ਰਿਪੋਰਟ 'ਰਿਸ਼ਤੇ ਦਾ ਭਰਮ' ਕਈ ਵੇਰ ਪੜ੍ਹੀ ਤਾਂ ਹੀ ਸਮਝ ਆ ਸਕੀ । ਬਾਕੀ ਸਾਰੀ ਸਮੱਗਰੀ ਪੜ੍ਹਨ ਯੋਗ ਹੈ ।

- ਸਰਵਣ ਸਿੰਘ ਪਤੰਗ ਮਾਣੂੰਕੇ (ਮੋਗਾ)

ਇੱਕ ਕਾਲਮ ਬਾਰੇ ਗੱਲ ਕਰਨੀ ਚਾਹੁੰਦਾ ਹਾਂ "ਹਵਾ 'ਚ ਲਿਖੇ ਹਰਫ਼" ਬਾਰੇ । ਇਹ ਸੁਰਜੀਤ ਪਾਤਰ ਜੀ ਦੀ ਕਿਤਾਬ ਦਾ ਨਾਂਅ ਹੈ ।ਇਸ ਨਾਮ ਬਾਰੇ ਪੰਜਾਬੀ ਗ਼ਜ਼ਲ ਦੇ ਬਾਬਾ ਬੋਹੜ ਮਰਹੂਮ ਜਨਾਬ ਦੀਪਕ ਜੈਤੋਈ ਜੀ ਦਾ ਇੱਕ ਸ਼ੇਅਰ ਸਾਂਝਾ ਕਰਨਾ ਚਾਹੁੰਦਾ ਹਾਂ ਜੋ ਉਨ੍ਹਾਂ ਨੇ ਨਿਧੜਕ, ਬੇਬਾਕੀ ਅਤੇ ਤਰਕਸ਼ੀਲਤਾ ਨਾਲ ਲਿਖਿਆ ਹੈ :-

"ਪੜ੍ਹ ਕਿਹੜਾ ਹਵਾ ਵਿੱਚ ਲਿਖੇ ਜੋ ਹਰਫ਼ ਐ ਪਾਤਰ,
ਹਵਾ ਵੇਖੀ ਨਹੀਂ ਜਾ ਸਕਦੀ ਪਰ ਮਹਿਸੂਸ ਹੁੰਦੀ ਹੈ।"

ਇਸ ਕਾਲਮ ਦਾ ਨਾਂਅ ਹੀ ਗ਼ੈਰ ਵਿਗਿਆਨਕ ਹੈ ।ਠੀਕ ਹੈ ਕਿ ਮੋਬਾਇਲ ਸੰਦੇਸ਼ ਰਾਹੀਂ ਸ਼ੇਅਰ ਆਉਂਦੇ ਨੇ ।ਸੋ ਇਸ ਦਾ ਨਾਮ ਹਵਾ 'ਚੋਂ ਆਏ ਹਰਫ਼ ਹੋ ਸਕਦਾ ਹੈ ।

- ਭੁਪਿੰਦਰ ਸੰਧੂ, ਬਠਿੰਡਾ

'ਤਰਕਸ਼ੀਲ' ਸਤੰਬਰ-ਅਕਤੂਬਰ ਅੰਕ ਦੇ ਪ੍ਰਤੀਕਰਮ ਸਫ਼ੇ ਉੱਪਰ ਫਾਂਸੀ ਦੀ ਸਜ਼ਾ ਬਾਰੇ ਅਵਤਾਰ ਗੋਂਦਾਰਾ ਜੀ ਦਾ ਖ਼ਤ ਪੜ੍ਹਿਆ ।ਮੈਂ ਹੇਮ ਰਾਜ ਜੀ ਦਾ ਲੇਖ ਤਾਂ ਪੜ੍ਹਿਆ ਨਹੀਂ ਸੀ ਪਰ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਮੌਤ ਦੀ ਸਜ਼ਾ ਖ਼ਤਮ ਹੋਣੀ ਚਾਹੀਦੀ ਹੈ ।ਦੁਨੀਆਂ ਦੇ ਦੋ ਤਿਹਾਈ ਮੁਲਕਾਂ ਵਿੱਚ ਜਿਹੜੀ ਮੌਤ ਦੀ ਸਜ਼ਾ ਖ਼ਤਮ ਕੀਤੀ ਹੈ ਤੇ ਯੂ ਐਨ ਓ ਨੇ ਮਤਾ ਪਾਸ ਕੀਤਾ ਹੈ, ਉਸ ਦਾ ਇੱਕੋ ਇੱਕ ਭਾਰੀ ਤਰਕ ਇਹ ਹੈ ਕਿ ਮਨੁੱਖੀ ਸਭਿਅਤਾ ਦੇ ਅੱਜ ਦੇ ਦੌਰ ਵਿੱਚ ਇਨਸਾਨ ਨੂੰ ਜਾਨੋ ਮਾਰਨਾ ਜਾਂ ਕੋਈ ਵੀ ਜਿਸਮਾਨੀ ਚੋਟ ਪਹੁੰਚਾਉਣਾ ਨਾ ਸੋਚੇ ਜਾ ਸਕਣ ਵਾਲਾ ਗੁਨਾਹ ਹੈ । ਇੱਕ ਜਿਉਂਦੇ ਬੰਦੇ ਨੂੰ ਤਾਰੀਖ ਤੇ ਵਕਤ ਮਿਥ ਕੇ ਜਾਨੋਂ ਮਾਰ ਦੇਣਾ ਕ੍ਰਿਤਘਣਤਾ ਹੈ ।ਆਪਣੀ ਕੁਦਰਤੀ ਮੌਤ ਤੱਕ ਬਾ ਮੁਸ਼ੱਕਤ ਕੈਦ ਹੀ ਅਸਲੀ ਤੇ ਕੈਪੀਟਲ ਪਨਿਸ਼ਮੈਂਟ ਹੈ । ਫਾਂਸੀ ਵੀ ਕਤਲ ਹੈ ਤੇ ਅੱਜ ਹਰ ਕਤਲ ਗੁਨਾਹ ਹੈ ਕਾਤਿਲ ਦਾ ਕਤਲ ਵੀ। ਮਨੁੱਖਤਾ ਦੀ ਸਭ ਤੋਂ ਮੁੱਖ ਦੁਸ਼ਮਣ ਹਿੰਸਾ ਹੈ ।ਮੌਤ ਦੀ ਸਜ਼ਾ ਦਾ ਕਾਨੂੰਨ ਖ਼ਤਮ ਕਰਨ ਨਾਲ ਹਿੰਸਾ ਪ੍ਰਤੀ ਵਿਆਪਕ ਨਫ਼ਰਤ ਪੈਦਾ ਕਰਨ ਵਿੱਚ ਮੱਦਦ ਮਿਲ ਸਕਦੀ ਹੈ । ਸਭਿਅਕ ਸਮਾਜ ਵਿੱਚ ਸਿਰਫ਼ ਆਪਣੀ ਜਾਂ ਕਿਸੇ ਦੂਸਰੇ ਦੀ ਜਾਨ ਬਚਾਉਣ ਜਾਂ ਜਿਸਮਾਨੀ ਹਮਲਾ ਰੋਕਣ ਵਾਸਤੇ ਹੀ ਹਿੰਸਾ ਵਾਜਿਬ ਹੋ ਸਕਦੀ ਹੈ । ਵਿਦਿਆਰਥੀ ਨੂੰ ਮਾਰੇ ਥੱਪੜ ਤੋਂ ਲੈ ਕੇ ਪੁਲਿਸ ਦਾ ਟਾਰਚਰ, ਰੇਪ, ਕਤਲ ਤੇ ਫਾਂਸੀ ਗ਼ੈਰ ਸਭਿਅਕ ਹਨ । ਲੋਟੂ ਤੇ ਗੈਰ ਲੋਟੂ ਮੁਲਕਾਂ ਦੀ ਕੋਈ ਸ਼ਿਨਾਖਤ ਮੁਮਕਿਨ ਨਹੀਂ ।

ਤੁਸਾਂ ਆਪਣੇ ਰਸਾਲੇ ਵਿੱਚ ਸਤੰਬਰ-ਅਕਤੂਬਰ ਦੇ ਮਹਾਨ ਦਿਨਾਂ ਦਾ ਜ਼ਿਕਰ ਕੀਤਾ ਹੈ । ਚੰਗਾ ਲੱਗਾ ਪਰ ਇਸ ਵਿੱਚ ਦੋ ਅਕਤੂਬਰ, ਮਹਾਤਮਾ ਗਾਂਧੀ ਦਾ ਜਨਮ ਦਿਨ, ਛੱਡ ਗਏ ਹੋ ਜਿਸ ਦੀ ਹੁਣ ਹੋਰ ਮਹੱਤਤਾ ਹੋ ਗਈ ਹੈ ।ਆਲਮੀ ਭਾਈਚਾਰੇ ਨੇ ਇਸ ਨੂੰ ਅੰਤਰਰਾਸ਼ਟਰੀ ਹਿੰਸਾ ਵਿਰੋਧੀ ਦਿਵਸ ਦੇ ਤੌਰ 'ਤੇ ਮਨਾਉਣ ਦਾ ਸੱਦਾ ਦਿੱਤਾ ਹੋਇਆ ਹੈ ।

- ਅਭੈ ਸਿੰਘ ਮਨੀਮਾਜਰਾ, (ਚੰਡੀਗੜ੍ਹ ਯੂਟੀ.)

ਸਤੰਬਰ-ਅਕਤੂਬਰ 2013 ਅੰਕ ਦਾ ਮੁੱਖ ਪੰਨਾ ਪ੍ਰਭਾਵਸ਼ਾਲੀ ਅਤੇ ਸਮੇਂ ਦੇ ਹਾਣ ਦਾ ਸੀ। ਪਰੰਤੂ ਅੰਤਰ ਝਾਤ ਦੀ ਛਪਾਈ ਬਰੀਕ ਹੋਣ ਕਰਕੇ ਪ੍ਰਭਾਵ ਘਟਾਉਂਦੀ ਸੀ। ਇਸ ਅੰਕ ਦੀਆਂ ਬਾਕੀ ਲਿਖਤਾਂ ਭਾਵੇਂ ਕਿ ਪਾਠਕਾਂ ਦੀ ਚੇਤਨਾ ਪੱਧਰ ਮੁਤਾਬਕ ਠੀਕ ਸਨ ਪਰੰਤੂ ਮੈਨੂੰ ਸ੍ਰੀ ਹੇਮ ਰਾਜ ਸਟੈਨੋ ਦਾ ਆਰਟੀਕਲ 'ਭਗਤ ਸਿੰਘ ਦਾ ਜਨਮ ਕਿਵੇਂ ਮਨਾਈਏ' ਅਤੇ ਸੰਪਾਦਕੀ ਬਹੁਤ ਪਸੰਦ ਆਈ। ਮੈਟਰ ਅਤੇ ਤਸਵੀਰਾਂ ਦੀ ਚੋਣ ਅਤੇ ਸੈਟਿੰਗ ਕਮਾਲ ਦੀ ਹੈ। ਇਸ ਅੰਕ ਵਿੱਚ ਔਰਤ ਲੇਖਕਾਂ ਦੀ ਘਾਟ ਮਹਿਸੂਸ ਹੋਈ ਹੈ। ਜਿਸ ਵੱਲ ਵਿਸ਼ੇਸ਼ ਧਿਆਨ ਦੀ ਲੋੜ ਹੈ। ਸੁਖਦੇਵ ਅਬੋਹਰ ਦੀ ਆਜ਼ਾਦੀ ਨੇ ਵੀ ਅਸਰ ਕਬੂਲਿਆ ਹੈ। ਤਰਕਸ਼ੀਲ ਫੀਚਰਜ਼ ਨੇ ਮੈਗਜ਼ੀਨ ਨੂੰ ਨਵਾਂਪਣ ਦੇ ਕੇ ਰਸਾਲੇ ਦੀ ਵੁੱਕਤ ਨੂੰ ਹੋਰ ਵਧਾਇਆ ਹੈ। ਇਹ ਫੀਚਰਜ਼ ਜਾਰੀ ਰਹਿਣਾ ਚਾਹੀਦਾ ਹੈ। ਪ੍ਰੋ. ਸ਼ੁਭ ਪ੍ਰੇਮ ਜੀ ਦੀ ਗੈਰ ਹਾਜ਼ਰੀ ਰੜਕ ਰਹੀ ਹੈ ਅਤੇ ਉਨ੍ਹਾਂ ਦੀ ਲਿਖਤ ਦੀ ਉਡੀਕ ਰਹਿੰਦੀ ਹੈ। ਪਰੂਫ ਰੀਡਿੰਗ ਵਿੱਚ ਬਹੁਤ ਸੁਧਾਰ ਹੈ। ਤਰਕਸ਼ੀਲ ਮੈਗਜ਼ੀਨ ਤੇ ਫ਼ਖਰ ਹੈ। ਸੰਪਾਦਕੀ ਬੋਰਡ, ਲੇਖਕ ਅਤੇ ਪ੍ਰਬੰਧਕ ਪ੍ਰਸ਼ੰਸਾ ਦੇ ਹੱਕਦਾਰ ਹਨ।

ਅਜੀਤ ਪ੍ਰਦੇਸੀ ਰੋਪੜ

ਇਕਾਈ ਰੋਪੜ ਦੇ ਵਿੱਤ ਵਿਭਾਗ ਮੁਖੀ ਮਾਸਟਰ ਪ੍ਰੀਤਮ ਕੁਮਾਰ ਦੇ ਪਿਤਾ ਸ੍ਰੀ ਮਨੀ ਰਾਮ, ਤਰਕਸ਼ੀਲ ਆਗੂ ਲਾਭ ਬੱਪੀਆਣਾ ਦੇ ਦਾਦੀ ਜੀ ਦੀ ਮੌਤ ਤੇ ਅਦਾਰਾ ਦੁੱਖ ਪ੍ਰਗਟ ਕਰਦਾ ਹੋਇਆ ਹਮਦਰਦੀ ਪ੍ਰਗਟਾਉਂਦਾ ਹੈ।

ਪੇਸ਼ ਕਦਮੀਆਂ

ਉੱਤਰੀ ਅਮਰੀਕਾ ਤਰਕਸ਼ੀਲ ਸੁਸਾਇਟੀ, ਓਨਟਾਰੀਓ ਸੈਮੀਨਾਰ :ਇਸ ਸੈਮੀਨਾਰ ਦੇ ਮੁੱਖ ਬੁਲਾਰੇ ਤਰਕਸ਼ੀਲ ਆਗੂ ਬਲਵਿੰਦਰ ਬਰਨਾਲਾ ਅਤੇ ਹੰਸਾ ਸਿੰਘ ਨਾਟਕਕਾਰ ਸਨ । ਸੁਸਾਇਟੀ ਵੱਲੋਂ 10 ਨਵੰਬਰ ਨੂੰ ਕੀਤੇ ਜਾ ਰਹੇ ਤਰਕਸ਼ੀਲ ਮੇਲੇ ਨੂੰ ਸ਼ਹੀਦ ਡਾ. ਨਰੇਂਦਰ ਦਾਭੋਲਕਰ ਨੂੰ ਸਮਰਪਿਤ ਕਰਨ ਦਾ ਫੈਸਲਾ ਵੀ ਲਿਆ ਗਿਆ । ਪ੍ਰੋਗਰਾਮ ਦੇ ਸ਼ੁਰੂ ਵਿੱਚ ਡਾ. ਬਲਜਿੰਦਰ ਸੇਖੋਂ ਨੇ ਡਾ. ਦਾਭੋਲਕਰ ਦੇ ਜੀਵਨ ’ਤੇ ਝਾਤ ਪਾਉਂਦਿਆਂ ਦੱਸਿਆ ਕਿ ਕਿਵੇਂ 12 ਸਾਲ ਡਾਕਟਰੀ ਦੀ ਸੇਵਾ ਕਰਨ ਮਗਰੋਂ ਜਦ ਉਨ੍ਹਾਂ ਵੇਖਿਆ ਕਿ ਵਿਗਿਆਨਕ ਇਲਾਜ ਨੂੰ ਛੱਡ ਲੋਕ ਕਿਵੇਂ ਠੱਗ ਜਾਦੂ ਟੂਣੇ ਵਾਲਿਆਂ ਦੇ ਚੁੰਗਲ ਵਿੱਚ ਫਸ ਕੇ ਆਪਣੀ ਇਲਾਜ ਯੋਗ ਬਿਮਾਰੀ ਨੂੰ ਵੀ ਉਲਝਾ ਲੈਂਦੇ ਹਨ, ਨੇ ਆਪਣਾ ਜੀਵਨ ਲੋਕ ਲਹਿਰਾਂ ਨੂੰ ਅਰਪਿਤ ਕਰ ਕੇ ਤਨ ਮਨ ਅਤੇ ਧਨ ਲੋਕਾਂ ਨੂੰ ਅੰਧਵਿਸ਼ਵਾਸ਼ ਦੇ ਘੋਰ ਹਨੇਰ੍ਹੇ ਵਿੱਚੋਂ ਕੱਢਣ ’ਤੇ ਲਾ ਦਿੱਤਾ । ਉਨ੍ਹਾਂ ਦੇ ਕਤਲ ਕਾਰਨ, ਉਲਟਾ ਤਰਕਸ਼ੀਲ ਲਹਿਰ ਨਾਲ ਜੁੜੇ ਕਾਰਕੁੰਨਾਂ ਨੇ ਉਨ੍ਹਾਂ ਦੀ ਇਸ ਲਹਿਰ ਨੂੰ ਹੋਰ ਤੇਜ਼ ਕਰ ਦਿੱਤਾ ਹੈ । ਹੰਸਾ ਸਿੰਘ ਨਾਟਕਕਾਰ ਨੇ, ਭਾਅ ਗੁਰਸ਼ਰਨ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਭਾਅ ਜੀ ਹਰ ਕੋਈ ਨਹੀਂ ਬਣ ਸਕਦਾ । ਬਲਵਿੰਦਰ ਬਰਨਾਲਾ ਨੇ ਮਨੋਵਿਗਿਆਨ ਦੇ ਮੁਢਲੇ ਨੁਕਤਿਆਂ ਬਾਰੇ ਬੜਾ ਪ੍ਰਭਾਵਸ਼ਾਲੀ ਲੈਕਚਰ ਦਿੱਤਾ ਜਿਸ ਦੇ ਅੰਤ ’ਤੇ ਲੰਮੇ ਸਮੇਂ ਤੱਕ ਬਹਿਸ ਹੋਈ । ਮਨੋਵਿਗਿਆਨ ਨੂੰ ਵਰਤਦਿਆਂ, ਕਿਸ ਤਰ੍ਹਾਂ ਤਰਕਸ਼ੀਲ ਲਹਿਰ ਨੂੰ ਅੱਗੇ ਲਿਜਾਇਆ ਜਾ ਸਕਦਾ ਹੈ, ਬਾਰੇ ਵੀ ਉਨ੍ਹਾਂ ਵਿਸਥਾਰ ਵਿੱਚ ਆਪਣੇ ਵਿਚਾਰ ਰੱਖੇ ।

ਇਸ ਦੇ ਨਾਲ ਹੀ ਤਰਕਸ਼ੀਲ ਸੁਸਾਇਟੀ ਦਾ ਜਨਰਲ ਇਜਲਾਸ ਵੀ ਹੋਇਆ ਅਤੇ ਚੱਲ ਰਹੀ ਨਾਟਕਾਂ ਦੀ ਤਿਆਰੀ ਲਈ ਲੋੜੀਂਦੇ ਕੰਮਾਂ ਲਈ, ਸੁਸਾਇਟੀ ਦੇ ਮੈਂਬਰਾਂ ਨੇ ਬੜੇ ਉਤਸ਼ਾਹ ਨਾਲ ਆਪਣੇ ਆਪ ਵੱਖ-ਵੱਖ ਕੰਮਾਂ ਦੀ ਜਿੰਮੇਵਾਰੀ ਲਈ । ਤਰਕਸ਼ੀਲ ਸੁਸਾਇਟੀ ਬਾਰੇ ਜਾਂ ਇਸ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਬਲਰਾਜ ਸ਼ੌਕਰ (905 462 3121) ਜਾਂ ਚਰਨਜੀਤ ਬਰਾੜ (416 300 8436) ਤੋਂ ਲਈ ਜਾ ਸਕਦੀ ਹੈ । **-ਡਾ. ਬਲਜਿੰਦਰ ਸੇਖੋਂ**

ਇਕਾਈ ਰੋਪੜ : **ਤਰਕਸ਼ੀਲ ਪ੍ਰੋਗਰਾਮ** : ਸਰਕਾਰੀ ਹਾਈ ਸਕੂਲ ਭਰਤਗੜ੍ਹ, ਸ.ਹ.ਸਕੂਲ ਝਲੀਆ ਖੁਰਦ, ਸ.ਹ. ਸਕੂਲ ਗੜਬਾਗਾ ਅਤੇ ਡੀ.ਏ.ਵੀ. ਸਕੂਲ ਤਖਤਗੜ੍ਹ ਵਿਖੇ ਵਿਗਿਆਨਕ ਪ੍ਰਚਾਰ ਲਈ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤੇ ਗਏ । ਆਗੂ ਅਸ਼ੋਕ ਕੁਮਾਰ, ਪਵਨ ਕੁਮਾਰ ਰੱਤੋ ਵੱਲੋਂ ਤਰਕਸ਼ੀਲ ਵਿਚਾਰਧਾਰਾ ਬਾਰੇ ਵਿਦਿਆਰਥੀਆਂ ਨੂੰ ਵਿਸਥਾਰ ਵਿੱਚ ਦੱਸਿਆ ਗਿਆ । ਅਜੀਤ ਪ੍ਰਦੇਸੀ ਵੱਲੋਂ ਜਾਦੂ ਦੇ ਸ਼ੋਅ ਪੇਸ਼ ਕੀਤੇ ਗਏ । ਵਿਦਿਆਰਥੀਆਂ ਵੱਲੋਂ 420 ਤਰਕਸ਼ੀਲ ਮੈਗਜ਼ੀਨ ਵੀ ਖਰੀਦੇ ਗਏ ।

ਵਿਆਹ ’ਤੇ ਸੈਮੀਨਾਰ : ਸਰਗਰਮ ਮੈਂਬਰ ਦਵਿੰਦਰ ਸਰਥਲੀ ਨੇ ਆਪਣੀ ਸਪੁੱਤਰੀ ਰਮਨਪ੍ਰੀਤ ਕੌਰ ਦਾ ਵਿਆਹ ਅਮਰਜੀਤ ਸਿੰਘ ਜਲੰਧਰ ਨਾਲ ਦਾਜ-ਦਹੇਜ ਅਤੇ ਬੇਲੋੜੀਆਂ ਰਸਮਾਂ ਤੋਂ ਬਿਨਾ ਕੀਤਾ । ਵਿਆਹ ਦੀ ਖੁਸ਼ੀ ਵਿੱਚ ਸੈਮੀਨਾਰ ਕਰਵਾਇਆ ਗਿਆ । ਚੰਡੀਗੜ੍ਹ ਜ਼ੋਨ ਮੁਖੀ ਲੈਕਚਰਾਰ ਗੁਰਮੀਤ ਖਰੜ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ । ਅਜੀਤ ਪ੍ਰਦੇਸ਼ੀ ਵੱਲੋਂ ਜਾਦੂ ਦੇ ਸ਼ੋਅ ਵੀ ਪੇਸ਼ ਕੀਤੇ ਗਏ । ਜਗਸੀਰ ਜੀਦਾ ਦੇ ਲੋਕ ਪੱਖੀ ਅਤੇ ਉਸਾਰੂ ਗੀਤਾਂ ਨੇ ਲੱਚਰ ਸੱਭਿਆਚਾਰ ਦਾ ਬਦਲ ਪੇਸ਼ ਕੀਤਾ । ਸਟੇਜ ਸੰਚਾਲਨ ਅਸ਼ੋਕ ਕੁਮਾਰ ਜੀ ਨੇ ਕੀਤਾ । ਇਸ ਮੌਕੇ ਅਮਰਨਾਥ, ਪਵਨ ਚੱਕ ਕਰਮਾ, ਪਵਨ ਰੱਤੋ, ਬਲਵੀਰ, ਹਰਵਿੰਦਰ ਸੁਖਰਾਮ ਪੁਰੀ, ਹਰਨੇਕ, ਹਰਵਿੰਦਰ ਆਦਿ ਹਾਜ਼ਰ ਸਨ ।

ਸ਼ਮੂਲੀਅਤ : ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਲੋਦੀ ਮਾਜਰਾ ਵੱਲੋਂ ਕਰਵਾਏ ਗਏ ਨਸ਼ਿਆਂ ਵਿਰੁੱਧ ਨਾਟਕ ਮੇਲੇ ਵਿੱਚ ਇਕਾਈ ਨੇ ਸ਼ਮੂਲੀਅਤ ਕੀਤੀ । ਅਜੀਤ ਪ੍ਰਦੇਸ਼ੀ ਵੱਲੋਂ ਜਾਦੂ ਦੇ ਸ਼ੋਅ ਪੇਸ਼ ਕੀਤੇ ਗਏ ਅਤੇ ਮੁਖੀ ਅਸ਼ੋਕ ਕੁਮਾਰ ਨੇ ਵਿਚਾਰ ਪੇਸ਼ ਕੀਤੇ।

ਤਰਕਸ਼ੀਲ ਨਾਟਕ ਮੇਲਾ : ਸ਼ਹੀਦ ਭਗਤ ਸਿੰਘ ਦੇ 106ਵੇਂ ਜਨਮ ਦਿਨ ’ਤੇ ਗਰੀਨ ਸੇਵੀਅਰ ਕਲੱਬ ਦੀ ਸਹਾਇਤਾ ਨਾਲ ਪਾਵਰ ਕਲੋਨੀ ਰੋਪੜ ਵਿਖੇ ਤਰਕਸ਼ੀਲ ਨਾਟਕ ਮੇਲਾ ਕਰਵਾਇਆ ਗਿਆ । ਮੇਲੇ ਦੀ ਸ਼ੁਰੂਆਤ ਦਵਿੰਦਰ ਸਰਥਲੀ ਅਤੇ ਜਸਪਾਲ ਮਾਜਰੀ ਨੇ ਇਨਕਲਾਬੀ ਗੀਤਾਂ ਨਾਲ ਕੀਤੀ । ਪੀਪਲਜ ਥੀਏਟਰ ਲਹਿਰਾ ਗਾਗਾ ਦੀ ਨਾਟਕ ਟੀਮ ਵੱਲੋਂ ਸਮਾਜ ਦੀ ਕਮਜ਼ੋਰ ਮਾਨਸਿਕਤਾ ਨੂੰ ਬਿਆਨ ਕਰਦਾ ਨਾਟਕ ‘ਬਾਲ ਭਗਵਾਨ’ ਪੇਸ਼ ਕੀਤਾ ਗਿਆ । ਤਰਕਸ਼ੀਲ ਸੁਸਾਇਟੀ ਦੇ ਸੂਬਾ ਆਗੂ ਮਾ. ਰਜਿੰਦਰ ਭਦੌੜ ਨੇ ਮੁੱਖ ਬੁਲਾਰੇ ਦੇ ਤੌਰ ’ਤੇ ਸ਼ਿਰਕਤ ਕੀਤੀ । ਨਾਟਕ ਟੀਮ ਵੱਲੋਂ ਪੇਸ਼ ‘ਕਿਰਤੀ’ ਨਾਟਕ ਕਿਸਾਨਾਂ ਦੀ ਅਜੋਕੇ ਸਮੇਂ ਵਿੱਚ ਮਾੜੀ ਸਥਿਤੀ ਬਿਆਨ ਕਰਦਾ ਸੀ । ਕੁਲਵਿੰਦਰ ਮਾਹਲ ਵੱਲੋਂ ਜਾਦੂ ਦੇ ਸ਼ੋਅ ਪੇਸ਼ ਕੀਤੇ ਗਏ । ਇਸ ਮੌਕੇ ਚੰਡੀਗੜ੍ਹ ਜ਼ੋਨ ਮੁਖੀ ਲੈਕ. ਗੁਰਮੀਤ ਖਰੜ, ਜਰਨੈਲ ਕ੍ਰਾਂਤੀ ਅਤੇ ਇਕਾਈ ਰੋਪੜ ਦੀ ਸਾਰੀ ਟੀਮ ਵੱਲੋਂ ਪੜ੍ਹਾਈ ਵਿੱਚ ਅੱਵਲ ਆਉਣ ਵਾਲੇ ਵਿਦਿਆਰਥੀਆਂ ਨੂੰ ਵੀ ਸਨਮਾਨਤ ਕੀਤਾ ਗਿਆ । ਡਾ. ਹੇਮਕਿਰਨ, ਪ੍ਰਿ. ਸੁਰਜਨ ਸਿੰਘ ਨੇ ਸਮਾਜ ਵਿੱਚ ਵਧ ਰਹੇ

ਅੰਧਵਿਸ਼ਵਾਸ਼ਾਂ 'ਤੇ ਵਿਚਾਰ ਪ੍ਰਗਟਾਏ। ਸਟੇਜ ਸੰਚਾਲਨ ਮਾ. ਪ੍ਰੀਤਮ ਕੁਮਾਰ, ਅਸ਼ੋਕ ਕੁਮਾਰ ਨੇ ਕੀਤਾ । ਤਰਕਸ਼ੀਲ ਸਾਹਿਤ ਦੀ ਸਟਾਲ ਅਜੀਤ ਪ੍ਰਦੇਸ਼ੀ, ਪਵਨ ਰੱਤੋ ਵੱਲੋਂ ਲਗਾਈ ਗਈ । ਇਸ ਮੌਕੇ ਅਮਰਨਾਥ, ਪਵਨ ਚੱਕ ਕਰਮਾ, ਮਾ. ਗਾਂਧੀ, ਹਰਨੇਕ, ਬਲਵੀਰ, ਹਰਵਿੰਦਰ ਸੁਖਰਾਮਪੁਰੀ, ਇਕਬਾਲ, ਹਰਵਿੰਦਰ ਫਿਰੋਜਪੁਰੀ, ਸੋਮਨਾਥ ਆਦਿ ਹਾਜ਼ਰ ਸਨ । **-ਗਿਆਨ ਚੰਦ**

ਇਕਾਈ ਅੰਮ੍ਰਿਤਸਰ : **ਡਾ. ਦਾਭੋਲਕਰ ਦੇ ਕਤਲ ਵਿਰੁੱਧ ਅੰਮ੍ਰਿਤਸਰ ਵਿਖੇ ਸਮੂਹ ਜਥੇਬੰਦੀਆਂ ਵੱਲੋਂ ਰੋਸ ਮਾਰਚ :** ਇਕਾਈ ਵੱਲੋਂ ਅੰਧ ਸ਼ਰਧਾ ਨਿਰਮੂਲਨ ਸਮਿਤੀ ਦੇ ਸੰਸਥਾਪਕ ਉੱਘੇ ਤਰਕਸ਼ੀਲ ਆਗੂ ਡਾ. ਨਰੇਂਦਰ ਦਾਭੋਲਕਰ ਦੀ ਸਾਜਿਸ਼ੀ ਹੱਤਿਆ ਵਿਰੁੱਧ ਵੱਖ-ਵੱਖ ਇਕਾਈਆਂ ਅਤੇ ਕਿਸਾਨ, ਮਜਦੂਰ, ਮੁਲਾਜਮ, ਲੇਖਕਾਂ, ਰੰਗ ਕਰਮੀਆਂ, ਵਿਦਿਆਰਥੀਆਂ, ਅਧਿਆਪਕਾਂ ਅਤੇ ਜਮਹੂਰੀ ਹੱਕਾਂ ਦੀ ਰਾਖੀ ਨਾਲ ਸਬੰਧਿਤ ਇਨਸਾਫ ਪਸੰਦ ਜਥੇਬੰਦੀਆਂ ਦੇ ਸਹਿਯੋਗ ਨਾਲ ਵਿਰਸਾ ਵਿਹਾਰ ਤੋਂ ਜਲ੍ਹਿਆਂ ਵਾਲਾ ਬਾਗ ਤੱਕ 4 ਸਤੰਬਰ ਨੂੰ ਇੱਕ ਰੋਸ ਮਾਰਚ ਕੀਤਾ ਗਿਆ । ਇਸ ਮੌਕੇ ਸੰਬੋਧਨ ਕਰਦਿਆਂ ਡਾ. ਪਰਮਿੰਦਰ ਸਿੰਘ, ਸੁਮੀਤ ਸਿੰਘ ਅਤੇ ਅਮਰਜੀਤ ਬਾਈ ਨੇ ਕਿਹਾ ਕਿ ਧਾਰਮਿਕ ਆਸਥਾ ਦੀ ਆੜ ਹੇਠ ਫਿਰਕੂ ਰਾਜਨੀਤੀ ਕਰਨ ਵਾਲੇ ਕੁੱਝ ਸਿਆਸੀ ਅਤੇ ਫਿਰਕੂ ਸੰਗਠਨਾਂ ਵੱਲੋਂ ਅੰਧ ਵਿਸ਼ਵਾਸ਼ ਫੈਲਾਉਣ ਵਾਲੇ ਪਾਖੰਡੀ ਬਾਬਿਆਂ, ਤਾਂਤਰਿਕਾਂ, ਸਾਧਾਂ ਅਤੇ ਡੇਰਾਵਾਦੀਆਂ ਦੀ ਸਿਆਸੀ ਪੁਸਤਪਨਾਹੀ ਕੀਤੀ ਜਾ ਰਹੀ ਹੈ ਅਤੇ ਅਜਿਹੇ ਪਾਖੰਡੀਆਂ ਦੀਆਂ ਗ਼ੈਰ ਕਾਨੂੰਨੀ ਗਤੀਵਿਧੀਆਂ ਦਾ ਵਿਗਿਆਨਕ ਦ੍ਰਿਸ਼ਟੀ ਕੋਣ ਦੇ ਪ੍ਰਚਾਰ ਪ੍ਰਸਾਰ ਰਾਹੀਂ ਵਿਰੋਧ ਕਰਨ ਵਾਲੇ ਤਰਕਸ਼ੀਲ ਤੇ ਸਮਾਜਕ ਕਾਰਕੁੰਨਾਂ ਉੱਤੇ ਜਾਨਲੇਵਾ ਹਮਲੇ ਕੀਤੇ ਜਾ ਰਹੇ ਹਨ ਪਰ ਹਾਕਮ ਜਮਾਤਾਂ ਵੱਲੋਂ ਇੱਕ ਸਾਜਿਸ਼ੀ ਮਿਲੀ ਭੁਗਤ ਤਹਿਤ ਇੰਨ੍ਹਾਂ ਫਿਰਕੂ ਅਨਸਰਾਂ ਖਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਇਸ ਮੌਕੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਰਾਹੀਂ ਰਾਸ਼ਟਰਪਤੀ ਨੂੰ ਭੇਜੇ ਮੰਗ ਪੱਤਰ ਵਿੱਚ ਇਹ ਮੰਗ ਕੀਤੀ ਗਈ ਕਿ ਡਾ. ਦਾਭੋਲਕਰ ਦੇ ਕਤਲ ਦੀ ਉੱਚ ਪੱਧਰੀ ਜਾਂਚ ਕਰਵਾ ਕੇ ਕਾਤਲਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ ਅਤੇ ਇਸ ਕਤਲ ਲਈ ਜਿੰਮੇਵਾਰ ਫਿਰਕੂ ਸੰਗਠਨਾਂ ਦੇ ਆਗੂਆਂ ਨੂੰ ਵੀ ਗ੍ਰਿਫਤਾਰ ਕੀਤਾ ਜਾਵੇ । ਇਹ ਵੀ ਮੰਗ ਕੀਤੀ ਗਈ ਕਿ ਕੇਂਦਰ ਸਰਕਾਰ ਵੱਲੋਂ ਅੰਧ ਵਿਸ਼ਵਾਸ਼ ਵਿਰੋਧੀ ਕਾਨੂੰਨ ਬਣਾ ਕੇ ਸਮੁੱਚੇ ਦੇਸ਼ ਵਿੱਚ ਲਾਗੂ ਕੀਤਾ ਜਾਵੇ। ਇਸ ਰੋਸ ਮਾਰਚ ਵਿੱਚ ਵੱਖ-ਵੱਖ ਜਥੇਬੰਦੀਆਂ ਦੇ ਸਿਰ ਕੱਢ ਆਗੂ ਬਲਵੰਤ ਸਿੰਘ ਝੰਗੀ, ਕਰਨਰਾਜ ਸਿੰਘ, ਕੁਲਜੀਤ ਵੇਰਕਾ, ਜਰਮਨਜੀਤ ਬਾਠ, ਅਜੀਤ ਸਿੰਘ, ਕਾਮਰੇਡ ਲਖਬੀਰ ਨਿਜਾਮਪੁਰਾ, ਸਮਸ਼ੇਰ ਸਿੰਘ ਕੋਹਰੀ, ਗੁਰਬਚਨ ਚੱਬਾ, ਰਾਜਿੰਦਰ ਮਝੈਲ, ਮੇਜਰ ਸਿੰਘ, ਮੁਖਵਿੰਦਰ ਚੋਹਲਾ, ਸੰਦੀਪ ਸਿੰਘ, ਮੁਖਤਿਆਰ ਸਿੰਘ, ਜਗਦੀਸ਼ ਸਚਦੇਵਾ, ਜਗਤਾਰ ਗਿੱਲ, ਨਾਟਕਕਾਰ ਜਸਪਾਲ ਸੇਠੀ, ਪ੍ਰੋ. ਮੋਹਨ ਸਿੰਘ, ਗੁਰਦੇਵ ਮਹਿਲਾਂਵਾਲਾ, ਦੀਪ ਦੇਵਿੰਦਰ ਸਿੰਘ, ਡਾ. ਕਸ਼ਮੀਰ ਸਿੰਘ, ਰਾਜ ਬਲਬੀਰ ਸਿੰਘ, ਕਾਬਲ ਸਿੰਘ ਛੀਨਾ, ਡਾ. ਇੰਦਰਜੀਤ ਮਹਿਲਾਂਵਾਲਾ, ਜਸਪਾਲ ਬਾਸਰਕਾ, ਸੁਖਬੀਰ ਸਿੰਘ, ਸਤਨਾਮ ਜੰਡਿਆਲਾ, ਸੁੱਚਾ ਸਿੰਘ ਗੁਰਦਾਸਪੁਰ, ਮਾਸਟਰ ਅਵਤਾਰ ਸਿੰਘ ਵੇਰਕਾ, ਜੋਗਿੰਦਰ ਸਿੰਘ, ਰਾਜਵੰਤ ਸਿੰਘ, ਸੁਖਮੀਤ ਸਿੰਘ, ਪੀ.ਸੀ. ਭੱਟੀ, ਜਸਵੰਤ ਜਸ਼ ਅਤੇ ਜਸਬੀਰ ਪੱਟੀ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ । **ਸੁਮੀਤ ਸਿੰਘ**

ਲੁਧਿਆਣਾ ਜ਼ੋਨ : **ਪੀ.ਏ.ਯੂ. ਕਿਸਾਨ ਮੇਲੇ ਉੱਪਰ ਲਗਾਈ ਪ੍ਰਦਰਸ਼ਨੀ :** ਲੋਕਾਂ ਨੂੰ ਅੰਧ ਵਿਸ਼ਵਾਸਾਂ ਤੋਂ ਮੁਕਤ ਕਰਨ ਲਈ ਇਸ ਮੇਲੇ ਮੌਕੇ 13-14 ਸਤੰਬਰ ਨੂੰ ਜ਼ੋਨ ਜਥੇਬੰਦਕ ਮੁਖੀ ਦਲਵੀਰ ਕਟਾਣੀ ਦੀ ਅਗਵਾਈ ਹੇਠ ਦੋ ਰੋਜਾ ਪ੍ਰਦਰਸ਼ਨੀ ਲਗਾਈ ਗਈ । ਇਸ ਮੌਕੇ ਸੁਸਾਇਟੀ ਵੱਲੋਂ ਵਿਗਿਆਨਕ ਕਿਤਾਬਾਂ ਅਤੇ ਜਾਦੂ ਦੇ ਸ਼ੋਅ ਵੀ ਦਿਖਾਏ ਗਏ । ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚੋਂ ਪਹੁੰਚੇ ਕਿਸਾਨਾਂ ਨੇ ਜਿੱਥੇ ਰਵਾਇਤੀ ਫਸਲਾਂ ਬਾਰੇ ਵਿਗਿਆਨਕ ਜਾਣਕਾਰੀ ਪ੍ਰਾਪਤ ਕੀਤੀ, ਉੱਥੇ ਉਹਨਾਂ ਨੇ ਤਰਕਸ਼ੀਲ ਸਾਹਿਤ ਨੂੰ ਵੱਡੀ ਪੱਧਰ 'ਤੇ ਪਸੰਦ ਕਰਦਿਆਂ ਲਗਭਗ ਤੀਹ ਹਜ਼ਾਰ ਰੁਪਏ ਦੀਆਂ ਕਿਤਾਬਾਂ ਅਤੇ 100 ਦੇ ਕਰੀਬ ਤਰਕਸ਼ੀਲ ਮੈਗਜ਼ੀਨ ਦੇ ਚੰਦੇ ਵੀ ਕਟਵਾਏ । ਇਸ ਵਾਰ ਕਿਸਾਨਾਂ ਦਾ ਸਭ ਤੋਂ ਪਸੰਦੀਦਾ ਲਿਖਾਰੀ ਸ਼ਹੀਦ ਭਗਤ ਸਿੰਘ ਰਿਹਾ ਜਿਸ ਬਾਰੇ ਜਾਨਣ ਦੀ ਅਤੇ ਉਸ ਦੇ ਪੋਸਟਰ ਖ਼੍ਰੀਦਣ ਲਈ ਲੋਕਾਂ ਵਿੱਚ ਖਾਸ ਖਿੱਚ ਵੇਖਣ ਨੂੰ ਮਿਲੀ । ਇਸ ਮੌਕੇ ਮੋਹਣਜੀਤ ਥਰੀਕੇ, ਜਸਵੰਤ ਜੀਰਖ, ਆਤਮਾ ਸਿੰਘ ਅਤੇ ਰਜਿੰਦਰ ਜੰਡਿਆਲੀ ਵੱਲੋਂ ਜਾਦੂ ਸਬੰਧੀ ਪਾਏ ਜਾਂਦੇ ਭਰਮ ਭੁਲੇਖਿਆਂ ਨੂੰ ਦੂਰ ਕਰਨ ਲਈ ਜਾਦੂ ਦੇ ਟਰਿਕ ਪੇਸ਼ ਕੀਤੇ ਗਏ । ਇਸ ਮੌਕੇ ਪ੍ਰਿੰਸੀਪਲ ਹਰਭਜਨ ਸਿੰਘ, ਸੁਖਦੇਵ ਸਿੰਘ, ਸੁਖਵਿੰਦਰ ਲੀਲ੍ਹ, ਕਰਨੈਲ ਸਿੰਘ, ਹਰਚੰਦ ਸਿੰਘ, ਡਾ. ਮਜੀਦ ਨੇ ਲੋਕਾਂ ਵੱਲੋਂ ਪੁੱਛੇ ਗਏ ਵੱਖ-ਵੱਖ ਸੁਆਲਾਂ ਦੇ ਜਵਾਬ ਦਿੱਤੇ ਅਤੇ ਲੋਕਾਂ ਨੂੰ ਰੂੜੀਵਾਦੀ ਵਿਚਾਰਧਾਰਾ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। **-ਸੁਖਵਿੰਦਰ ਲੀਲ੍ਹ**

ਇਕਾਈ ਜੈਤੋ : **ਨੁੱਕੜ ਨਾਟਕਾਂ ਦਾ ਕਾਫਲਾ ਤਿੰਨ ਪਿੰਡਾਂ ਵਿੱਚ:** ਨੇੜਲੇ ਪਿੰਡ ਝੱਖੜਵਾਲਾ, ਸਾਹੋ ਕੇ ਅਤੇ ਬੁਰਜ ਹਰੀ ਕਾ ਵਿਖੇ 2 ਦਿਨਾ 'ਚ ਉਸਾਰੂ ਨਾਟਕ 'ਕਾਫਲੇ' ਅਤੇ '15 ਅਗਸਤ' ਕਰਵਾਏ ਗਏ ਜੋ ਕਿ ਸਮਾਜ ਵਿੱਚ ਫੈਲੇ ਅੰਧ ਵਿਸ਼ਵਾਸਾਂ ਅਤੇ ਸਮਾਜ ਵਿੱਚ

ਫੈਲੀ ਨਾ-ਬਰਾਬਰੀ ਵਰਗੀਆਂ ਬੁਰਾਈਆਂ ’ਤੇ ਕਰਾਰੀ ਚੋਟ ਕਰਦੇ ਸਨ । ਇਹ ਨਾਟਕ ਹੈਪੀ ਭਗਤਾਂ ਦੀ ਨਾਟਕ ਟੀਮ ਆਵਾਮ ਰੰਗ ਮੰਚ ਪੰਜਾਬ ਵੱਲੋਂ ਪੇਸ਼ ਕੀਤੇ ਗਏ । ਨਸ਼ਿਆਂ ’ਤੇ ਵਿਅੰਗ ਕਰਦੀਆਂ ਕਵੀਸ਼ਰੀਆਂ ਵੀ ਪੇਸ਼ ਕੀਤੀਆਂ ਗਈਆਂ। ਇਸ ਸਮੇਂ ਸੇਵਾ ਭਗਤੂਆਣਾ, ਰਵਿੰਦਰ ਰਾਹੀ, ਭੁਪਿੰਦਰ ਦੁੱਗਲ, ਸੁਖਵਿੰਦਰ ਬੜ੍ਹੀ, ਰਾਜੇਸ਼ ਪੱਪੀ, ਸੰਤ ਵਾਂਦਰ, ਗੁਰਦੀਪ ਜੈਤੋ ਆਦਿ ਹਾਜ਼ਰ ਸਨ ।

ਬੇਟੀ ਦੇ ਜਨਮ ਦਿਨ ’ਤੇ ਕਰਵਾਏ ਅਗਾਂਹ ਵਧੂ ਨਾਟਕ : ਵਿੱਤ ਸਕੱਤਰ ਅਵਤਾਰ ਅਰਸ਼ ਨੇ ਆਪਣੀ ਬੇਟੀ ਦਾ ਜਨਮ ਦਿਨ ਸਰਕਾਰੀ ਹਾਈ ਸਕੂਲ ਵਾਂਦਰ ਵਿਖੇ ਉਸਾਰੂ ਨਾਟਕ ਕਰਵਾਕੇ ਅਤੇ ਪੜ੍ਹਾਈ, ਖੇਡਾਂ ਅਤੇ ਹੋਰ ਗਤੀਵਿਧੀਆਂ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਤਰਕਸ਼ੀਲ ਸਾਹਿਤ ਵੰਡ ਕੇ ਮਨਾਇਆ । ਇਸ ਸਮੇਂ ਹੈਪੀ ਭਗਤਾ ਦੀ ਨਾਟਕ ਟੀਮ ਵੱਲੋਂ ‘ਕਾਫਲੇ’ ਨਾਟਕ, ਸਮਾਜਿਕ ਬੁਰਾਈਆਂ ਵਿਰੁੱਧ ਕਵੀਸ਼ਰੀ ਅਤੇ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ ਅਤੇ ਜਸ਼ਕਰਨ ਲੰਡੇ ਵੱਲੋਂ ਵਿਦਿਆਰਥੀਆਂ ਨੂੰ ਵਿਗਿਆਨਕ ਜਾਣਕਾਰੀ ਪ੍ਰਦਾਨ ਕੀਤੀ ਗਈ । ਇਸ ਸਮੇਂ ਬੋਲਦਿਆਂ ਸਕੂਲ ਦੇ ਮੁੱਖ ਅਧਿਆਪਕ ਰਾਜ ਕਰਨ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਵੀ ਆਪਣੇ ਬੱਚਿਆਂ ਦੇ ਜਨਮ ਦਿਨ ਇਸ ਤਰ੍ਹਾਂ ਮਨਾਉਣੇ ਚਾਹੀਦੇ ਹਨ । ਇਸ ਸਮੇਂ ਰਵਿੰਦਰ ਰਾਹੀ, ਭੁਪਿੰਦਰ ਦੁੱਗਲ, ਸੁਖਵਿੰਦਰ ਬੜ੍ਹੀ, ਰਾਜੇਸ਼ ਪੱਪੀ, ਸੰਤ ਵਾਂਦਰ, ਗੁਰਦੀਪ ਜੈਤੋ, ਸੇਵਾ ਭਗਤੂਆਣਾ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ ।

ਇਕਾਈ ਭੀਖੀ : **ਅੰਧਵਿਸ਼ਵਾਸਾਂ ਖਿਲਾਫ ਸੈਮੀਨਾਰ:** ਪਿੰਡ ਅਤਲਾ ਖੁਰਦ ਵਿਖੇ ਅੰਧ ਵਿਸ਼ਵਾਸ ਅਤੇ ਵਹਿਮਾਂ-ਭਰਮਾਂ ਪ੍ਰਤੀ ਲੋਕਾਂ ਵਿੱਚ ਜਾਗਰੂਕਤਾ ਲਿਆਉਣ ਲਈ ਇੱਕ ਸੈਮੀਨਾਰ ਕਰਵਾਇਆ ਗਿਆ । ਇਸ ਮੌਕੇ ਸੁਸਾਇਟੀ ਦੇ ਆਗੂ ਭੂਰਾ ਸਿੰਘ ਮਹਿਮਾ ਸਰਜਾ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ । ਇਸ ਮੌਕੇ ਮਾਨਸਾ ਜ਼ਿਲ੍ਹੇ ’ਚੋਂ ਮੈਟ੍ਰਿਕ ਵਿੱਚ ਪਹਿਲਾ ਸਥਾਨ ਹਾਸਲ ਕਰਨ ਵਾਲੀ ਹਰਪ੍ਰੀਤ ਕੌਰ, ਤੀਹ ਹਜ਼ਾਰ ਤੱਕ ਜੁਬਾਨੀ ਪਹਾੜੇ, ਜੋੜ, ਘਟਾਓ ਕਰਨ ਵਾਲੇ ਨਿਰਮਲ ਸਿੰਘ ਅਤੇ ਡੇਢ ਸੌ ਫੁੱਟ ਰੱਸਾ ਕੁੱਝ ਹੀ ਮਿੰਟਾਂ ’ਚ ਚੜ੍ਹ-ਉੱਤਰ ਕੇ ਲਿਮਕਾ ਬੁੱਕ ਵਿੱਚ ਨਾਂ ਦਰਜ਼ ਕਰਵਾਉਣ ਵਾਲੀ ਨੀਤਿਕਾ ਰਾਣੀ ਨੂੰ ਸਨਮਾਨਤ ਕੀਤਾ ਗਿਆ । ਅੰਤ ਇਕਾਈ ਮੁਖੀ ਭੁਪਿੰਦਰ ਫੌਜੀ ਨੇ ਸਭ ਦਾ ਧੰਨਵਾਦ ਕੀਤਾ । ਇਸ ਮੌਕੇ ਸਰਪੰਚ ਬਲਜੀਤ ਸਿੰਘ, ਹਰਜਿੰਦਰ ਸਿੰਘ, ਬਲਕਾਰ ਸਿੰਘ, ਕੁਲਵਿੰਦਰ ਸਿੰਘ, ਹਰਦੀਪ ਸਿੰਘ, ਅਮਰਜੀਤ ਸਿੰਘ, ਮੱਖਣ ਬੱਤਰਾ, ਭਰਪੂਰ ਸਿੰਘ, ਜਸਪਾਲ ਸਿੰਘ ਅਤੇ ਰਾਮ ਸਿੰਘ ਅਕਲੀਆ ਹਾਜ਼ਰ ਸਨ ।

ਇਕਾਈ ਸਰਾਂ ਟਾਂਡਾ : **ਵਾਤਾਵਰਨ ਦਿਵਸ ਮੌਕੇ ਜਾਗਰੂਕਤਾ ਕੈਂਪ :** ਇਕਾਈ ਵੱਲੋਂ ਖੇਤੀਬਾੜੀ ਅਫ਼ਸਰ ਡਾ. ਪਰਮਜੀਤ ਸਿੰਘ ਢੱਟ ਅਤੇ ਗ੍ਰਾਮ ਪੰਚਾਇਤ ਢੱਟ ਦੇ ਸਹਿਯੋਗ ਨਾਲ ਇਹ ਸੈਮੀਨਾਰ ਕਰਵਾਇਆ ਗਿਆ । ਇਸ ਵਿੱਚ ਤਰਕਸ਼ੀਲ ਆਗੂ ਰਾਮ ਲੁਭਾਇਆ ਨੇ ਲੋਕਾਂ ਨੂੰ ਵਾਤਾਵਰਨ ਦੀ ਸੰਭਾਲ ਬਾਰੇ ਜਾਣਕਾਰੀ ਦਿੱਤੀ । ਡਾ. ਪਰਮਜੀਤ ਸਿੰਘ ਢੱਟ ਨੇ ਰੁੱਖਾਂ ਦੀ ਸਾਂਭ-ਸੰਭਾਲ ਅਤੇ ਫਲਦਾਰ ਰੁੱਖਾਂ ਦੀ ਮਹੱਤਤਾ ਬਾਰੇ ਦੱਸਿਆ । ਇਸ ਮੌਕੇ ’ਤੇ ਵਿੱਤ ਸਕੱਤਰ ਗੁਰਮੁਖ ਸਿੰਘ, ਹਰਭਜਨ ਸਿੰਘ, ਡਾ. ਬਲਵੀਰ ਸਿੰਘ, ਡਾ. ਰਜਿੰਦਰ ਸਿੰਘ, ਡਾ. ਮਦਨ ਲਾਲ ਅਤੇ ਗ੍ਰਾਮ ਪੰਚਾਇਤ ਢੱਟ ਦੇ ਸਰਪੰਚ ਸੱਤਪਾਲ ਸਿੰਘ ਅਤੇ ਪੰਚਾਇਤ ਦੇ ਮੈਂਬਰ ਅਤੇ ਲੋਕਾਂ ਦਾ ਭਾਰੀ ਇਕੱਠ ਮੌਜੂਦ ਸੀ । ਇਸ ਮੌਕੇ ’ਤੇ ਤਰਕਸ਼ੀਲਾਂ ਨੇ ਪਿੰਡ ਦੀਆਂ ਸਾਂਝੀਆਂ ਥਾਵਾਂ ’ਤੇ ਦਰੱਖਤ ਵੀ ਲਗਵਾਏ ।

ਇਕਾਈ ਤਲਵੰਡੀ ਸਾਬੋ : **ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਪ੍ਰੋਗਰਾਮ:** ਸਰਕਾਰੀ ਹਾਈ ਸਕੂਲ ਚਹਿਲਾਂ ਵਾਲੀ ਵਿਖੇ ਮੁੱਖ ਅਧਿਆਪਕ ਸੁਖਰਾਜ ਸਿੰਘ ਸੰਦੋਹਾਂ ਅਤੇ ਬਾਕੀ ਸਟਾਫ ਦੇ ਸਹਿਯੋਗ ਸਦਕਾ ਇਕਾਈ ਵੱਲੋਂ ਮਿਤੀ 27 ਸਤੰਬਰ ਨੂੰ ਸਕੂਲ ਵਿੱਚ ਪਹੁੰਚ ਕੇ ਭਗਤ ਸਿੰਘ ਦੀ ਵਿਚਾਰਧਾਰਾ ਬਾਰੇ ਵਕੀਲ ਅਵਤਾਰ ਸਿੰਘ ਨੇ ਚਾਨਣਾ ਪਾਇਆ । ਦਰਸ਼ਨ ਬਾਈ ਨੇ ਸੁਸਾਇਟੀ ਦੇ ਕੰਮਾਂ ਬਾਰੇ ਦੱਸਿਆ ਅਤੇ ਮੈਜਿਕ ਟਰਿੱਕ ਵਿਖਾਏ । ਬਲਦੇਵ ਗਿੱਲ ਨੇ ਭੂਤਾਂ ਪ੍ਰੇਤਾਂ ਅਤੇ ਸੁਸਾਇਟੀ ਵੱਲੋਂ ਹੱਲ ਕੀਤੇ ਕੇਸਾਂ ਬਾਰੇ ਜਾਣਕਾਰੀ ਦਿੱਤੀ । ਹਰਜਿੰਦਰ ਪੱਪੀ ਨੇ ਅੱਖਾਂ ’ਤੇ ਪੱਟੀ ਬੰਨ੍ਹ ਕੇ ਮੋਟਰਸਾਇਕਲ ਚਲਾਇਆ ਅਤੇ ਜੀਭ ’ਤੇ ਅੱਗ ਬਾਲ ਕੇ ਬੱਚਿਆਂ ਅਤੇ ਸਕੂਲ ਸਟਾਫ ਦਾ ਸਾਂਹ ਰੋਕ ਦਿੱਤਾ । ਜਗਦੀਪ ਗਿੱਲ ਨੇ ਸਟੇਜ ਸੰਚਾਲਣ ਕੀਤਾ । ਸਕੂਲੀ ਬੱਚਿਆਂ ਨੇ ਭਗਤ ਸਿੰਘ ਸਬੰਧੀ ਕਵੀਸਰੀ ਗਾਈ ਅਤੇ ਸਕਿੱਟਾਂ ਖੇਡੀਆਂ । ਸਕੂਲ ਸਟਾਫ ਵੱਲੋਂ ਕੀਤਾ ਗਿਆ ਪ੍ਰਬੰਧ ਕਾਫੀ ਸ਼ਲਾਘਾਯੋਗ ਸੀ । ਅੰਤ ਵਿੱਚ ਮੁੱਖ ਅਧਿਆਪਕ ਸੁਖਰਾਜ ਸੰਦੋਹਾਂ ਨੇ ਪਹੁੰਚੇ ਹੋਏ ਸੁਸਾਇਟੀ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਤੋਂ ਅਗਲੇ ਦਿਨ 28 ਸਤੰਬਰ ਨੂੰ 25 ਪਿੰਡਾਂ ਦੇ ਕਲੱਬਾਂ ਦੇ ਸਹਿਯੋਗ ਨਾਲ ਇਕਾਈ ਤਲਵੰਡੀ ਸਾਬੋ ਅਤੇ ਭਾਗੀਬਾਂਦਰ ਨੇ ਭਗਤ ਸਿੰਘ ਦੇ ਨਾਹਰੇ ਸਮੇਤ ਫੋਟੋ ਵਾਲੇ ਬੈਨਰ ਹੱਥਾਂ ਵਿੱਚ ਫੜ ਕੇ ਬਾਬਾ ਛੱਲ ਸਿੰਘ ਪਾਰਕ ਵਿੱਚੋਂ ਚਾਲੇ ਪਾ ਕੇ ਮੇਨ ਬਾਜ਼ਾਰ ਤਲਵੰਡੀ ਸਾਬੋ ਵਿੱਚੋਂ ਦੀ ਲੰਘਦੇ ਹੋਏ ਕਾਫਲਾ ਕੱਢਿਆ । ਇਸ ਮੌਕੇ ਸੁਖਮੰਦਰ ਭਾਗੀਬਾਂਦਰ, ਸੁਖਦੇਵ ਸਿੰਘ ਪ੍ਰਧਾਨ ਸ਼ਹਾਰਾ ਕਲੱਬ, ਮੇਜਰ ਸਿੰਘ ਪ੍ਰਧਾਨ 25 ਕਲੱਬਾਂ ਦੇ

ਅਤੇ ਵਕੀਲ ਅਵਤਾਰ ਸਿੰਘ ਨੇ ਭਗਤ ਸਿੰਘ ਦੇ ਜੀਵਨ ਬਾਰੇ ਸੰਬੋਧਨ ਕੀਤਾ ਅਤੇ ਭਗਤ ਸਿੰਘ ਦੇ ਪੂਰਨਿਆਂ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ 25 ਪਿੰਡਾਂ ਦੇ ਕਲੱਬ ਮੈਂਬਰ ਸਹਿਬਾਨਾਂ ਤੋਂ ਇਲਾਵਾ ਇਕਾਈ ਤਲਵੰਡੀ ਸਾਬੋ, ਇਕਾਈ ਭਾਗੀਬਾਂਦਰ ਦੇ ਲਗਭਗ ਸਾਰੇ ਮੈਂਬਰ ਹਾਜ਼ਰ ਸਨ।

- ਦਰਸ਼ਨ ਬਾਈ ਜੀ, ਤਲਵੰਡੀ ਸਾਬੋ

ਇਕਾਈ ਖਰੜ : **ਡਾ. ਦਬੋਲਕਰ ਦੇ ਕਾਤਲਾਂ ਦੀ ਗ੍ਰਿਫਤਾਰੀ ਲਈ ਖਰੜ ਵਿਖੇ ਰੋਸ ਮਾਰਚ** : 24 ਅਗਸਤ ਨੂੰ ਡਾ. ਦਬੋਲਕਰ ਦੇ ਕਾਤਲਾਂ ਨੂੰ ਗ੍ਰਿਫਤਾਰ ਕਰ ਕੇ ਸਖ਼ਤ ਸਜ਼ਾ ਦੇਣ ਦੀ ਮੰਗ ਨੂੰ ਲੈ ਕੇ ਖਰੜ ਸ਼ਹਿਰ ਵਿੱਚ ਵਿਸ਼ਾਲ ਰੋਸ ਮਾਰਚ ਕੀਤਾ ਗਿਆ। ਇਸ ਰੋਸ ਮਾਰਚ ਵਿੱਚ ਤਰਕਸ਼ੀਲ ਮੈਂਬਰਾਂ ਤੋਂ ਇਲਾਵਾ ਇਲਾਕੇ ਦੀਆਂ ਤਰਕਸ਼ੀਲ ਸੋਚ ਪੱਖੀ ਭਾਈਵਾਲ ਜਥੇਬੰਦੀਆਂ ਅਤੇ ਬਹੁਤ ਸਾਰੇ ਹਮਦਰਦ ਭਰਾਵਾਂ ਨੇ ਹਿੱਸਾ ਲਿਆ। ਡਾ. ਦਬੋਲਕਰ ਦੇ ਕਤਲ ਦੇ ਖਿਲਾਫ਼ ਆਯੋਜਤ ਰੋਸ ਮਾਰਚਾਂ 22 ਅਗਸਤ ਨੂੰ ਚੰਡੀਗੜ੍ਹ, 23 ਅਗਸਤ ਨੂੰ ਰੋਪੜ, 3 ਸਤੰਬਰ ਨੂੰ ਜਲੰਧਰ ਵਿਖੇ ਇਕਾਈ ਖਰੜ ਨੇ ਸਮੂਲੀਅਤ ਕੀਤੀ।

ਸਕੂਲੀ ਬੱਚਿਆਂ ਨੂੰ ਇਨਾਮ ਵੰਡੇ: "ਤਰਕਸ਼ੀਲ" ਮੈਗਜ਼ੀਨ ਦੇ "ਦਸ-ਸਵਾਲ" ਕਾਲਮ ਦੀਆਂ ਜੇਤੂ ਗੌਰਮਿੰਟ ਮਾਡਲ ਸੀ:ਸੈਕ:ਸ: ਖਰੜ ਦੀਆਂ ਬਾਰ੍ਹਵੀਂ ਜਮਾਤ ਦੀਆਂ ਵਿਦਿਆਰਥਣਾਂ ਗੁਰਲੀਨ ਕੌਰ ਅਤੇ ਨੀਕਿਤਾ ਨੂੰ ਸਕੂਲ ਵਿੱਚ ਵਿਸ਼ੇਸ਼ ਸਮਾਗਮ ਕਰ ਕੇ ਸਕੂਲ ਪ੍ਰਿੰਸੀਪਲ ਭੁਪਿੰਦਰ ਸਿੰਘ ਅਤੇ ਹੋਰ ਸਟਾਫ ਮੈਂਬਰਾਂ ਦੀ ਹਾਜ਼ਰੀ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਚੰਡੀਗੜ੍ਹ ਜ਼ੋਨ ਦੇ ਮੁਖੀ ਲੈਕਚਰਾਰ ਗੁਰਮੀਤ ਖਰੜ, ਇਕਾਈ ਖਰੜ ਤੋਂ ਕਰਮਜੀਤ ਸਕਰੁਲਾਂਪੁਰੀ, ਬਿਕਰਮਜੀਤ ਸੋਨੀ, ਜਸਪਾਲ ਬਡਾਲਾ ਅਤੇ ਕੁਲਵਿੰਦਰ ਨਗਾਰੀ ਵੱਲੋਂ ਇਨਾਮ ਅਤੇ ਪ੍ਰਸ਼ੰਸਾ-ਪੱਤਰ ਦਿੱਤੇ ਗਏ। ਇਸ ਮੌਕੇ ਤਰਕਸ਼ੀਲ ਆਗੂਆਂ ਨੇ ਸੁਸਾਇਟੀ ਦੀ ਹੋਂਦ, ਮਿਸ਼ਨ, ਕੰਮ ਕਰਨ ਦੇ ਢੰਗ ਤਰੀਕਿਆਂ ਬਾਰੇ ਜਾਣਕਾਰੀ ਦਿੰਦਿਆਂ ਬੱਚਿਆਂ ਨੂੰ ਜੋਤਸ਼ੀਆਂ, ਤਾਂਤਰਿਕਾਂ ਆਦਿ ਦੀਆਂ ਭੁਲੇਖਾ-ਪਾਊ ਲੂੰਬੜ ਚਾਲਾਂ ਤੋਂ ਦੂਰ ਰਹਿਣ ਦੀ ਪ੍ਰੇਰਨਾ ਵੀ ਦਿੱਤੀ।

- ਕੁਲਵਿੰਦਰ ਨਗਾਰੀ

ਇਕਾਈ ਲੌਂਗੋਵਾਲ : 1. ਪਿੰਡ ਚੀਮਾਂ ਵਿਖੇ 15 ਸਤੰਬਰ ਨੂੰ ਡਾ. ਬੀ ਅਲੈਕਸਈ ਦੀ ਕਿਤਾਬ "ਪੈਪਸੂ ਦੀ ਮੁਜਾਰਾ ਲਹਿਰ ਸੰਘਰਸ਼ ਤੇ ਇਤਿਹਾਸ" 'ਤੇ ਗੋਸ਼ਟੀ ਮੌਕੇ ਕਿਤਾਬਾਂ ਦੀ ਸਟਾਲ ਲਗਾਈ ਗਈ ਅਤੇ ਸਾਹਿਤ ਵੇਚਿਆ ਗਿਆ। ਇਕਾਈ ਮੁਖੀ ਮੁਖੀ ਜੁਝਾਰ ਲੌਂਗੋਵਾਲ, ਵਿੱਤ ਵਿਭਾਗ ਮੁਖੀ ਕਮਲਜੀਤ ਵਿੱਕੀ ਤੇ ਸੂਬਾ ਆਗੂ ਬਲਬੀਰ ਲੌਂਗੋਵਾਲ ਹਾਜ਼ਰ ਸਨ।

2. ਸ਼ਹੀਦ ਭਗਤ ਸਿੰਘ ਵਿਚਾਰ ਮੰਚ, ਸਲਾਈਟ ਵੱਲੋਂ ਮਿਤੀ 4 ਅਕਤੂਬਰ ਨੂੰ ਸੰਤ ਲੌਂਗੋਵਾਲ ਇੰਸਟੀਚਿਊਟ ਵਿਖੇ ਇਕਾਈ ਲੌਂਗੋਵਾਲ ਦੇ ਸਹਿਯੋਗ ਨਾਲ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ ਸਭਿਆਚਾਰਕ ਤੇ ਨਾਟਕ ਮੇਲਾ ਇੰਸਟੀਚਿਊਟ ਕੈਂਪਸ ਵਿੱਚ ਕਰਵਾਇਆ ਗਿਆ ਜਿਸ ਵਿੱਚ ਅਵਾਮ ਰੰਗ ਮੰਚ ਲੌਂਗੋਵਾਲ ਵੱਲੋਂ "ਦਹਿਕਦੇ ਅੰਗਿਆਰੇ" ਅਤੇ 'ਧੀ ਦੀ ਪੁਕਾਰ' ਤੋਂ ਇਲਾਵਾ ਸਲਾਈਟ ਦੇ ਵਿਦਿਆਰਥੀਆਂ ਵੱਲੋਂ 'ਬੁੱਤ ਜਾਗ ਪਿਆ' ਨਾਟਕ ਦਾ ਮੰਚਨ ਕੀਤਾ ਗਿਆ। ਸੂਬਾ ਆਗੂ ਅਤੇ ਤਰਕਸ਼ੀਲ ਮੈਗਜ਼ੀਨ ਦੇ ਮੁੱਖ ਸੰਪਾਦਕ ਬਲਬੀਰ ਲੌਂਗੋਵਾਲ ਅਤੇ ਸੰਸਥਾ ਦੇ ਡਾਇਰੈਕਟਰ ਸੁਨੀਲ ਪਾਂਡੇ ਤੋਂ ਇਲਾਵਾ ਇੰਜ: ਜੁਝਾਰ ਲੌਂਗੋਵਾਲ, ਪ੍ਰੋ. ਮਨੋਜ ਗੋਇਲ ਨੇ ਸੰਬੋਧਨ ਕੀਤਾ। ਖੁਸਵਿੰਦਰ ਸਿੰਘ ਦੀ ਦੇਖ-ਰੇਖ ਤੇ ਯਤਨਾਂ ਨਾਲ ਹੋਏ ਇਸ ਪ੍ਰੋਗਰਾਮ ਵਿੱਚ ਤਕਰੀਬਨ ਭਗਤ ਸਿੰਘ ਨਾਲ ਸਬੰਧਤ 8000 ਰੁਪਏ ਦਾ ਸਾਹਿਤ ਮੁਫ਼ਤ ਵੰਡਿਆ ਗਿਆ। ਸਟੇਜ ਸਕੱਤਰ ਦੀ ਭੂਮਿਕਾ ਸਿਵਾਨੀ, ਵਰਿੰਦਰਪਾਲ ਸਿੰਘ, ਹਰਮਨਜੋਤ ਕੌਰ ਤੇ ਲਵੀਨਾ ਵੱਲੋਂ ਸਾਂਝੇ ਰੂਪ ਵਿੱਚ ਨਿਭਾਈ ਗਈ। ਇਸ ਮੌਕੇ ਗਗਨਦੀਪ ਸਿੰਘ, ਪ੍ਰੋ. ਮੇਜਰ ਸਿੰਘ, ਆਰ.ਕੇ. ਯਾਦਵ, ਪ੍ਰੋ. ਕੁਲਵੰਤ ਸਿੰਘ, ਮੈਡਮ ਸੁਨੀਤਾ ਕੰਬੋਜ਼, ਰਾਜੇਸ਼ ਕੰਬੋਜ਼, ਅਮਰਜੀਤ ਸਿੰਘ ਧਾਲੀਵਾਲ, ਡਾ. ਏ.ਪੀ. ਸਿੰਘ ਡੀਨ, ਰਜਿਸਟਰਾਰ ਏ.ਐਸ. ਧਾਲੀਵਾਲ, ਸੁਖਦੇਵ ਸਿੰਘ, ਡਾ. ਅਜੈ ਸਿੰਘ, ਡਾ. ਜੇ.ਐਸ. ਊਬੀ ਆਦਿ ਹਾਜ਼ਰ ਸਨ।

3. ਬਰਨਾਲਾ ਅਤੇ ਲੌਂਗੋਵਾਲ ਇਕਾਈ ਦੇ ਸਾਂਝੇ ਯਤਨਾਂ ਸਦਕਾ ਪਿੰਡ ਢੱਡਰੀਆਂ ਵਿਖੇ ਨਵਾਬ ਕਪੂਰ ਸਿੰਘ ਕਲੱਬ ਵੱਲੋਂ ਕਰਵਾਏ ਗਏ ਭਗਤ ਸਿੰਘ ਦੇ ਜਨਮ ਦਿਨ 'ਤੇ ਨਾਟਕ ਅਤੇ ਤਰਕਸ਼ੀਲ ਮੇਲੇ ਵਿੱਚ ਕਿਤਾਬਾਂ ਦੀ ਸਟਾਲ ਲਗਾ ਕੇ ਸਾਹਿਤ ਵੇਚਿਆ ਗਿਆ। ਹਰਵਿੰਦਰ ਦੀਵਾਨਾਂ ਦੀ ਨਾਟਕ ਟੀਮ ਵੱਲੋਂ "ਮੈਂ ਫਿਰ ਆਵਾਂਗਾ" ਅਤੇ "ਝੱਲੀ ਕਿੱਥੇ ਜਾਵੇ" ਨਾਟਕਾਂ ਦੀ ਪੇਸ਼ਕਾਰੀ ਕੀਤੀ ਗਈ। ਸੂਬਾ ਆਗੂ ਬਲਬੀਰ ਲੌਂਗੋਵਾਲ ਅਤੇ ਰਜਿੰਦਰ ਭਦੌੜ ਵੱਲੋਂ ਸੰਬੋਧਨ ਕੀਤਾ ਗਿਆ। ਇਕਾਈ ਮੁਖੀ ਜੁਝਾਰ ਲੌਂਗੋਵਾਲ ਵੱਲੋਂ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ ਗਈ। ਇਸ ਮੌਕੇ ਬਰਨਾਲਾ ਇਕਾਈ ਦੇ ਮੁਖੀ ਸਤਵੰਤ ਬਰਨਾਲਾ, ਕਮਲਜੀਤ ਵਿੱਕੀ, ਤੇਜਾ ਰੂੜਕੇ ਆਦਿ ਹਾਜ਼ਰ ਸਨ।

4. ਸ਼ਹੀਦ ਭਗਤ ਸਿੰਘ ਜਾਗ੍ਰਤੀ ਮੰਚ ਬੁਢਲਾਡਾ ਵੱਲੋਂ ਸ਼ਹੀਦ ਦੇ ਜਨਮ ਦਿਨ 'ਤੇ ਸਕੂਲੀ ਬੱਚਿਆਂ ਦੇ ਮੁਕਾਬਲੇ ਅਤੇ ਸਭਿਆਚਾਰਕ ਗਤੀਵਿਧੀਆਂ ਕਰਵਾਈਆਂ ਗਈਆਂ। ਇਕਾਈ ਜਥੇਬੰਦਕ ਮੁਖੀ ਜੁਝਾਰ ਲੌਂਗੋਵਾਲ ਨੇ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਦੀ ਲੋੜ ਨੂੰ ਲੋਕਾਂ ਨਾਲ ਸਾਂਝਾ ਕੀਤਾ। -

ਇੰਜ. ਜੁਝਾਰ ਲੌਂਗੋਵਾਲ, ਗਗਨਦੀਪ ਸਿੰਘ

ਇਕਾਈ ਕੁਲਰੀਆਂ : **ਸ਼ਹੀਦ-ਏ-ਆਜ਼ਮ ਸ਼ਹੀਦ ਭਗਤ ਸਿੰਘ ਦੇ 106ਵੇਂ ਜਨਮ ਵਰ੍ਹੇ ਅਤੇ ਗ਼ਦਰ ਲਹਿਰ ਦੇ ਸਤਾਬਦੀ ਵਰ੍ਹੇ ਨੂੰ ਸਮਰਪਿਤ ਤਰਕਸ਼ੀਲ ਮੇਲਾ** : ਪਿੰਡ ਮੰਡੇਰ ਵਿਖੇ ਸੰਤ ਬਾਬਾ ਰਾਮ ਸਿੰਘ ਸਮਾਜ ਭਲਾਈ ਕਲੱਬ ਪਿੰਡ ਮੰਡੇਰ, ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਇਕਾਈ ਕੁਲਰੀਆਂ ਅਤੇ ਇਨਕਲਾਬੀ ਕੇਂਦਰ ਪੰਜਾਬ, ਇਲਾਕਾ ਬਰੇਟਾ ਵੱਲੋਂ ਤਰਕਸ਼ੀਲ ਮੇਲਾ ਕਰਵਾਇਆ ਗਿਆ ਜਿਸ ਵਿੱਚ ਲੋਕ ਕਲਾ ਮੰਚ ਜੀਰਾ ਦੀ ਟੀਮ ਨੇ 'ਬੁੱਤ ਜਾਗ ਪਿਆ' ਤੇ 'ਆਮ ਆਦਮੀ ਖਾਸ ਆਦਮੀ' ਨਾਟਕ ਅਤੇ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ। ਲੋਕ ਪੱਖੀ ਕਲਾਕਾਰ ਅਜਮੇਰ ਅਕਲੀਆ ਨੇ ਇਨਕਲਾਬੀ ਗੀਤ ਪੇਸ਼ ਕੀਤੇ। ਇਨਕਲਾਬੀ ਕੇਂਦਰ ਪੰਜਾਬ ਦੇ ਸੂਬਾ ਪ੍ਰਧਾਨ ਨਰਾਇਣ ਦੱਤ ਨੇ ਭਗਤ ਸਿੰਘ ਦੀ ਵਿਚਾਰਧਾਰਾ ਬਾਰੇ ਵਿਸਥਾਰ ਪੂਰਵਕ ਦੱਸਿਆ। ਤਰਕਸ਼ੀਲ ਸੁਸਾਇਟੀ ਪੰਜਾਬ ਦੇ ਕਾਨੂੰਨ ਵਿਭਾਗ ਦੇ ਸੂਬਾ ਆਗੂ ਹਰਿੰਦਰ ਲਾਲੀ ਨੇ ਸੁਸਾਇਟੀ ਦੇ ਕੰਮ ਕਾਜ ਬਾਰੇ ਆਪਣੇ ਵਿਚਾਰ ਦੱਸੇ। ਸਟੇਜ ਸਕੱਤਰ ਦੀ ਕਾਰਵਾਈ ਭੀਮ ਮੰਡੇਰ ਨੇ ਚਲਾਈ। ਤਰਕਸ਼ੀਲ ਆਗੂ ਦਰਸ਼ਨ ਆਜਾਦ, ਕਾਲਾ ਟੇਲਰ, ਲਾਭ ਬੱਪੀਆਣਾ, ਵਧਾਵਾ ਸਿੰਘ, ਕ੍ਰਿਸ਼ਨ ਸਿੰਘ, ਜਸਵੀਰ ਰੰਗੜਿਆਲ, ਰਾਜੂ ਮੰਡੇਰ ਆਦਿ ਹਾਜ਼ਰ ਸਨ। ਕਲੱਬ ਦੇ ਆਗੂ ਜਸਵਿੰਦਰ (ਸੰਭੂ) ਨੇ ਸਟੇਜ ਤੋਂ ਆਪਣੇ ਵਿਚਾਰ ਰੱਖੇ ਅਤੇ ਸਭ ਦਾ ਧੰਨਵਾਦ ਕੀਤਾ।

- ਅਮਨ ਕੁਲਰੀਆਂ

ਇਕਾਈ ਬਠਿੰਡਾ : **ਜੋਤਿਸ਼ ਗ਼ੈਰ ਵਿਗਿਆਨਕ ਕਿਵੇ? ਵਿਸ਼ੇ 'ਤੇ ਸੈਮੀਨਾਰ** : ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ 106ਵੇਂ ਜਨਮ ਦਿਨ ਨੂੰ ਸਮਰਪਿਤ ਤਰਕਸ਼ੀਲ ਸੈਮੀਨਾਰ ਪਿੰਡ ਸਰਦਾਰਗੜ੍ਹ (ਬਠਿੰਡਾ) ਵਿਖੇ ਇਕਾਈ ਬਠਿੰਡਾ ਵੱਲੋਂ ਕੀਤਾ ਗਿਆ ਜਿਸ ਨੂੰ ਤਰਕਸ਼ੀਲ ਵਿਦਵਾਨ ਸੁਰਜੀਤ ਸਿੰਘ ਦੌਧਰ ਨੇ ਸੰਬੋਧਨ ਕਰਦਿਆਂ ਸਿੱਧ ਕੀਤਾ ਕਿ ਜੋਤਿਸ਼ ਗ਼ੈਰ ਵਿਗਿਆਨਕ ਅਤੇ ਫਰਾਡ ਹੈ। ਸੈਮੀਨਾਰ ਦੇ ਪ੍ਰਬੰਧਕ ਸ਼ਹੀਦ ਭਗਤ ਸਿੰਘ ਸਭਿਆਚਾਰਕ ਮੰਚ, ਸਰਦਾਰਗੜ੍ਹ ਵੱਲੋਂ ਖ਼ੂਨਦਾਨ ਕੈਂਪ ਵੀ ਲਾਇਆ ਗਿਆ ਜਿਸ ਵਿੱਚ 30 ਯੂਨਿਟ ਖ਼ੂਨਦਾਨ ਸਰਕਾਰੀ ਹਸਪਤਾਲ ਬਠਿੰਡਾ ਨੂੰ ਦਿੱਤਾ ਗਿਆ। ਸੈਮੀਨਾਰ ਦੌਰਾਨ ਤਰਕਸ਼ੀਲ ਸਾਹਿਤ ਦੀ ਸਟਾਲ ਮਾ. ਗਿਆਨ ਸਿੰਘ, ਸੁਰਜੀਵਨ ਕੁਮਾਰ ਅਤੇ ਬਿਕਰਮਜੀਤ ਹੁਰਾਂ ਨੇ ਲਾਈ। ਸਟਾਲ ਤੋਂ ਲੋਕਾਂ ਨੇ 3000/-ਰੁਪਏ ਦਾ ਸਾਹਿਤ ਖਰੀਦਿਆ। ਇਸ ਮੌਕੇ ਤਰਕਸ਼ੀਲ ਆਗੂ ਮਾ. ਜੋਗਿੰਦਰ ਸਿੰਘ ਸਰਦਾਰਗੜ੍ਹ ਨੇ ਵੀ ਸੰਬੋਧਨ ਕੀਤਾ। ਸੈਮੀਨਾਰ ਦਾ ਸਟੇਜ ਸੰਚਾਲਨ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਬਠਿੰਡਾ ਦੇ ਜਥੇਬੰਦਕ ਮੁਖੀ ਰਾਮ ਸਿੰਘ ਨਿਰਮਾਣ ਵੱਲੋਂ ਕੀਤਾ ਗਿਆ।

ਸ਼ਹੀਦ ਦੇ ਜਨਮ ਦਿਨ ਨੂੰ ਸਮਰਪਿਤ ਸਤਿਕਾਰ ਮਾਰਚ: ਸ਼ਹੀਦ ਭਗਤ ਸਿੰਘ ਯੁਵਕ ਭਲਾਈ ਕਲੱਬ, ਚੁੱਘੇ ਕਲਾਂ (ਬਠਿੰਡਾ) ਵੱਲੋਂ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ ਤਰਕਸ਼ੀਲ ਪਬਲਿਕ ਲਾਇਬ੍ਰੇਰੀ ਤੋਂ ਸ਼ੁਰੂ ਕਰ ਕੇ ਪਿੰਡ ਦੀਆਂ ਮੁੱਖ ਗਲੀਆਂ ਵਿੱਚ ਸਤਿਕਾਰ ਮਾਰਚ ਕੀਤਾ ਗਿਆ। ਇਸ ਮਾਰਚ ਨੂੰ ਰਵਾਨਾ ਕਰਦਿਆਂ ਕਲੱਬ ਦੇ ਪ੍ਰਧਾਨ ਮਾ. ਸੁਖਜਿੰਦਰ ਕੁਮਾਰ ਨੇ ਨੌਜਵਾਨਾਂ ਨੂੰ ਸ਼ਹੀਦਾਂ ਦੀ ਸੋਚ 'ਤੇ ਪਹਿਰਾ ਦੇਣ ਦੀ ਅਪੀਲ ਕੀਤੀ। ਮਾਰਚ ਦੀ ਸਮਾਪਤੀ ਮੌਕੇ ਤਰਕਸ਼ੀਲ ਆਗੂ ਅਤੇ ਕਲੱਬ ਦੇ ਪ੍ਰੈੱਸ ਸਕੱਤਰ ਰਾਮ ਸਿੰਘ ਨਿਰਮਾਣ ਨੇ ਕਲੱਬ ਦੇ ਮੈਂਬਰਾਂ ਅਤੇ ਮਾਰਚ ਵਿੱਚ ਸ਼ਾਮਲ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ।

ਇਕਾਈ ਗੁਰੂਹਰਸਹਾਏ: ਤਰਕਸ਼ੀਲ ਪ੍ਰੋਗਰਾਮ: ਜ਼ੋਨ ਪ੍ਰਧਾਨ ਪ੍ਰਵੀਨ ਜੰਡਵਾਲਾ ਦੀ ਪਹਿਲ ਕਦਮੀਂ ਤੇ ਸਰਕਾਰੀ ਹਾਈ ਸਕੂਲ ਸੋਹਣਗੜ੍ਹ ਵਿਖੇ ਤਰਕਸ਼ੀਲ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਚੰਡੀਗੜ੍ਹ ਸਕੂਲ ਆਫ਼ ਡਰਾਮਾ ਦੇ ਕਲਾਕਾਰਾਂ ਨੇ ਇਕੱਤਰ ਸਿੰਘ ਦੀ ਨਿਰਦੇਸ਼ਨਾ ਹੇਠ 'ਪੰਡਤ ਬਲਾਕੀ ਰਾਮ' ਤੇ 'ਇਹ ਲਹੂ ਕਿਸ ਦਾ' ਹੈ, ਨਾਟਕ ਖੇਡੇ। ਪ੍ਰਵੀਨ ਜੰਡਵਾਲਾ ਨੇ ਜਾਦੂ ਦੀਆਂ ਦਿਲਚਸਪ ਖੇਡਾਂ ਵਿਖਾ ਕੇ ਇਸ ਦੇ ਭੇਦ ਸਮਝਾਏ। ਰਾਮ ਸਵਰਨ ਲੱਖੇਵਾਲੀ ਨੇ ਆਪਣੇ ਸੰਬੋਧਨ ਦੌਰਾਨ ਹਾਜ਼ਰੀਨ ਨੂੰ ਤਰਕਸ਼ੀਲਤਾ ਨਾਲ ਜੁੜਨ ਲਈ ਪ੍ਰੇਰਿਆ। ਸਕੂਲ ਦੇ ਹੈੱਡ ਮਾਸਟਰ ਸ਼੍ਰੀ ਰਾਧਾ ਕ੍ਰਿਸ਼ਨ, ਮਾਸਟਰ ਦਿਨੇਸ਼ ਕੁਮਾਰ ਤੇ ਮੈਡਮ ਪੁਸ਼ਪਿੰਦਰ ਕੌਰ ਨੇ ਪ੍ਰੋਗਰਾਮ ਦੀ ਸਫ਼ਲਤਾ ਲਈ ਭਰਵਾਂ ਸਹਿਯੋਗ ਦਿੱਤਾ।

-ਲਖਵਿੰਦਰ ਸ਼ਰੀਂਹਵਾਲਾ

ਇਕਾਈ ਮੁਕਤਸਰ-ਲੱਖੇਵਾਲੀ: ਤਰਕਸ਼ੀਲ ਮੇਲਾ: ਇਸ ਇਕਾਈ ਵੱਲੋਂ ਚਰਨਜੀਤ ਸਿੰਘ ਜਟਾਣਾ ਦੀ ਪਹਿਲ ਕਦਮੀਂ ਤੇ ਪਿੰਡ ਪੰਨੀਵਾਲਾ ਫੱਤਾ ਵਿਖੇ ਤਰਕਸ਼ੀਲ ਨਾਟਕ ਮੇਲਾ ਕਰਵਾਇਆ ਗਿਆ, ਜਿਸ ਵਿੱਚ ਨਾਟਕ, ਕੋਰੀਓਗ੍ਰਾਫੀਆਂ ਤੇ ਜਾਦੂ ਦਾ ਸ਼ੋਅ ਪੇਸ਼ ਕੀਤਾ ਗਿਆ। ਚੰਡੀਗੜ੍ਹ ਸਕੂਲ ਆਫ਼ ਡਰਾਮਾ ਦੀ ਨਾਟਕ ਟੀਮ ਨੇ ਤਰਕਸ਼ੀਲ ਨਾਟਕ ਖੇਡੇ ਤੇ ਸੁਖਦੇਵ ਮਲੂਕਪੁਰਾ ਨੇ ਜਾਦੂ ਦੀਆਂ ਖੇਡਾਂ ਨਾਲ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਤਰਕਸ਼ੀਲਤਾ ਬਾਰੇ ਰਾਮ ਸਵਰਨ ਲੱਖੇਵਾਲੀ ਨੇ ਪੰਡਾਲ 'ਚ ਜੁੜੇ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਇਕਾਈ ਵੱਲੋਂ ਦੀਪਕ ਸੋਨੀ ਨੇ ਤਰਕਸ਼ੀਲ ਪੁਸਤਕਾਂ ਦੀ ਸਟਾਲ ਵੀ ਲਗਾਈ ਗਈ।

ਬੂਟਾ ਸਿੰਘ ਵਾਕਫ਼



ਪਿਛਲੇ ਦਿਨੀਂ ਮੁਜ਼ੱਫਰਨਗਰ ਦੇ ਫਿਰਕੂ ਦੰਗਿਆ 'ਚ ਹੋਏ ਮਨੁੱਖਤਾ ਦੇ ਘਾਣ ਦੇ ਦ੍ਰਿਸ਼



ਡਾ. ਨਰੇਂਦਰ ਦਾਭੋਲਕਰ ਦੀ ਹੱਕ 'ਚ ਅੰਮ੍ਰਿਤਸਰ ਇਕਾਈ ਵੱਲੋਂ ਕੀਤੇ ਗਏ ਰੋਸ ਮਾਰਚ ਦਾ ਦ੍ਰਿਸ਼



ਨੈਸ਼ਨਲ ਕਾਊਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਕਮਿਊਨੀਕੇਸ਼ਨ ਅਤੇ ਕਰਨਾਟਕਾ ਰਾਜ ਵਿਗਿਆਨ ਪ੍ਰੀਸ਼ਦ ਵੱਲੋਂ ਬੰਗਲੌਰ ਵਿਖੇ ਚਮਤਕਾਰਾਂ ਦੇ ਪਰਦਾਫਾਸ਼ ਸਬੰਧੀ ਲਗਾਈ ਪੰਜ ਰੋਜ਼ਾ ਵਰਕਸ਼ਾਪ ਵਿੱਚ ਸ਼ਾਮਲ ਪੰਜਾਬ ਦੇ ਤਰਕਸ਼ੀਲ ਆਗੂ-ਪਰਮ ਵੇਦ ਸੰਗਰੂਰ, ਰਾਮ ਕੁਮਾਰ ਪਟਿਆਲਾ, ਸਤਨਾਮ ਚੰਡੀਗੜ੍ਹ, ਨੀਰਜ ਰਾਣੀ ਚੰਡੀਗੜ੍ਹ

ਜਿਲਦ ਨੰ. 10 ਰਜਿ ਨੰ: **PUNPUN/2002/5393** ਅੰਕ : 6

ਡਾ. ਨਰੇਂਦਰ ਦਾਭੋਲਕਰ ਦੇ ਕਾਤਲਾਂ ਨੂੰ ਸਜ਼ਾਵਾਂ ਦਿਵਾਉਣ ਲਈ ਜਲੰਧਰ ਵਿਖੇ ਕੀਤੀ ਗਈ ਰੋਸ ਰੈਲੀ ਤੇ ਮਾਰਚ ਦੇ ਦ੍ਰਿਸ਼





ਡਾ. ਨਰੇਂਦਰ ਦਾਭੋਲਕਰ ਨੂੰ ਸਮਰਪਿਤ 'ਤਰਕਸ਼ੀਲ' ਦਾ ਅੰਕ ਰਿਲੀਜ਼ ਕਰਦੇ ਹੋਏ ਆਗੂ





ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਦੀ ਛਿਮਾਹੀ ਇਕੱਤਰਤਾ 'ਚ ਸੰਬੋਧਨ ਕਰਦੇ ਹੋਏ ਡਾ. ਪਰਮਿੰਦਰ ਅਤੇ ਮਤਿਆਂ ਨੂੰ ਪ੍ਰਵਾਨਗੀ ਦਿੰਦੇ ਡੈਲੀਗੇਟ





If undelivered please return to :

Tarksheel

Tarksheel Bhawan, Tarksheel Chowk,
Sanghera Bye Pass, BARNALA-148101
Post Box No. 55

Ph. 01679-241466, Cell. 98769 53561
Web : www.tarksheel.org
e-mail : tarkshiloffice@gmail.com

BOOK POST
(Printed Matter)

To ....

....

....